ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 6 | Issue 37 | 20 September to 26 September 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਹਵਾਈ ਫ਼ੌਜ ਦੇ ਇਕਲੌਤੇ ਮਾਰਸ਼ਲ ਅਰਜਨ ਸਿੰਘ ਨੇ ਲਈ ਦੁਨੀਆ ਤੋਂ ਆਖ਼ਰੀ ਸਲਾਮੀ

### *ਜੰਗੀ ਨਾਇਕ ਨੂੰ ਫ਼ੌਜੀ ਸਨਮਾਨਾਂ ਨਾਲ ਦਿੱਤੀ ਅੰਤਿਮ ਵਿਦਾਇਗੀ*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਜੰਗੀ ਨਾਇਕ ਮਾਰਸ਼ਲ ਅਰਜਨ ਸਿੰਘ, ਜਿਨ੍ਹਾਂ ਨੇ 1965 ਭਾਰਤ-ਪਾਕਿਸਤਾਨ ਜੰਗ ਦੌਰਾਨ ਭਾਰਤੀ ਹਵਾਈ ਫ਼ੌਜ ਦੀ ਅਗਵਾਈ ਕੀਤੀ ਸੀ, ਇਸ ਦੁਨੀਆ ਤੋਂ ਹਮੇਸ਼ਾ ਲਈ ਰੁਖ਼ਸਤ ਹੋ ਗਏ ਹਨ। 98 ਸਾਲਾ ਮਾਰਸ਼ਲ ਅਰਜਨ ਸਿੰਘ ਭਾਰਤੀ ਹਵਾਈ ਫ਼ੌਜ ਦੇ



ਇਕਲੌਤੇ ਅਫ਼ਸਰ ਸਨ, ਜਿਨ੍ਹਾਂ ਨੂੰ 5-ਸਟਾਰ ਰੈਂਕ ਤਕ ਤਰੱਕੀ ਮਿਲੀ ਸੀ। ਇਹ ਥਲ ਸੈਨਾ ਦੇ ਫੀਲਡ ਮਾਰਸ਼ਲ ਦੇ ਬਰਾਬਰ ਹੈ। ਦਿਲ ਦਾ ਦੌਰਾ ਪੈਣ ਬਾਅਦ ਉਨ੍ਹਾਂ ਨੂੰ ਫ਼ੌਜ ਦੇ ਰੀਸਰਚ ਐਂਡ ਰੈਫਰਲ ਹਸਪਤਾਲ ਵਿਚ ਦਾਖ਼ਲ ਕਰਾਇਆ ਗਿਆ ਸੀ, ਜਿੱਥੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਮਾਰਸ਼ਲ ਅਰਜਨ ਸਿੰਘ ਨੂੰ ਫ਼ੌਜੀ ਸਨਮਾਨਾਂ ਤੇ ਹੰਝੂ ਭਰੀਆਂ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਮਰਹੂਮ ਮਾਰਸ਼ਲ ਨੂੰ ਲੜਾਕੂ ਜੈੱਟਜ਼ ਨਾਲ 'ਫਲਾਈ ਪਾਸਟ' ਤੇ 17 ਤੋਪਾਂ ਨਾਲ ਆਖ਼ਰੀ ਸਲਾਮ ਕੀਤਾ ਗਿਆ। ਦਿੱਲੀ ਛਾਉਣੀ ਇਲਾਕੇ ਦੇ ਬਰਾੜ ਸਕੁਏਅਰ ਸਥਿਤ ਸ਼ਮਸ਼ਾਨਘਾਟ ਵਿੱਚ ਕੀਤੇ ਅੰਤਿਮ ਸੰਸਕਾਰ ਮੌਕੇ ਸੀਨੀਅਰ ਸਿਆਸੀ ਆਗੂਆਂ ਤੋਂ ਇਲਾਵਾ ਭਾਰਤੀ ਫ਼ੌਜ ਦੇ ਸਿਖਰਲੇ ਅਧਿਕਾਰੀ ਮੌਜੂਦ ਸਨ। ਅਰਜਨ ਸਿੰਘ ਦੀ ਚਿਖਾ ਨੂੰ ਅੱਗ ਉਨ੍ਹਾਂ ਦੇ ਪੁੱਤ ਅਰਵਿੰਦ ਸਿੰਘ, ਜੋ ਐਰੀਜ਼ੋਨਾ (ਅਮਰੀਕਾ) ਰਹਿੰਦੇ ਹਨ, ਨੇ ਵਿਖਾਈ। ਇਸ ਤੋਂ ਪਹਿਲਾਂ 98 ਸਾਲਾਂ ਦੇ ਅਰਜਨ ਸਿੰਘ ਦੇ ਸਸਕਾਰ ਮੌਕੇ ਗੁਰਬਾਣੀ ਦਾ ਪਾਠ ਕੀਤਾ ਗਿਆ। ਭਾਰਤੀ ਹਵਾਈ ਫ਼ੌਜ ਦੇ ਸੁਖੋਈ ਐਸਯੂ-30

ਬਾਕੀ ਸਫ਼ਾ 29 'ਤੇ

## *ਗੁਰਦਾਸਪੁਰ ਜ਼ਿਮਨੀ ਚੋਣ*

# ਚੋਣ ਮਦਾਰੀਆਂ ਨੇ ਫੇਰ ਵਜਾਈ ਡੁਗਡੁਗੀ

### ਵੋਟਰਾਂ ਨੂੰ ਵਾਅਦਿਆਂ-ਦਾਅਵਿਆਂ, ਲਾਲਚ ਦਾ ਪਾਇਆ ਦਾਣਾ

### *ਕੈਪਟਨ ਨੇ ਗੁਰਦਾਸਪੁਰ-ਬਟਾਲਾ ਦੀਆਂ ਖੰਡ ਮਿਲਾਂ ਨੂੰ ਦਿੱਤੀ ਪੂਰੀ ਅਦਾਇਗੀ, ਸੂਬੇ ਦੇ ਬਾਕੀ 10 ਹਜ਼ਾਰ ਕਿਸਾਨਾਂ ਨੂੰ ਠੇਂਗਾ*

- ਸੱਤਾਧਾਰੀ ਕਾਂਗਰਸ ਵਲੋਂ ਸੁਨੀਲ ਜਾਖੜ ਉਮੀਦਵਾਰ
- ਵਿਰੋਧੀ ਧਿਰ 'ਆਪ' ਵਲੋਂ ਸੁਰੇਸ਼ ਖਜੂਰੀਆ ਮੈਦਾਨ 'ਚ
- ਅਕਾਲੀ-ਭਾਜਪਾ ਉਮੀਦਵਾਰ ਐਲਾਨਣ 'ਚ ਫਾਡੀ
- 11 ਅਕਤੂਬਰ ਨੂੰ ਹੋਵੇਗੀ ਚੋਣ, 15 ਨੂੰ ਨਤੀਜੇ




**ਚੰਡੀਗੜ੍ਹ/ਬਿਊਰੋ ਨਿਊਜ਼ :**
ਅਦਾਕਾਰ ਤੋਂ ਸਿਆਸਤਦਾਨ ਬਣੇ ਵਿਨੋਦ ਖੰਨਾ ਦੇ ਦੇਹਾਂਤ ਕਾਰਨ ਖਾਲੀ ਹੋਈ ਗੁਰਦਾਸਪੁਰ ਦੀ ਲੋਕ ਸਭਾ ਸੀਟ ਤੇ ਹੁਣ 11 ਅਕਤੂਬਰ ਨੂੰ ਇਸ ਹਲਕੇ ਲਈ ਵੋਟਾਂ ਪੈਣ ਜਾ ਰਹੀਆਂ ਹਨ। ਇਸ ਦਾ ਨਤੀਜਾ 15 ਅਕਤੂਬਰ ਨੂੰ ਆਵੇਗਾ। ਭਾਵੇਂ ਮਹਿਜ਼ ਇਕ ਸੀਟ ਲਈ ਜ਼ਿਮਨੀ ਚੋਣ ਹੋਣ ਜਾ ਰਹੀ ਹੈ ਪਰ ਪੰਜਾਬੀਆਂ ਨੂੰ ਕੁਝ ਹੀ ਮਹੀਨਿਆਂ ਬਾਅਦ ਫੇਰ ਚੋਣ ਤਮਾਸ਼ਾ ਦੇਖਣ ਨੂੰ ਮਿਲ ਰਿਹਾ ਹੈ। ਸਿਰਫ਼ ਵੋਟਾਂ ਵੇਲੇ ਦਿਖਾਈ ਦੇਣ ਵਾਲੇ ਚੋਣ ਮਦਾਰੀ ਮਨਲੁਭਾਓ ਵਾਅਦਿਆਂ-ਦਾਅਵਿਆਂ ਨਾਲ ਡੁਗਡੁਗੀ ਵਜਾਉਂਦੇ ਇਕ ਵਾਰ ਫੇਰ ਮੈਦਾਨ ਵਿਚ ਸਜ ਗਏ ਹਨ। ਇਸ ਸੀਟ ਲਈ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਆਮ ਆਦਮੀ ਪਾਰਟੀ ਆਪਣਾ ਉਮੀਦਵਾਰ ਐਲਾਨਣ ਵਿਚ ਮੋਹਰੀ ਰਹੀ। ਉਸ ਨੇ ਸਾਬਕਾ ਫ਼ੌਜੀਆਂ 'ਤੇ ਟੇਕ ਰੱਖਦਿਆਂ ਮੇਜਰ ਜਨਰਲ ਸੁਰੇਸ਼ ਖਜੂਰੀਆ ਨੂੰ ਮੈਦਾਨ ਵਿਚ ਉਤਾਰਿਆ ਹੈ। ਇਸ ਵਾਰ 'ਆਪ' ਦੇ ਪੱਖ ਵਿਚ ਚੰਗੀ ਗੱਲ ਇਹ ਰਹੀ ਕਿ ਦਿੱਲੀ ਹਾਈ ਕਮਾਂਡ ਨੇ ਉਮੀਦਵਾਰ ਦੀ ਚੋਣ ਕਰਨ ਵਿਚ ਦਖ਼ਲਅੰਦਾਜ਼ੀ ਨਹੀਂ ਕੀਤੀ। ਜ਼ਾਹਰ ਹੈ ਉਹ ਹਾਲੇ ਵਿਧਾਨ ਸਭਾ ਚੋਣਾਂ ਵਿਚ ਹੱਥੋਂ ਖਿਸਕੀ ਸੱਤਾ ਤੇ ਦਿੱਲੀ ਵਾਲਿਆਂ ਦੀ ਦਖ਼ਲਅੰਦਾਜ਼ੀ ਦੇ ਇਲਜ਼ਾਮਾਂ ਤੋਂ ਉਸ ਨੇ ਸਬਕ ਲਿਆ ਹੈ। ਇਸ ਚੋਣ ਦਾ ਕੁੱਲ ਮਿਲ ਕੇ ਸਾਰਾ ਦਾਰੋ-ਮਦਾਰ ਪੰਜਾਬ ਪਾਰਟੀ ਪ੍ਰਧਾਨ ਭਗਵੰਤ ਮਾਨ ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ 'ਤੇ ਹੈ। ਇਨ੍ਹਾਂ ਦੋਹਾਂ ਆਗੂਆਂ ਦਾ ਵਕਾਰ ਦਾਅ 'ਤੇ ਲੱਗਾ ਹੈ। ਹਾਲਾਂਕਿ ਸੱਤਾਧਿਰ ਕੋਲੋਂ ਇਹ ਸੀਟ ਖੋਹਣੀ ਮੁਸ਼ਕਲ ਹੈ ਕਿਉਂਕਿ ਵੈਸੇ ਵੀ ਮਾਝੇ ਵਿਚ 'ਆਪ' ਦਾ ਏਨਾ ਆਧਾਰ ਨਹੀਂ ਰਿਹਾ। ਵੋਟਰਾਂ ਦਾ ਝੁਕਾਅ ਵੀ ਹਕੂਮਤੀ ਧਿਰ ਵੱਲ ਹੀ ਹੁੰਦਾ ਹੈ। ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਜੇਕਰ ਵਿਰੋਧੀ ਧਿਰ ਦੀ ਝੋਲੀ ਸੀਟ

ਬਾਕੀ ਸਫ਼ਾ 31 'ਤੇ

# ਰੋਹਿੰਗੀਆ ਮਾਮਲੇ 'ਤੇ ਕੌਮਾਂਤਰੀ ਦਬਾਅ ਬਾਰੇ ਬੋਲੀ ਸੂ ਚੀ- ਜਾਂਚ ਤੋਂ ਨਹੀਂ ਡਰਦੇ

**ਨਾਇ ਪਾਇ ਤਾਅ/ਬਿਊਰੋ ਨਿਊਜ਼ :** ਵੱਡੀ ਗਿਣਤੀ ਰੋਹਿੰਗਿਆ ਮੁਸਲਮਾਨਾਂ ਦੇ ਮਿਆਂਮਾਰ ਤੋਂ ਹਿਜਰਤ ਕਰ ਜਾਣ ਕਰਕੇ 'ਨਸਲੀ ਸਫ਼ਾਏ' ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਮਿਆਂਮਾਰ ਆਗੂ ਆਂਗ ਸਾਂ ਸੂ ਚੀ ਨੇ ਕਿਹਾ ਉਨ੍ਹਾਂ ਦਾ ਮੁਲਕ ਰੋਹਿੰਗਿਆ ਸੰਕਟ ਦੀ ਕੌਮਾਂਤਰੀ ਜਾਂਚ ਤੋਂ ਨਹੀਂ ਡਰਦਾ। ਟੈਲੀਵਿਜ਼ਨ 'ਤੇ ਕੀਤੀ ਤਕਰੀਰ ਦੌਰਾਨ ਸੂ ਚੀ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਜਿੱਥੇ ਜਵਾਬਦੇਹ ਬਣਾਉਣ ਦੀ ਸਹੁੰ ਖਾਧੀ, ਉਥੇ ਫ਼ੌਜ ਸਿਰ 'ਨਸਲੀ ਸਫ਼ਾਏ' ਦਾ ਦੋਸ਼ ਮੜ੍ਹਨ ਤੋਂ ਨਾਂਹ ਕਰ ਦਿੱਤੀ। ਨਿਊ ਯਾਰਕ ਵਿੱਚ ਸੰਯੁਕਤ ਰਾਸ਼ਟਰ ਦੀ ਆਮ ਸਭਾ ਤੋਂ ਪਹਿਲਾਂ ਅੰਗਰੇਜ਼ੀ ਵਿੱਚ ਕੀਤੀ ਇਹ ਤਕਰੀਰ ਕੌਮਾਂਤਰੀ ਦਰਸ਼ਕਾਂ ਵੱਲ ਸੇਧਿਤ ਸੀ ਤੇ ਇਸ ਨੂੰ ਕੌਮਾਂਤਰੀ ਭਾਈਚਾਰੇ ਵੱਲੋਂ ਹੋਣ ਵਾਲੀ ਤਿੱਖੀ ਆਲੋਚਨਾ ਤੋਂ ਬਚਾਅ ਵਜੋਂ ਵੇਖਿਆ ਜਾ ਰਿਹੈ। ਮਿਆਂਮਾਰ ਆਗੂ ਨੇ ਹਾਲਾਂਕਿ ਕੁਝ ਸ਼ਰਨਾਰਥੀਆਂ ਦੀ ਮੁੜ ਸਥਾਪਤੀ ਦਾ ਸੰਕਲਪ ਦੁਹਰਾਇਆ, ਪਰ ਉਨ੍ਹਾਂ ਰਖਾਇਨ ਸੂਬੇ ਵਿੱਚ ਫ਼ੌਜ ਵੱਲੋਂ ਰੋਹਿੰਗਿਆ ਮੁਸਲਮਾਨਾਂ ਨੂੰ ਮਿਆਂਮਾਰ ਵਿਚੋਂ ਕੱਢਣ ਦੇ ਜਾਰੀ ਅਮਲ ਨੂੰ ਰੋਕਣ ਲਈ ਕਿਸੇ ਹੱਲ ਦੀ ਪੇਸ਼ਕਸ਼ ਤੋਂ ਨਾਂਹ ਕਰ ਦਿੱਤੀ। ਸੂ ਚੀ ਨੇ ਹਿੰਸਾ ਦੀ ਮਾਰ ਹੇਠ ਆਏ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ 'ਤੇ ਚਿੰਤਾ ਤਾਂ ਜਤਾਈ, ਪਰ ਨਸਲੀ ਸਫ਼ਾਏ ਦੇ ਦੋਸ਼ਾਂ 'ਤੇ ਕੁਝ ਵੀ ਕਹਿਣ ਤੋਂ ਨਾਂਹ ਕਰ ਦਿੱਤੀ। ਇਸ ਦੌਰਾਨ ਅਮਨੈਸਟੀ ਇੰਟਰਨੈਸ਼ਨਲ ਨੇ



ਮਿਆਂਮਾਰ ਆਗੂ ਵੱਲੋਂ ਦਿੱਤੀ ਤਕਰੀਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਸੂ ਚੀ ਤੇ ਉਨ੍ਹਾਂ ਦੀ ਸਰਕਾਰ ਨੇ ਰਖਾਇਨ ਸੂਬੇ ਵਿੱਚ ਜਾਰੀ ਹਿੰਸਾ 'ਤੇ ਅੱਖਾਂ ਬੰਦ ਕਰ ਰੱਖੀਆਂ ਹਨ। ਅਮਨੈਸਟੀ ਨੇ ਕਿਹਾ ਕਿ ਜੇਕਰ ਸੂ ਚੀ ਕੋਲ ਲੁਕਾਉਣ ਲਈ ਕੁਝ ਨਹੀਂ ਤਾਂ ਉਨ੍ਹਾਂ ਦੀ ਸਰਕਾਰ ਕੌਮਾਂਤਰੀ ਭਾਈਚਾਰੇ ਨੂੰ ਜਾਂਚ ਲਈ ਫ਼ੌਰੀ ਰਖਾਇਨ ਸੂਬੇ ਵਿਚ ਆਉਣ ਦੀ ਇਜਾਜ਼ਤ ਦੇਵੇ।

**ਯੂਐਨ ਜਾਂਚਕਾਰਾਂ ਨੇ ਮੰਗੀ ਪੂਰੀ ਖੁੱਲ੍ਹ :** ਸੰਯੁਕਤ ਰਾਸ਼ਟਰ ਦੇ ਜਾਂਚਕਾਰਾਂ ਨੇ ਮਿਆਂਮਾਰ ਵਿੱਚ ਜਾਰੀ ਰੋਹਿੰਗਿਆ ਸੰਕਟ ਦੀ ਜਾਂਚ ਲਈ 'ਪੂਰੀ ਖੁੱਲ੍ਹ' ਮੰਗੀ ਹੈ। ਸੰਯੁਕਤ ਰਾਸ਼ਟਰ ਦੀ ਤੱਥ ਖੋਜ ਮਿਸ਼ਨ ਦੇ ਮੁਖੀ ਮਾਰਜ਼ੁਕੀ ਦਾਰੁਸਮਨ ਨੇ ਕਿਹਾ ਕਿ ਸਾਡੇ ਲਈ ਇਹ ਕਾਫ਼ੀ ਅਹਿਮ ਹੈ ਕਿ ਅਸੀਂ ਕਥਿਤ ਉਲੰਘਣਾਵਾਂ ਨੂੰ ਆਪਣੀ ਅੱਖੀਂ ਵੇਖੀਏ। ਉਨ੍ਹਾਂ ਮਨੁੱਖੀ ਅਧਿਕਾਰ ਕੌਂਸਲ ਤੋਂ ਮਿਆਂਮਾਰ ਵਿੱਚ ਖੁੱਲ੍ਹਾ ਹੱਥ ਦੇਣ ਦੀ ਮੰਗ ਕੀਤੀ ਹੈ।

# '84 ਦੇ ਦਰਦ ਨੂੰ ਕਵਿਤਾ ਰਾਹੀਂ ਬਿਆਨਣ ਵਾਲੇ ਪਾਕਿਸਤਾਨੀ ਲੇਖਕ ਅਫਜ਼ਲ ਅਹਿਸਨ ਰੰਧਾਵਾ ਦਾ ਦੇਹਾਂਤ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਲਹਿੰਦੇ ਪੰਜਾਬ ਦੇ ਉੱਘੇ ਲੇਖਕ ਅਫਜ਼ਲ ਅਹਿਸਨ ਰੰਧਾਵਾ ਸਦੀਵੀਂ ਵਿਛੋੜਾ ਦੇ ਗਏ ਹਨ। ਉਨ੍ਹਾਂ ਨੇ ਲਾਇਲਪੁਰ ਵਿਚ ਆਖਰੀ ਸਾਹ ਲਿਆ। ਪਾਕਿਸਤਾਨ ਦੇ ਸ਼ਹਿਰ ਫ਼ੈਸਲਾਬਾਦ ਦੇ ਰਾਜੇਵਾਲਾ ਦੀ ਗਰੀਨ ਵੀਉ ਕਲੋਨੀ ਦੇ ਕਾਇਮ ਸਾਂਈ ਕਬਰਸਤਾਨ ਵਿਚ ਉਨ੍ਹਾਂ ਦੀਆਂ ਅੰਤਿਮ ਰਸਮਾਂ ਪੂਰੀਆਂ ਕੀਤੀਆਂ ਗਈਆਂ।



ਸ੍ਰੀ ਰੰਧਾਵਾ ਦਾ ਜਨਮ 1 ਸਤੰਬਰ, 1937 ਨੂੰ ਅੰਮ੍ਰਿਤਸਰ ਦੀ ਆਬਾਦੀ ਹੁਸੈਨਪੁਰਾ ਵਿਚ ਹੋਇਆ ਸੀ ਅਤੇ ਬਟਵਾਰੇ ਬਾਅਦ ਉਹ ਪਾਕਿਸਤਾਨ ਦੇ ਫੈਸਲਾਬਾਦ ਜਾ ਵਸੇ। ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਲਾਹੌਰ ਤੋਂ ਹਾਸਲ ਕੀਤੀ। ਮਿਸ਼ਨਰੀ ਸਕੂਲ ਨਾਰੋਵਾਲ ਤੋਂ ਦਸਵੀਂ ਪਾਸ ਕਰਨ ਉਪਰੰਤ ਸਿਆਲਕੋਟ ਤੋਂ ਗ੍ਰੈਜੂਏਸ਼ਨ ਤੇ ਪੰਜਾਬੀ ਯੂਨੀਵਰਸਿਟੀ ਲਾਹੌਰ ਤੋਂ ਲਾਅ ਦੀ ਡਿਗਰੀ ਲਈ। ਉਹ 3 ਸਾਲ ਖੇਤੀਬਾੜੀ ਯੂਨੀਵਰਸਿਟੀ ਫੈਸਲਾਬਾਦ ਵਿੱਚ ਕਰਮਚਾਰੀ ਵੀ ਰਹੇ। ਉਨ੍ਹਾਂ ਦੀਆਂ ਵੀਹ ਤੋਂ ਵੱਧ ਪੁਸਤਕਾਂ ਹਨ। ਇਹ ਸਾਰੀਆਂ ਪੁਸਤਕਾਂ ਸ਼ਾਹਮੁਖੀ ਤੋਂ ਇਲਾਵਾ ਪੰਜਾਬੀ ਵਿਚ ਵੀ ਛਪੀਆਂ ਹਨ। ਉਨ੍ਹਾਂ ਦੇ ਚਾਰ ਨਾਵਲ ਦੀਵਾ ਤੇ ਦਰਿਆ (1961), ਦੁਆਬਾ (1981), ਸੂਰਜ ਗ੍ਰਹਿਣ (1989) ਅਤੇ ਪੰਧ (2001) ਹਨ। ਤਲਵਾਰ ਤੇ ਘੋੜਾ (1973), ਮੁੰਨਾ ਕੋਹ ਲਾਹੌਰ (1989) ਕਹਾਣੀ ਸੰਗ੍ਰਹਿ ਹਨ। ਉਨ੍ਹਾਂ ਦੇ ਪੰਜ ਕਾਵਿ-ਸੰਗ੍ਰਹਿ ਹਨ,

ਬਾਕੀ ਸਫ਼ਾ 31 'ਤੇ

For Advertisements in Quomantry Amritsar Times Please Call :
Jai Singh
510-677-2777
















CULTURAL
PUNJABI
SOCIETY
CHICAGO
ਪੰਜਾਬੀ ਸਭਿਆਚਾਰਕ ਸਭਾ
Punjabi Cultural Society
of Chicago
Proudly Presents
PCS NIGHT
2017
10th Chicago
Bhangra & Gidha
Competition
Saturday, October 14, 2017
7:00pm Sharp
Meadows Club
2950 W. Golf Road, Rolling Meadows, IL 60008
Tickets: $25 • $50 • $100
Front Row Reserved Seats. Children under 10 years Free
(Dinner included with $100 Tickets only)
PUNJABI CULTURAL SOCIETY OF CHICAGO
P. O. BOX 1244 - PALATINE, IL 60078
www.PCSChicago.org
Live Entertainment by
ANITA LERCHE
Punjabi Folk Dancer/Singer
from Denmark

# ਗੁਰਦੁਆਰਾ ਸਾਹਿਬ ਸੈਨਹੋਜ਼ੇ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਹੋਈ

## ਸੰਵਿਧਾਨ ਵਿੱਚ ਸੋਧਾਂ ਨਾ ਕਰਨ ਲਈ ਪ੍ਰਬੰਧਕ ਕਮੇਟੀ ਨੇ ਕੀਤਾ ਇਕਰਾਰ

ਸੈਨਹੋਜ਼ੇ/ਬਿਊਰੋ ਨਿਊਜ਼:
ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਪ੍ਰਬੰਧਕ ਕਮੇਟੀ ਦੀ 1 ਅਕਤੂਬਰ ਨੂੰ ਹੋਣ ਜਾ ਰਹੀ ਚੋਣ ਵਿੱਚ ਮੌਜੂਦਾ ਪ੍ਰਬੰਧਕਾਂ ਅਤੇ ਸਾਧ ਸੰਗਤ ਸਲੇਟ ਵਿਚਕਾਰ ਸਮਝੌਤਾ ਹੋ ਗਿਆ ਹੈ, ਜਿਸ ਅਧੀਨ ਮੌਜੂਦਾ ਪ੍ਰਬੰਧਕ ਕਮੇਟੀ ਹੀ ਅਗਲੇ ਦੋ ਸਾਲ ਲਈ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਕਰੇਗੀ ਪਰ ਸੰਵਿਧਾਨ ਵਿੱਚ ਕੋਈ ਵੀ ਸੋਧ ਨਹੀ ਕਰੇਗੀ। ਮੌਜੂਦਾ ਪ੍ਰਬੰਧਕ ਸੰਵਿਧਾਨ ਵਿੱਚ ਤਰਮੀਮ ਕਰਕੇ ਆਪਣੀ ਮਿਆਦ ਦੋ ਸਾਲ ਤੋਂ ਚਾਰ ਸਾਲ ਕਰਨਾ ਚਾਹੁੰਦੇ ਸਨ ਜਿਸ ਨੂੰ ਰੋਕਣ ਲਈ ਹੀ ਸਾਧ ਸੰਗਤ ਸਲੇਟ ਨੇ ਚੋਣ



ਵਿੱਚ ਹਿੱਸਾ ਲੈਣ ਦਾ ਫੈਸਲਾ ਕੀਤਾ ਸੀ।
ਭਾਈ ਜਸਵੰਤ ਸਿੰਘ ਹੋਠੀ ਨੇ ਕਿਹਾ ਕਿ ਸਾਧ ਸੰਗਤ ਦਾ ਇਸ ਚੋਣ ਵਿਚ ਭਾਗ ਲੈਣ ਦਾ ਮੁੱਖ ਮੰਤਵ ਹੀ ਸੰਵਿਧਾਨ ਵਿਚ ਹੋ ਰਹੀ ਤਰਮੀਮਾਂ ਰੋਕਣਾ ਸੀ। ਜਦੋਂ ਮੌਜੂਦਾ ਪ੍ਰਬੰਧਕਾਂ ਨੇ ਇਹ ਮੱਦ ਵਾਪਸ ਲੈ ਲਈ ਤਾਂ ਅਸੀਂ ਵੀ ਚੋਣ ਵਿਚੋਂ ਆਪਣੇ ਨਾਮ ਵਾਪਸ ਲੈ ਲਏ ਹਨ। ਉਹਨਾਂ ਨੇ ਕਿਹਾ ਕਿ ਇਸ ਸਮਝੌਤੇ ਵਿਚ ਸਾਡੇ ਮੌਜੂਦਾ ਪ੍ਰਬੰਧਕਾਂ ਵਿਚ ਇਕ ਰਾਏ ਬਣਾਈ ਗਈ ਹੈ ਕਿ



ੴ ਸਤਿਗੁਰ ਪ੍ਰਸਾਦਿ

**Agreement between the Current Sikh Gurdwara-San Jose, Parbandhak Committee Slate and the Sadh Sangat Slate**

Date: September 18, 2017

The following has been agreed upon by the representatives of the two slates, that

1. The existing Gurdwara Parbandhak Committee and the Sadh Sangat Slate agrees unanimously to extend the term of Existing Parbandhak Committee for next two years, therefore Sadh Sangat Slate will withdraw all its candidates from the election for the Gurdwara Parbandhak Committee scheduled for October 1, 2017.

2. The Sikh Gurdwara San Jose Parbandhak committee agrees to withdraw from ballot the proposal for Bylaws modification changing term of the Parbandhak committee from two years to four years. In additions also agrees not to change the bylaws in the next two years ending on September 30, 2019.

3. The current parbandhak committee also agrees to have consent of designated representatives of Sadh Sangat Slate if any amendments in bylaws are required within the next two years.

This agreement is valid if representatives of both sides agree to items #1, #2 and #3

ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ ਸਲੇਟ ਵਿਚਕਾਰ ਹੋਏ ਸਮਝੌਤੇ ਦੇ ਦਸਤਾਵੇਜ਼ ਦੀ ਕਾਪੀ।

ਇਕ-ਦੂਜੇ ਨਾਲ ਸਹਿਯੋਗ ਕਰਦੇ ਹੋਏ ਪੰਥ ਦੀ ਅਤੇ ਗੁਰਦੁਆਰਾ ਸਾਹਿਬ ਦੀ ਚੜ੍ਹਦੀ ਕਲਾ ਲਈ ਉਪਰਾਲੇ ਕੀਤੇ ਜਾਣਗੇ।
ਉਹਨਾਂ ਕਿਹਾ ਕਿ ਸਾਧ ਸੰਗਤ ਸਲੇਟ ਦਾ ਮੁੱਖ ਉਦੇਸ਼ ਕਮੇਟੀ ਵਿਚ ਆਉਣਾ ਨਹੀਂ ਬਲਕਿ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪਾਰਦਰਸ਼ੀ ਬਨਾਉਣਾ, ਚੋਣ ਪ੍ਰਬੰਧ ਅਤੇ ਸੰਵਿਧਾਨ ਨੂੰ ਬਰਕਰਾਰ ਰੱਖਣਾ ਹੈ। ਉਹਨਾਂ ਨੇ ਕਿਹਾ ਕਿ ਇਹ ਫੈਸਲਾ ਸ਼ਾਇਦ ਆਲੇ-ਦੁਆਲੇ ਸਿੱਖ ਸੰਸਥਾਵਾਂ ਜਾਂ ਗੁਰਦੁਆਰਾ ਸਾਹਿਬਾਨਾਂ ਵਿਚ ਸ਼ਾਂਤੀ ਦਾ ਮਾਹੌਲ ਬਣਾਉਣ ਲਈ ਸਹਾਈ ਹੋਵੇ। ਉਹਨਾਂ ਨੇ ਆਪਣੇ ਸਲੇਟ ਦੇ ਮੈਬਰਾਂ ਖਾਸਕਰ ਭਾਈ ਗੁਰਮੇਲ ਸਿੰਘ ਬਾਠ, ਡਾਕਟਰ ਪ੍ਰਿਤਪਾਲ ਸਿੰਘ, ਮਨਪ੍ਰੀਤ ਸਿੰਘ, ਐਸ ਪੀ ਸਿੰਘ ਅਤੇ ਮੌਜੂਦਾ ਪ੍ਰਬੰਧਕਾਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ।
ਇਹਨਾਂ ਦੋਹਾਂ ਧੜਿਆਂ ਨੂੰ ਆਹਮੋ-ਸਾਹਮਣੇ ਬਿਠਾਉਣ ਵਿਚ ਸਿੱਖ ਪੰਚਾਇਤ ਦੇ ਐਸ.ਪੀ. ਸਿੰਘ ਨੇ ਅਹਿਮ ਭੂਮਿਕਾ ਨਿਭਾਈ ਅਤੇ ਦੋਵੇਂ ਧਿਰਾਂ ਇਸ ਸਹਿਮਤੀ ਲਈ ਵਧਾਈ ਦੀਆਂ ਪਾਤਰ ਹਨ।

# ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਦੀ ਪੀ.ਟੀ. ਓ. ਚੁਣੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਦੀ ਪੀ ਟੀ ਓ ਦੀ ਹੋਈ ਚੋਣ 'ਚ ਬਿਮਲਦੀਪ ਗੌਸਲ ਪ੍ਰਧਾਨ, ਪੂਨਮ ਧਾਲੀਵਾਲ ਵਾਈਸ ਪ੍ਰਧਾਨ, ਟੇਲਰ ਬਲੌਸ ਸਕੱਤਰ, ਤੇ ਬਲਜੀਤ ਬੈਂਸ ਖਜ਼ਾਨਚੀ ਦੇ ਆਹੁਦਿਆਂ ਲਈ ਚੁਣੇ ਗਏ। ਦਲਜੀਤ ਘੁੰਮਣ, ਸਾਬਕਾ ਪ੍ਰਧਾਨ, ਪਰਮਿੰਦਰ ਢਾਡਲੀ, ਨਵਨੀਤ ਸਿੰਘ ਤੇ ਰਾਜਵੰਤ ਜੰਡਾ ਕਮੇਟੀ ਲੀਡਰਜ਼ ਦੇ ਤੌਰ ਸੇਵਾ ਨਿਭਾਉਣਗੇ। ਵਰਨਣਯੋਗ ਹੈ ਕਿ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਕੈਲੀਫੋਰਨੀਆ ਦਾ ਅਜਿਹਾ ਪਹਿਲਾ ਚਾਰਟਰ ਸਕੂਲ ਹੈ ਜੋ ਸਿੱਖ ਭਾਈਚਾਰੇ ਵਲੋਂ ਚਲਾਇਆ ਜਾਂਦਾ ਹੈ ਅਤੇ ਇਸਦੀ ਪੀ.ਟੀ.ਓ. ਸਕੂਲ ਦੇ ਵਾਤਾਵਰਣ ਨੂੰ ਗਤੀਸ਼ੀਲ ਬਣਾਉਣ ਵਿੱਚ ਅਹਿਮ ਰੋਲ ਅਦਾ ਕਰਦੀ ਹੈ। ਇਸ ਦੌਰਾਨ ਅਧਿਆਪਕਾਂ ਵਿੱਚੋਂ ਸੰਦੀਪ ਕੰਗ, ਕਿੰਡਰਗਾਰਟਨ ਤੇ ਕੇਟਲਿਨ ਸੈਂਡਰਜ਼, ਸੈਂਕਡ ਗਰੇਡ ਨੇ ਆਪਣੀ ਹਾਜ਼ਰੀ ਲਵਾਈ। ਇਹਨਾਂ ਅਧਿਆਪਕਾਂ ਦੇ ਬੱਚੇ ਵੀ ਇਸੇ ਸਕੂਲ ਵਿੱਚ ਪੜ੍ਹਦੇ ਹਨ। ਪ੍ਰਿੰਸੀਪਲ ਡਾ: ਅਮਰੀਕ ਸਿੰਘ ਨੇ ਪੀਟੀਓ ਕਮੇਟੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਕੂਲ ਨੂੰ ਮਿਆਰੀ



ਬਣਾਉਣ ਲਈ ਮਾਪਿਆਂ ਦੇ ਸਹਿਯੋਗ ਦੀ ਸਖ਼ਤ ਜ਼ਰੂਰਤ ਹੈ। ਪੀਟੀਓ ਪ੍ਰਧਾਨ ਮਿਸਟਰ ਗੌਸਲ ਨੇ ਕਿਹਾ ਕਿ ਅਧਿਆਪਕਾਂ ਦੀ ਸਖ਼ਤ ਮਿਹਨਤ ਸਦਕਾ ਸਟੇਟ ਇਮਤਿਹਾਨਾਂ ਵਿੱਚ ਅੱਛੇ ਨਤੀਜੇ ਆਏ ਹਨ। ਜ਼ਿਕਰਯੋਗ ਹੈ ਕਿ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਵਿੱਚ ਇੰਗਲਿਸ਼, ਮੈਥ, ਸਾਇੰਸ, ਸੋਸ਼ਲ ਸਟਡੀ, ਸ਼ਰੀਰਕ ਸਿਖਿਆ ਦੇ ਨਾਲ਼ ਨਾਲ਼ ਪੰਜਾਬੀ ਨੂੰ ਵੀ ਇੱਕ ਜ਼ਰੂਰੀ ਵਿਸ਼ੇ ਵਜੋਂ ਪੜ੍ਹਾਇਆ ਜਾਂਦਾ ਹੈ। ਇਸ ਸਾਲ ਦੀ ਚੋਣ ਵਿੱਚ, ਇਸ ਵਾਰੀ ਮਾਪਿਆਂ ਨੇ ਵੱਧ ਦਿਲਚਸਪੀ ਦਿਖਾਈ ਤੇ ਪ੍ਰਣ ਕੀਤਾ ਕਿ ਸਕੂਲ ਦੀ ਬਿਹਤਰੀ ਲਈ ਉਹ ਵੱਧ ਤੋਂ ਵੱਧ ਫ਼ੰਡ ਇਕੱਠੇ ਕਰਨਗੇ ਤੇ ਬੱਚਿਆਂ ਲਈ ਰੌਚਕ ਪ੍ਰੋਗਰਾਮ ਲੈਕੇ ਆਉਣਗੇ।

## ਵਰਮੌਂਟ ਗੁਰਦੁਆਰੇ ਦੀ ਕੰਧ 'ਤੇ ਨਫ਼ਰਤੀ ਸੰਦੇਸ਼ ਲਿਖਣ ਵਾਲੇ ਦੀ ਹੋਈ ਪਛਾਣ

**ਲਾਸ ਏਂਜਲਸ/ਬਿਊਰੋ ਨਿਊਜ਼ :** ਪੁਲੀਸ ਨੇ ਵਾਰਮੌਂਟ ਦੇ ਗੁਰਦੁਆਰੇ ਦੀ ਕੰਧ 'ਤੇ ਨਫ਼ਰਤ ਭਰੇ ਸੰਦੇਸ਼ ਲਿਖਣ ਅਤੇ ਇਕ ਚਸ਼ਮਦੀਦ ਗਵਾਹ ਦਾ ਗਲਾ ਵੱਢਣ ਦੀ ਧਮਕੀ ਦੇਣ ਦੇ ਮਾਮਲੇ ਵਿਚ ਸ਼ੱਕੀ ਵਿਅਕਤੀ ਦੀ ਪਛਾਣ ਕਰ ਲਈ ਹੈ। ਇਸ ਚਸ਼ਮਦੀਦ ਗਵਾਹ ਨੇ ਕੈਲੀਫੋਰਨੀਆ ਸੂਬੇ ਵਿਚ ਵਾਪਰੀ ਘਟਨਾ ਦਾ ਵੀਡੀਓ ਬਣਾ ਲਿਆ ਸੀ। ਲਾਸ ਏਂਜਲਸ ਟਾਈਮਜ਼ ਅਖ਼ਬਾਰ ਦੀ ਖ਼ਬਰ ਮੁਤਾਬਕ ਲਾਸ ਏਂਜਲਸ ਪੁਲਿਸ ਵਿਭਾਗ ਦੇ ਅਧਿਕਾਰੀ ਕੈਪਟਨ ਰਾਬਰਟ ਲਾਂਗ ਨੇ ਕਿਹਾ ਕਿ 27 ਸਾਲਾ ਅਰਟੋਯੋਮ ਮੈਨੂਕਿਆਨ 'ਤੇ ਵਰਮਾਂਟ ਗੁਰਦੁਆਰੇ ਦੀ ਕੰਧ 'ਤੇ ਕਾਲੇ ਰੰਗ ਦੇ ਮਾਰਕਰ ਨਾਲ ਨਫ਼ਰਤ ਭਰੇ ਸੰਦੇਸ਼ ਲਿਖਣ ਦਾ ਦੋਸ਼ ਹੈ। ਹਾਲੀਵੁੱਡ ਸਿੰਘ ਟੈਂਪਲ ਦੇ ਨਾਂਅ ਨਾਲ ਮਸ਼ਹੂਰ ਗੁਰਦੁਆਰੇ ਵਿਚ 31 ਅਗਸਤ ਨੂੰ ਇਹ ਘਟਨਾ ਵਾਪਰੀ ਸੀ। ਲਾਂਗ ਨੇ ਕਿਹਾ ਕਿ ਕਈ ਲੋਕਾਂ ਨੇ ਇਸ ਸ਼ੱਕੀ ਵਿਅਕਤੀ ਨੂੰ ਦੇਖਿਆ ਸੀ ਅਤੇ ਉਨ੍ਹਾਂ ਵਿੱਚੋਂ ਇਕ ਨੇ ਇਸ

ਬਾਕੀ ਸਫ਼ਾ 31 'ਤੇ


CHAAT BHAVAN RESTAURANT

CHAAT BHAVAN®

Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐਂਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM

## ਕਰਮਨ ਦੇ ਬਾਸੀ ਪਰਿਵਾਰ ਨੂੰ ਸਦਮਾ, ਮਾਤਾ ਅਵਤਾਰ ਕੌਰ ਬਾਸੀ ਦਾ ਦੇਹਾਂਤ

*ਅੰਤਿਮ ਸੰਸਕਾਰ ਤੇ ਅਰਦਾਸ 24 ਸਤੰਬਰ, ਦਿਨ ਐਤਵਾਰ ਨੂੰ*

**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਕਰਮਨ ਨਿਵਾਸੀ ਸ. ਤਰਸੇਮ ਸਿੰਘ ਬਾਸੀ ਦੀ ਪਤਨੀ ਮਾਤਾ ਅਵਤਾਰ ਕੌਰ ਬਾਸੀ (ਪਿਛਲਾ ਪਿੰਡ ਬੁੰਡਾਲਾ, ਜ਼ਿਲ੍ਹਾ ਜਲੰਧਰ) ਬੀਤੇ ਦਿਨੀ ਆਪਣੀ



ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਹਨ। ਉਹ 71 ਸਾਲਾ ਦੇ ਸਨ। ਪਿਛਲੇ 14 ਸਾਲਾ ਤੋਂ ਉਹ ਅਮਰੀਕਾ ਵਿਖੇ ਆਪਣੇ ਪੁੱਤਰਾਂ ਕੋਲ ਰਹਿ ਰਹੇ ਸਨ। ਉਨ੍ਹਾਂ ਦੇ ਦੋ ਪੁੱਤਰ ਅਮਰੀਕਾ, ਇਕ ਪੁੱਤਰ ਅਤੇ ਧੀ ਇੰਗਲੈਂਡ ਵਿੱਚ ਰਹਿ ਰਹੇ ਹਨ। ਉਹ ਆਪਣੇ ਚੰਗੇ ਸੁਭਾਅ ਅਤੇ ਭਾਈਚਾਰਕ ਸੇਵਾਵਾਂ ਕਰਕੇ ਸਮੁੱਚੇ ਭਾਈਚਾਰੇ ਵਿੱਚ ਬਹੁਤ ਸਤਿਕਾਰੇ ਜਾਂਦੇ ਸਨ। ਉਨ੍ਹਾਂ ਦੇ ਅੰਤਮ ਸੰਸਕਾਰ ਅਤੇ ਸ਼ਰਧਾਂਜਲੀ ਦੀਆਂ ਰਸਮਾਂ 'ਟੈਕੂਲਰ ਫਿਊਨਲ ਹੋਮ' 475 North Broadway Fresno, CA 93701 ਵਿਖੇ 24 ਸਤੰਬਰ, ਐਤਵਾਰ ਨੂੰ ਸਵੇਰੇ 11.00 ਵਜੇ ਤੋਂ ਬਾਅਦ 1.00 ਵਜੇ ਤੱਕ ਹੋਣਗੀਆਂ। ਇਸ ਉਪਰੰਤ ਅੰਤਮ ਅਰਦਾਸ ਦੀਆਂ ਰਸਮਾਂ 'ਗੁਰਦੁਆਰਾ ਅਨੰਦਗੜ੍ਹ ਸਾਹਿਬ' 680 S. Vineland Ave., Kerman, California 93630 ਕਰਮਨ ਵਿਖੇ ਹੋਣਗੀਆਂ। ਸਮੂਹ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਪੁੱਤਰ ਕਮਲਜੀਤ ਸਿੰਘ ਬਾਸੀ ਨਾਲ (559) 579-7032 ਜਾਂ ਸਰਬਜੀਤ ਸਿੰਘ ਬਾਸੀ ਨਾਲ (559) 755-4075 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*ਖ਼ਾਸ ਰਿਪੋਰਟ*

# ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਗੁਜਰਾਤ ਦੰਗਿਆਂ ਦੀ ਦੋਸ਼ੀ ਮਾਇਆ ਕੋਡਨਾਨੀ ਦੇ ਹੱਕ ਵਿੱਚ ਦਿੱਤੀ ਗਵਾਹੀ

## ਭਾਜਪਾ ਦੀ ਮਹਿਲਾ ਆਗੂ ਵਿਰੁਧ ਦਰਜ਼ ਮਾਮਲੇ ਤੇ ਉਨ੍ਹਾਂ ਦੀ ਮੌਜੂਦਾ ਸਥਿਤੀ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਗੁਜਰਾਤ ਦੀ ਸੀਨੀਅਰ ਭਾਜਪਾ ਆਗੂ ਮਾਇਆ ਕੋਡਨਾਨੀ 2002 ਗੁਜਰਾਤ ਕਤਲੇਆਮ ਦੇ ਮਾਮਲੇ ਵਿਚ ਭਾਜਪਾ ਦੀ ਸਜਾ-ਜ਼ਾਫਤਾ ਸਾਬਕਾ ਵਿਧਾਇਕ ਹੈ। ਬੀਤੇ ਦਿਨੀਂ ਭਾਜਪਾ ਦੇ ਕੇਂਦਰੀ ਪ੍ਰਧਾਨ ਅਮਿਤ ਸ਼ਾਹ ਨੇ ਮਾਇਆ ਕੋਡਨਾਨੀ ਵਿਰੁਧ ਚੱਲਦੇ ਇਕ ਮਾਮਲੇ ਵਿਚ ਬਚਾਅ ਪੱਖ ਦੇ ਗਵਾਹ ਵੱਜੋਂ ਅਦਾਲਤ ਵਿਚ ਗਵਾਹੀ ਦਿੱਤੀ ਹੈ। ਮਾਇਆ ਕੋਡਨਾਨੀ ਵਿਰੁੱਧ 2002 ਗੁਜਰਾਤ ਕਤਲੇਆਮ ਨਾਲ ਜੁੜੇ ਦੋ ਮਾਮਲੇ ਦਰਜ਼ ਕੀਤੇ ਗਏ ਸਨ, ਜਿਨ੍ਹਾਂ ਬਾਰੇ ਮੀਡੀਆ **ਰਿਪੋਰਟਾਂ ਤੋਂ ਮਿਲੇ ਵੇਰਵੇ ਹੇਠ ਲਿਖੇ ਅਨੁਸਾਰ ਹਨ:**

**ਨਰੋਦਾ ਪਾਟੀਆ ਕਤਲੇਆਮ ਮਾਮਲਾ:** ਨਰੋਦਾ ਪਾਟੀਆ ਕਤਲੇਆਮ ਮਾਮਲੇ ਵਿਚ ਮਾਇਆ ਕੋਡਨਾਨੀ ਸਮੇਤ ਕੁੱਲ 61 ਮੁਲਜਮ ਸਨ ਜਿਨ੍ਹਾਂ ਵਿਚੋਂ ਮਾਇਆ ਕੋਡਨਾਨੀ ਸਮੇਤ 32 ਨੂੰ ਅਦਾਲਤ ਵੱਜੋਂ ਦੋਸ਼ੀ ਐਲਾਨਦਿਆਂ ਸਜ਼ਾ ਸੁਣਾਈ ਗਈ ਹੈ।

ਨਰੋਦਾ ਪਾਟੀਆ ਮੁਸਲਮਾਨ ਵਸੋਂ ਵਾਲਾ ਇਲਾਕਾ ਹੈ ਜੋ ਕਿ ਨਰੋਦਾ ਗਾਮ (ਇਕ ਹੋਰ ਕਤਲੇਆਮ ਵਾਲੀ ਥਾਂ) ਤੋਂ ੨ ਕਿਲੋਮੀਟਰ ਤੋਂ ਵੀ ਘੱਟ ਦੂਰੀ ਉੱਤੇ ਹੈ28 ਫਰਵਰੀ, 2002 ਨੂੰ ਇੱਥੇ ਭਿਆਨਕ ਕਤਲੇਆਮ ਹੋਇਆ ਸੀ ਜਿਸ ਵਿਚ ਹਿੰਦੂਤਵੀਆਂ ਨੇ 97 ਮੁਸਲਮਾਨਾਂ ਨੂੰ ਕਤਲ ਕਰ ਦਿੱਤਾ ਸੀ। ਨਰੋਦਾ ਪਾਟੀਆ ਕਤਲੇਆਮ ਮਾਮਲੇ ਵਿਚ ਮਾਇਆ ਕੋਡਨਾਨੀ ਵਿਰੁਧ ਇਹ ਦੋਸ਼ ਸੀ ਕਿ ਉਸ ਨੇ ਹਿੰਦੂਆਂ ਦੀ ਭਾੜ ਨੂੰ ਭੜਕਾਇਆ ਅਤੇ ਹਾਲਾਤ ਨੂੰ ਲਾਂਬੂ ਲਾਇਆ ਸੀ। ਇਸ ਮਾਮਲੇ ਵਿਚ 11 ਚਸ਼ਮਦੀਦ ਗਵਾਹਾਂ ਨੇ ਗਵਾਹੀ ਦਿੱਤੀ ਕਿ ਮਾਇਆ ਕੋਡਨਾਨੀ ਆਪਣੀ ਗੱਡੀ ਵਿਚੋਂ ਬਾਹਰ ਆਈ ਤੇ ਉਸ ਨੇ ਮੌਕੇ 'ਤੇ ਇਕੱਠੀ ਹੋਈ ਭੀੜ ਨੂੰ ਮੁਸਲਮਾਨਾਂ ਦਾ ਮਾਰਨ ਲਈ ਉਕਸਾਇਆ।

ਸਾਲਾ 2012 ਵਿਚ ਨਰੋਦਾ ਪਾਟੀਆ ਕਤਲੇਆਮ ਮਾਮਲਾ ਸੁਣ ਰਹੀ ਖਾਸ ਅਦਾਲਤ ਨੇ ਮਾਇਆ ਕੋਡਨਾਨੀ ਨੂੰ ਇਸ ਮਾਮਲੇ ਵਿਚ ਦੋਸ਼ੀ ਐਲਾਣਦਿਆਂ ਉਸ ਨੂੰ 28 ਸਾਲਾਂ ਦੀ ਕੈਦ ਸੁਣਾਈ ਸੀ।



ਅਦਾਲਤ ਨੇ ਕਿਹਾ ਸੀ ਕਿ ਮਾਇਆ ਕੋਡਨਾਨੀ ਨਰੋਦਾ ਪਾਟੀਆ ਕਤਲੇਆਮ ਦੀ ਸੂਤਰਧਾਰ ਸਾਜਿਸ਼ਕਰਤਾ ਹੈ ਅਤੇ ਭਾਵੇਂ ਕਿ ਅਜਿਹਾ ਕੋਈ ਸਬੂਤ ਨਹੀਂ ਹੈ ਕਿ ਉਹ ਆਪ ਦੰਗਈ ਭਾੜ ਦਾ ਬਣੀ ਹਿੱਸਾ ਹੋਵੇ ਪਰ ਉਸ ਵੱਲੋਂ ਨਿਭਾਈ ਸੂਤਰਧਾਰ ਦੀ ਭੂਮਿਕਾ ਬਿਨਾ ਕਿਸੇ ਸ਼ੱਕ ਦੇ ਸਾਬਤ ਹੋਈ ਹੈ'।

ਜੁਲਾਈ 2014 ਵਿਚ ਗੁਜਰਾਤ ਹਾਈ ਕੋਰਟ ਨੇ ਮਾਇਆ ਕੋਡਨਾਨੀ ਨੂੰ ਖਰਾਬ ਸਿਹਤ ਤੇ ਲਗਾਤਾਰ ਘੱਟ ਰਹੇ ਵਜ਼ਨ ਦੇ ਮੱਦੇਨਜ਼ਰ ਜਮਾਨਤ ਦੇ ਦਿੱਤੀ ਸੀ।

ਨਰੋਦਾ ਪਾਟੀਆ ਮਾਮਲੇ ਵਿਚ ਹੇਠਲੀ ਅਦਾਲਤ ਦੇ ਫੈਸਲੇ ਵਿਰੁਧ ਅਪੀਲ ਗੁਜਰਾਤ ਹਾਈਕੋਰਟ ਵੱਲੋਂ ਸੁਣੀ ਜਾ ਰਹੀ ਹੈ ਜਿੱਥੇ ਮਾਇਆ ਕੋਡਨਾਨੀ ਦੇ ਵਕੀਲ ਨੇ ਇਹ ਦਲੀਲ ਦਿੱਤੀ ਹੈ ਕਿ ਉਸ ਵਿਰੁਧ ਪੁਖਤਾ ਸਬੂਤ ਨਹੀਂ ਸਨ। ਇਸ ਮਾਮਲੇ ਵਿਚ ਅਪੀਲ ਦੀ ਸੁਣਵਾਈ ਪਿਛਲੇ ਮਹੀਨੇ ਪੂਰੀ ਹੋ ਗਈ ਸੀ ਅਤੇ ਫੈਸਲਾ ਆਉਣਾ ਅਜੇ ਬਾਕੀ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਅਪੀਲ ਦੇ ਫੈਸਲੇ ਦਾ ਸਿੱਧਾ ਅਸਰ 2002 ਗੁਜਰਾਤ ਕਤਲੇਆਮ ਦੇ ਦੂਜੇ ਮਾਮਲੇ, ਜੋ ਕਿ ਨਰੋਦਾ ਗਾਮ ਕਤਲੇਆਮ ਨਾਲ ਸੰਬੰਧਤ ਹੈ, ਉੱਤੇ ਪਵੇਗਾ।

**ਨਰੋਦਾ ਗਾਮ ਕਤਲੇਆਮ ਮਾਮਲਾ:** ਨਰੋਦਾ ਗਾਮ ਕਤਲੇਆਮ ਮਾਮਲੇ ਵਿਚ ਮਾਇਆ ਕੋਡਨਾਨੀ ਸਮੇਤ ਕੁੱਲ 86 ਮੁਲਜਮ ਨਾਮਜਦ ਕੀਤੇ ਗਏ ਸਨ ਜਿਨਹਾਂ ਵਿਚੋਂ ਚਾਰ ਦੀ ਮੌਤ ਮੁਕਦਮੇਂ ਦੀ ਕਾਰਵਾਈ ਦੌਰਾਨ ਹੀ ਹੋ ਗਈ ਸੀ। ਇਸ ਮਾਮਲੇ ਦੀ ਕਾਰਵਾਈ ਹਾਲੀ ਹੇਠਲੀ ਅਦਾਲਤ ਵਿਚ ਹੀ ਚੱਲ ਰਹੀ ਹੈ।

ਨਰੋਦਾ ਗਾਮ ਕਤਲੇਆਮ ਮਾਮਲੇ ਦੀ ਜਾਂਚ ਲਈ ਬਣਾਈ ਗਏ ਖਾਸ ਜਾਂਚ ਦਲ' (ਸਿੱਟ) ਅਨੁਸਾਰ 28 ਫਰਵਰੀ, 2002 ਨੂੰ ਸਵੇਰੇ ਕਰੀਬ 9:00 ਵਜੇ ਤਕਰੀਬਨ 1500 ਲੋਕਾਂ ਦੀ ਭੀੜ ਭਾਗੋਲ, ਨਰੋਦਾ ਗਾਮ ਵਿਖੇ ਇਕੱਠੀ ਹੋਈ। ਇਹ ਭੀੜ ਵਿਸ਼ਵ ਹਿੰਦੂ ਪ੍ਰੀਸ਼ਦ ਨਾਮੀ ਹਿੰਦੂਤਵੀ ਜਥੇਬੰਦੀ ਵੱਲੋਂ ਐਲਾਨੇ ਗਏ ਬੰਦ ਨੂੰ ਲਾਗੂ ਕਰਵਾਉਣ ਲਈ ਇਕੱਠੀ ਹੋਈ ਸੀ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਇਸ ਬੰਦ ਦਾ ਐਲਾਨ ਗੋਦਰਾ ਵਿਚ ਇਕ ਰੇਲ ਡੱਬੇ ਨੂੰ ਅੱਗ ਲੱਗਣ ਕਾਰਨ ਮਾਰੇ ਗਏ ਹਿੰਦੂ ਕਾਰਸੇਵਕਾਂ ਦੀ ਮੌਤ 'ਤੇ ਵਿਰੋਧ ਦਾ ਪ੍ਰਗਟਾਵਾ ਕਰਨ ਲਈ ਕੀਤਾ ਸੀ।

ਜਾਂਚ ਏਜੰਸੀ ਅਨੁਸਾਰ ਮਾਇਆ ਕੋਡਾਨਾਨੀ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਆਗੂ ਜੈਦੀਪ ਪਟੇਲ 9:00 ਵਜੇ ਤੋਂ 9:30 ਵਜੇ ਦੇ ਦਰਮਿਆਨ ਉਕਤ ਇਕੱਠ ਵਾਲੇ ਥਾਂ 'ਤੇ ਪਹੁੰਚ ਗਏ ਜਿੱਥੇ ਉਨ੍ਹਾਂ ਨੇ ਭੜਕਾਊ ਤਕਰੀਰਾਂ ਰਾਹੀਂ ਭੀੜ ਨੂੰ ਭੜਕਾਇਆ ਜਿਸ ਤੋਂ ਬਾਅਦ ਇੱਠੇ ਹੋਏ ਲੋਕਾਂ ਨੇ ਹਿੰਸਕ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਜਾਂਚ ਏਜੰਸੀ ਨੇ ਕਿਹਾ ਹੈ ਕਿ ਇਸ ਹਿੰਸਾ ਦੌਰਾਨ ਕੁੱਲ '11ਲੋਕ' ਮਾਰੇ ਗਏ। ਜ਼ਿਕਰਯੋਗ ਹੈ ਕਿ ਗੁਜਰਾਤ 2002 ਕਤਲੇਆਮ ਦੌਰਾਨ ਹਿੰਦੂਤਵੀ ਭੀੜਾਂ ਵੱਲੋਂ ਘੱਟਗਿਣਤੀ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਦਾ ਕਤਲੇਆਮ ਕੀਤਾ ਗਿਆ ਸੀ।

ਇਸ ਮਾਮਲੇ ਵਿਚ ਮਾਇਆ ਕੋਡਨਾਨੀ ਵਿਰੁਧ 14 ਚਸ਼ਮਦੀਦ ਗਵਾਹ ਹਨ ਜਿਨ੍ਹਾਂ ਵਿਚੋਂ ਇਕ ਨੇ ਇਹ ਵੀ ਕਿਹਾ ਹੈ ਕਿ ਉਸ ਨੇ ਉਸ ਮੌਕੇ ਮਾਇਆ ਕੋਡਨਾਨੀ ਨੂੰ ਨਰੋਦਾ ਪੁਲਿਸ ਦੇ ਤਤਕਾਲੀ ਇੰਸਪੈਕਟਰ ਨਾਲ ਬੈਠਿਆਂ ਵੀ ਵੇਖਿਆ ਸੀ। ਇਸੇ ਮਾਮਲੇ ਵਿਚ ਹੀ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਮਾਇਆ ਕੋਡਨਾਨੀ ਦੇ ਬਚਾਅ ਵਿੱਚ ਗਵਾਹੀ ਦਿੱਤੀ ਹੈ।

ਨਰੋਦਾ ਗਾਮ ਕਤਲੇਆਮ ਮਾਮਲੇ ਵਿਚ 2008 ਵਿਚ ਮਾਇਆ ਕੋਡਨਾਨੀ ਦੀ ਗ੍ਰਿਫਤਾਰੀ ਹੋਈ ਸੀ ਪਰ ਇਸ ਹੁਣ ਉਹ ਬਾਕੀ ਸਾਡੇ ਮੁਲਜਮਾਂ ਸਮੇਤ ਜਮਾਨਤ ਰਿਹਾਅ 'ਤੇ ਹੈ।

ਸਰੋਤ: ਸਿੱਖ ਸਿਆਸਤ (www.sikhsiyasat.com)

When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

ACURA
AutoNation Acura Stevens Creek
4747 Stevens Creek Bl. Santa Clara, CA 95051
ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।
ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।
ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।
Rashpal Singh Aulakh
Sales Manager
AutoNation Acura Stevens Creek
Santa Clara, CA 95051
ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com



LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law
Bankruptcy
☞ Chapter 7 & 13 Bankruptcy
☞ Protect Your Assets- Home, Etc..
☞ Start Fresh- Clear
Family Law • Divorce
Immigration Law
☞ Deportation Cases- BIA Appeals
☞ Ninth Circuit Appeals
☞ Adjustment of Status (Green Card)
☞ Visa Petitions, NVC
ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

# ਮਾਸਟਰ ਦੀਪਕ ਨੂੰ ਸੇਜਲ ਅੱਖਾਂ ਨਾਲ ਦਿੱਤੀ ਅੰਤਿਮ ਵਿਦਾਇਗੀ



**ਯੂਨੀਅਨ ਸਿਟੀ/ਬਿਊਰੋ ਨਿਊਜ਼ :** ਫਰਿਜ਼ਨੋਂ ਲਾਗੇ ਹਾਦਸੇ ਵਿਚ ਮਾਰੇ ਗਏ 5 ਪੰਜਾਬੀਆਂ 'ਚੋਂ ਜੋਤਿਸ਼ ਵਿਗਿਆਨੀ ਮਾਸਟਰ ਦੀਪਕ ਦੀਆਂ ਅੰਤਿਮ ਰਸਮਾਂ ਇੱਥੇ ਚੈਪਲ ਆਫ ਚਾਈਮਜ਼ ਮਿਸ਼ਨ ਬੁਲੇਵਾਰਡ 'ਚ ਕੀਤੀਆਂ ਗਈਆਂ। ਉਨ੍ਹਾਂ ਦੀ ਮ੍ਰਿਤਕ ਦੇਹ ਦੀ ਚਿਖਾ ਨੂੰ ਗੜ੍ਹਸ਼ੰਕਰ (ਪੰਜਾਬ) ਤੋਂ ਉਚੇਚੇ ਤੌਰ 'ਤੇ ਪੁੱਜੇ ਉਨ੍ਹਾਂ ਦੇ ਪਿਤਾ ਸ੍ਰੀ ਲਛਮਣ ਦਾਸ ਨੇ ਅਗਨੀ ਵਿਖਾਈ। ਇਸ ਤੋਂ ਪਹਿਲਾਂ ਵੱਡੀ ਗਿਣਤੀ 'ਚ ਆਏ ਵੱਖ ਵੱਖ ਭਾਈਚਾਰਿਆਂ ਦੇ ਲੋਕਾਂ ਨੇ ਵੱਡੀ ਗਿਣਤੀ ਵਿਚ ਉਨ੍ਹਾਂ ਦੀ ਸ਼ਵ ਯਾਤਰਾ ਵਿਚ ਸ਼ਿਰਕਤ ਕੀਤੀ। ਸ਼ਰਧਾਂਜਲੀ ਸਮਾਗਮ ਮੌਕੇ ਉਨ੍ਹਾਂ ਦੇ ਕਰੀਬੀ ਰਹੇ ਅਟਾਰਨੀ ਅਸ਼ਵਨੀ ਭਾਖੜੀ, ਰਾਜ ਭਨੋਟ, ਐੱਸ ਅਸ਼ੋਕ ਭੌਰਾ ਨੇ ਮਾਸਟਰ ਦੀਪਕ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ। ਪਿਤਾ ਲਛਮਣ ਦਾਸ ਨੇ ਕਿਹਾ ਕਿ ਮਾਸਟਰ ਦੀਪਕ ਗੜ੍ਹਸ਼ੰਕਰ ਦਾ ਹੀਰਾ ਪੁੱਤ ਸੀ ਤੇ ਉਸ ਦੀਆਂ ਸਮਾਜਿਕ ਸੇਵਾਵਾਂ ਬਦਲੇ ਉਸ ਨੂੰ ਭਾਈਚਾਰਕ ਤੌਰ 'ਤੇ ਬਹੁਤ ਵਡਿਆਇਆ ਤੇ ਸਲਾਹਿਆ ਜਾਂਦਾ ਸੀ। ਪੰਜਾਬ ਕਲਚਰਲ ਐਸੋਸੀਏਸ਼ਨ ਦੇ ਮਿੱਕੀ ਸਰਾਂ ਨੇ ਕਿਹਾ ਕਿ ਬੇ-ਏਰੀਆ ਦੀਆਂ ਸੱਭਿਆਚਾਰਕ ਗਤੀਵਿਧੀਆਂ ਨੂੰ ਮਾਸਟਰ ਦੇ ਦੀਪਕ ਦੇ ਤੁਰ ਜਾਣ ਨਾਲ ਬਹੁਤ ਵੱਡਾ ਝਟਕਾ ਲੱਗਾ ਹੈ। ਬੀਬੀ ਆਸ਼ਾ ਸ਼ਰਮਾ ਨੇ ਵੀ ਮਾਸਟਰ ਦੀਪਕ ਦੀ ਮੌਤ ਨੂੰ ਸਮੁੱਚੇ ਭਾਈਚਾਰੇ ਲਈ ਗਹਿਰਾ ਸਦਮਾ ਦੱਸਿਆ। ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿਚ ਉੱਘੇ ਪ੍ਰਮੋਟਰ ਜੱਸੀ ਬੰਗਾ, ਸਿਵਾ ਲੀਨਾ ਭਾਟੀਆ, ਪਰਮਜੀਤ ਕੌਰ, ਸਤੀਸ਼ ਕੁਮਾਰ, ਸੰਜੀਵ ਸਕਸੈਨਾ ਵੀ ਸ਼ਾਮਲ ਸਨ। ਪਰਿਵਾਰ ਨਾਲ ਨੇੜਤਾ ਰੱਖਣ ਵਾਲੇ ਅਤੇ ਇਨ੍ਹਾਂ ਰਸਮਾ ਨੂੰ ਪ੍ਰਮੁੱਖ ਰੂਪ ਵਿਚ ਵੱਡੇ ਦਰਦ ਨਾਲ ਸਾਰੀਆਂ ਰਸਮਾ ਨਿਭਾਉਣ ਵਾਲੇ ਅਵਤਾਰ ਲਾਖਾ ਨੇ ਵੀ ਮਾਸਟਰ ਦੀਪਕ ਨੂੰ ਹੰਝੂਆਂ ਭਰੀ ਵਿਦਾਇਗੀ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਵੱਡੇ ਭਰਾ ਨੂੰ ਹੋਣੀ ਨੇ ਬੇਵਕਤ ਹੀ ਖੋਹ ਲਿਆ ਹੈ। ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਹੇਵਰਡ ਵਿਖੇ ਹੋਈ ਅਤੇ ਇਨ੍ਹਾਂ ਪੰਜਾਂ ਦਾ ਭਰ ਜੋਬਨ ਵਿਚ ਤੁਰ ਜਾਣਾ ਸਮੁੱਚੇ ਭਾਈਚਾਰੇ ਦੀ ਪੀੜਾ ਬਿਆਨ ਕਰ ਰਿਹਾ ਸੀ।

## ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਵਲੋਂ ਸ਼ੋਕ ਦਾ ਪ੍ਰਗਟਾਵਾ

**ਸੈਕਰਾਮੈਂਟੋ/ਬਿਊਰੋ ਨਿਊਜ਼:** ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਨੇ ਗ਼ਦਰੀ ਬਾਬਿਆਂ ਦੀ ਯਾਦ ਨੂੰ ਜਿੰਦਾ ਰੱਖਣ ਵਾਲੀਆਂ ਸ਼ਖ਼ਸ਼ੀਅਤਾਂ ਦੇ ਸਦੀਵੀ ਵਿਛੋੜੇ ਉੱਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ। ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਵਲੋਂ ਇੱਥੇ ਜਾਰੀ ਲਿਖਤੀ ਬਿਆਨ ਪ੍ਰੈਸ 'ਚ ਕਿਹਾ ਗਿਆ ਹੈ ਕਿ 8 ਅਕਤੂਬਰ 2017 ਨੂੰ ਸੈਕਰਾਮੈਂਟੋ ਵਿਖੇ ਹੋਣ ਵਾਲੇ ਗ਼ਦਰੀ ਬਾਬਿਆਂ ਦੇ ਮੇਲੇ ਦੀ ਤਿਆਰੀ ਵਿਚ ਲੱਗੇ ਹੋਣ ਦੌਰਾਨ ਬੜੀ ਹੀ ਦੁੱਖ ਭਰੀ ਖ਼ਬਰ ਮਿਲੀ ਕਿ ਸੰਗਾਰਾ ਸਿੰਘ ਬੋਪਾਰਾਏ, ਜੋ ਜਥੇਬੰਦੀ ਦੇ ਮੈਂਬਰ ਵੀ ਰਹੇ ਹਨ, ਇੰਡੀਆ ਜਾ ਕੇ ਬੜੀ ਹੀ ਸੰਖੇਪ ਜਹੀ ਬਿਮਾਰੀ ਪਿੱਛੋਂ ਇਸ ਸੰਸਾਰ ਨੂੰ ਸਦਾ ਸਦਾ ਲਈ ਛੱਡ ਗਏ ਹਨ। **ਬਾਕੀ ਸਫ਼ਾ 32 'ਤੇ**

# 'ਹਾਰਵੈਸਟਰ ਫੈਸਟੀਵਲ' ਦੌਰਾਨ ਕਰਮਨ ਪੰਜਾਬੀ ਸਕੂਲ ਦੀ ਫਲੋਟ ਰਹੀ ਤੀਜੇ ਸਥਾਨ 'ਤੇ

**ਫਿਰਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਕਰਮਨ ਸ਼ਹਿਰ ਵਿਚ ਮਨਾਏ ਗਏ 'ਹਾਰਵੈਸਟਰ ਫੈਸਟੀਵਲ' ਕੱਢੀ ਗਈ ਪਰੇਡ ਮੌਕੇ ਕਰਮਨ ਪੰਜਾਬੀ ਸਕੂਲ ਨੇ ਵੀ ਹਿੱਸਾ ਲਿਆ। 'ਕਰਮਨ ਪੰਜਾਬੀ ਸਕੂਲ' ਨੇ ਆਪਣੇ ਫਲੋਟ ਰਾਹੀਂ ਪੰਜਾਬੀ ਸਭਿਆਚਾਰ ਅਤੇ ਸਿੱਖੀ ਦੀ ਪਹਿਚਾਣ ਨੂੰ ਯਕੀਨੀ ਬਣਾਉਂਦੇ ਹੋਏ ਹਾਜ਼ਰੀ ਭਰੀ। ਇਨ੍ਹਾਂ ਫਲੋਟਾ ਨੂੰ ਵਧੀਆ ਸਜਾਉਣ ਦੇ ਮੁਕਾਬਲੇ ਵੀ ਦਿਲਚਸਪ ਰਹੇ। ਇਸ ਸਾਲ ਕਰਮਨ ਪੰਜਾਬੀ ਸਕੂਲ ਦੇ ਫਲੋਟ ਨੂੰ ਤੀਜਾ ਇਨਾਮ ਪ੍ਰਾਪਤ ਹੋਇਆ। ਲੋਕਾਂ ਨੇ ਸੜਕ ਦੇ ਦੋਵੇਂ ਪਾਸੇ ਬੈਠ ਕੇ ਇਸ ਪਰੇਡ ਦਾ ਆਨੰਦ ਮਾਣਿਆ ਅਤੇ ਹਿੱਸਾ ਲੈਣ ਵਾਲਿਆਂ ਦੀ ਹੌਸਲਾ ਅਫਜ਼ਾਈ ਕੀਤੀ। ਪੂਰਾ ਮਾਹੌਲ ਵਿਸਾਖੀ ਮੇਲੇ ਵਾਂਗ ਰੰਗਿਆ ਨਜ਼ਰ ਆ ਰਿਹਾ ਸੀ।

ਜ਼ਿਕਰਯੋਗ ਹੈ ਕਿ ਭਾਵੇਂ ਇੱਥੇ ਲੋਕ ਵੱਡੇ ਸ਼ਹਿਰਾਂ ਵਿੱਚ ਰਹਿ ਰਹੇ ਹਨ, ਪਰ ਲੋਕ ਆਪਣੀ ਫਸਲ ਦੀ ਵਾਢੀ ਦੀ ਖ਼ੁਸ਼ੀ ਰਵਾਇਤੀ ਮੇਲੇ ਵਾਂਗ ਮਨਾਉਂਦੇ ਆ ਰਹੇ ਹਨ। ਇਸ ਦੀ ਸ਼ੁਰੂਆਤ ਨਗਰ ਕੀਰਤਨ ਵਾਂਗ ਪਰੇਡ ਨਾਲ ਕੀਤੀ ਜਾਂਦੀ ਹੈ ਅਤੇ ਇਕੱਠ ਵੀ ਬਹੁਤ ਹੁੰਦਾ ਹੈ। 50 ਤੋਂ ਵਧੀਕ ਫਲੋਟ ਖਿੱਚ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ ਲੋਕ ਆਪਣੇ ਪੁਰਾਣੇ ਟਰੱਕ, ਟਰੈਕਟਰ ਅਤੇ ਹੋਰ ਪੁਰਾਤਨ ਸਾਜ਼ੋ-ਸਾਮਾਨ ਦਾ ਵੀ ਪ੍ਰਦਰਸ਼ਨ ਕਰਦੇ ਹਨ। ਇਸ ਪਰੇਡ ਦੀ ਸਮਾਪਤੀ ਮਗਰੋਂ ਚਾਰ ਦਿਨ ਲੋਕ ਗੀਤ-ਸੰਗੀਤ, ਖੇਡਾਂ, ਰਾਈਡਾਂ, ਤਰ੍ਹਾਂ-ਤਰ੍ਹਾਂ ਦੇ ਝੂਲਿਆਂ ਅਤੇ ਖਾਣਿਆਂ ਦੀਆਂ ਸਟਾਲਾਂ ਲਗਦੀਆਂ ਹਨ।




## ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਕਾਵਿ ਪੁਸਤਕ 8 ਅਕਤੂਬਰ ਨੂੰ ਲੋਕ ਅਰਪਣ ਹੋਵੇਗੀ

**ਯੂਨੀਅਨ ਸਿਟੀ/ਬਿਊਰੋ ਨਿਊਜ਼:** ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਕਾਵਿ-ਪੁਸਤਕ 'ਲੋਕ ਰੰਗ ਸੋਚ' ਸਾਹਿਤਕਾਰਾਂ, ਸਾਹਿਤ-ਰਸੀਆਂ, ਭਾਈਚਾਰਕ ਜੱਥੇਬੰਦੀਆਂ ਅਤੇ ਪਤਵੰਤਿਆਂ ਦੀ ਹਾਜ਼ਰੀ ਵਿਚ 8 ਅਕਤੂਬਰ ਐਤਵਾਰ ਨੂੰ ਬਾਅਦ ਦੁਪਹਿਰ 3.00 ਵਜੇ Guy Emanuele Jr School 100 Decoto Road, Union City 94587 ਵਿਖੇ ਲੋਕ ਅਰਪਣ ਹੋਵੇਗੀ। ਇਸ ਮੌਕੇ ਸਾਹਿਤਕਾਰ ਮਨਜੀਤ ਕੌਰ ਸੇਖੋਂ ਤੇ ਡਾ. ਗੁਰਿੰਦਰਪਾਲ ਸਿੰਘ ਦੇ ਕਾਵਿ ਪੁਸਤਕ ਬਾਰੇ ਲਿਖੇ ਪਰਚੇ ਪੜ੍ਹੇ ਜਾਣਗੇ। ਇਸ ਤੋਂ ਇਲਾਵਾ ਲੋਕ ਗਾਇਕਾਂ ਵੱਲੋਂ ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ। ਹਾਜ਼ਰ ਕਵੀਆਂ ਵੱਲੋਂ ਕਵੀ ਦਰਬਾਰ ਸਜਾਇਆ ਜਾਵੇਗਾ। ਸਭਿਆਚਾਰਕ ਵੰਨਗੀਆਂ ਸ਼ਾਮਲ ਹੋਣਗੀਆਂ ਜਿਨ੍ਹਾਂ 'ਚ ਫੋਟੋ ਤੇ ਪੁਸਤਕ ਪ੍ਰਦਰਸ਼ਨੀ ਸ਼ਾਮਲ ਹੋਵੇਗੀ। ਜਲ ਪਾਨ ਨਿਰੰਤਰ ਚਲਦਾ ਰਹੇਗਾ। ਪ੍ਰੋਗਰਾਮ ਸਕੂਲ ਵਿਚ ਪੇਸ਼ ਕੀਤਾ ਜਾ ਰਿਹਾ ਹੈ ਇਸ ਲਈ ਬੱਚਿਆਂ ਦੇ ਮਾਪਿਆਂ ਸਮੇਤ ਸ਼ਾਮਲ ਹੋਣਾ ਲਾਹੇਵੰਦ ਹੈ। ਦਾਖਲਾ ਸੱਦਾ ਪੱਤਰ ਰਾਹੀਂ ਮੁਫ਼ਤ ਹੈ ਜਾਂ ਸਪੰਰਕ ਕਰੋ 510-415-9377 ਜਾਂ Email. Panjabipoet@gmail.com। ਹਾਜ਼ਰੀ ਯਕੀਨਨ ਬਣਾਉਣ ਲਈ 4 ਅਕਤੂਬਰ ਤੱਕ ਸੂਚਿਤ ਕਰਨਾ ਜ਼ਰੂਰੀ ਹੈ ਤਾਂ ਜੋ ਯੋਗ ਪ੍ਰਬੰਧ ਕੀਤਾ ਜਾ ਸਕੇ।


CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang
Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ
TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776



Hassle Free Buying and Selling!
Real EstateWe can Help to Buy and Sell Your Home.
Statewide REALTY & MORTGAGE
BRE# 01929644
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ।
ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।

2161 SQ Feet home Natomas Sacramento
3 BR 2.5 bath with loft available for $389,000

Kulwinder Kaur K.D.
Cell 916-212-0123
e-mail kdkaur9@yahoo.com



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਪੰਥ ਤੋਂ ਮਾਫ਼ੀ ਮੰਗੇ ਕੁਲਦੀਪ ਨਈਅਰ, ਸ਼੍ਰੋਮਣੀ ਕਮੇਟੀ ਵੀ ਇਸਤੋਂ ਸਨਮਾਨ ਵਾਪਸ ਲਵੇ: ਸਿੱਖ ਯੂਥ ਫ਼ੈਡਰੇਸ਼ਨ



**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:** ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਆਗੂਆਂ ਨੇ ਕਿਹਾ ਕਿ ਸਿੱਖ ਕੌਮ ਦੇ ਜਾਂਬਾਜ਼ ਜਰਨੈਲ ਖਿਲਾਫ਼ ਬਦਜੁਬਾਨੀ ਤੇ ਕਾਲੀਆਂ ਲਿਖਤਾਂ ਲਿਖਣ ਵਾਲਾ ਕੁਲਦੀਪ ਨਈਅਰ ਤੁਰੰਤ ਮਾਫ਼ੀ ਮੰਗ ਲਵੇ ਤੇ ਅੱਗੇ ਤੋਂ ਅਜਿਹੀਆਂ ਲਿਖਤਾਂ ਤੋਂ ਤੌਬਾ ਕਰ ਲਵੇ। ਇਸਦੇ ਨਾਲ ਜਥੇਬੰਦੀ ਦੇ ਆਗੂਆਂ ਨੇ ਮੰਗ ਕੀਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੋ ਇਸ ਨੂੰ ਮੰਜੀ ਸਾਹਿਬ ਦੀਵਾਨ ਹਾਲ ਤੋਂ ਸਨਮਾਨ ਦਿੱਤਾ ਸੀ, ਉਹ ਮਤਾ ਪਾਸ ਕਰਕੇ ਤੁਰੰਤ ਇਸ ਮੁਤੱਸਬੀ ਹਿੰਦੂਤਵੀ ਲੇਖਕ ਤੋਂ ਵਾਪਸ ਲਿਆ ਜਾਵੇ, ਕਿਉਂਕਿ ਇਹ ਸ਼ਖਸ ਇਸ ਦਾ ਹੱਕਦਾਰ ਨਹੀਂ।

ਵਰਨਣਯੋਗ ਹੈ ਕਿ ਸੀਨੀਅਰ ਪੱਤਰਕਾਰ ਕੁਲਦੀਪ ਨਈਅਰ ਨੇ ਪਿਛਲੇ ਦਿਨੀਂ ਆਪਣੇ ਇਕ ਲੇਖ 'ਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤੁਲਨਾ ਬਲਾਤਕਾਰੀ ਅਸਾਧ ਰਾਮ ਰਹੀਮ ਸਿਰਸੇ ਵਾਲੇ ਨਾਲ ਕੀਤੀ, ਜਿਸ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ।

ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ ਅਤੇ ਸੀਨੀਅਰ ਮੀਤ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਇਕ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਸਿੱਖ ਸੰਤ ਭਿੰਡਰਾਂਵਾਲਿਆਂ ਦੇ ਵਿਰੁੱਧ ਕੋਈ ਗੱਲ ਬਰਦਾਸ਼ਤ ਨਹੀਂ ਕਰੇਗੀ ਤੇ ਨਾ ਹੀ ਸਹਿਣ ਕਰੇਗੀ। ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਕੌਮ ਦੀ ਸ਼ਾਨ ਅਤੇ ਧਾਰਮਿਕ ਆਗੂ ਸਨ, ਜਿਨ੍ਹਾਂ ਨੇ ਸੁੱਤੀ ਹੋਈ ਕੌਮ ਨੂੰ ਜਗਾਇਆ ਤੇ ਕੌਮੀ ਹੱਕਾਂ ਲਈ ਅਜ਼ਾਦੀ ਦੇ ਰਾਹ ਵੱਲ ਤੋਰਿਆ।

## ਸਿੱਖ ਨੌਜਵਾਨਾਂ ਨੇ ਕੁਲਦੀਪ ਨਈਅਰ ਦੀ ਤਸਵੀਰ 'ਤੇ ਕਾਲਖ ਪੋਚ ਕੇ ਕੀਤਾ ਗੁੱਸੇ ਦਾ ਇਜ਼ਹਾਰ

**ਸਿੱਖ ਸਿਆਸਤ ਬਿਊਰੋ**, ਹੁਸ਼ਿਆਰਪੁਰ: ਉੱਤੇ ਲੇਖਕ ਤੇ ਪੱਤਰਕਾਰ ਲੇਖਕ ਕੁਲਦੀਪ ਨਈਅਰ ਵਲੋਂ ਸ਼ਹੀਦ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਤੁਲਨਾ ਬਲਾਤਕਾਰ ਦੇ ਦੋਸ਼ੀ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨਾਲ ਕਰਨ ਦਾ ਸਖਤ ਵਿਰੋਧ ਕਰਦਿਆਂ ਪੰਥਕ ਪਾਰਟੀਆਂ ਨਾਲ ਸਬੰਧਤ ਨੌਜਵਾਨ ਜਥੇਬੰਦੀਆਂ ਵਲੋਂ ਬੀਤੇ ਦਿਨੀਂ ਇੱਥੋਂ ਰੋਸ ਮੁਜ਼ਾਹਰਾ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਤਖਤੀਆਂ ਉਤੇ ਨਈਅਰ ਦੀ ਤਸਵੀਰ ਥੱਲ੍ਹੇ ਪੰਥ ਦੀ ਨਫਰਤ ਦਾ ਪਾਤਰ ਲਿਖਿਆ ਹੋਇਆ ਸੀ।




ਪ੍ਰਦਰਸ਼ਨਕਾਰੀਆਂ ਨੇ ਨਈਅਰ ਨੂੰ ਸਿੱਖ ਸੰਗਤ ਕੋਲੋਂ ਮੁਆਫੀ ਮੰਗਣ ਲਈ ਕਿਹਾ ਅਤੇ ਐਲਾਨ ਕੀਤਾ ਕਿ ਜੇਕਰ ਉਹ ਮੁਆਫੀ ਨਹੀਂ ਮੰਗਦੇ ਤਾਂ ਉਹਨਾਂ ਨੂੰ ਪੰਜਾਬ ਵਿਚ ਕਿਸੇ ਵੀ ਜਨਤਕ ਪ੍ਰੋਗਰਾਮ ਜਾਂ ਸਮਗਾਮ ਵਿੱਚ ਬੋਲਣ ਨਹੀਂ ਦਿੱਤਾ ਜਾਵੇਗਾ।

ਰੋਸ ਮਜ਼ਾਹਰੇ ਦੀ ਅਗਵਾਈ ਕਰ ਰਹੇ ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਟਾਂਡਾ ਨੇ ਕਿਹਾ ਕਿ ਕੁਲਦੀਪ ਨਈਅਰ ਦੀ ਕਲਮ ਨੇ ਕੁਫਰ ਤੋਲਿਆ ਹੈ ਅਤੇ ਪੰਥ ਇਸ ਸ਼ਖਸ ਦੀ ਹਿਮਾਕਤ ਨੂੰ ਬਰਦਾਸ਼ਤ ਨਹੀਂ ਕਰੇਗਾ।

ਉਹਨਾਂ ਕੁਲਦੀਪ ਨਈਅਰ ਦੀ ਬੈਨਰ 'ਤੇ ਲੱਗੀ ਤਸਵੀਰ ਉਤੇ ਕਾਲੀ ਸਿਆਹੀ ਪੋਚ ਕੇ ਗੁੱਸੇ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਨਈਅਰ ਨੇ ਆਪਣੀ ਕਲਮ ਦੀ ਦੁਰਵਰਤੋਂ ਕਰਕੇ ਸਾਡੀ ਕੌਮ ਦੀ ਸ਼ਾਨ ਅਤੇ ਨਾਇਕ ਦੀ ਸ਼ਖਸੀਅਤ ਨੂੰ ਛੁਟਿਆਉਣ ਅਤੇ ਅਕਸ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਅਫਸੋਸ ਜਤਾਉਦਿਆਂ ਕਿਹਾ ਕਿ ਅਕਾਲੀ ਦਲ (ਬਾਦਲ) ਅਤੇ ਸ਼੍ਰੋਮਣੀ ਕਮੇਟੀ ਅੰਦਰ ਉਚ ਅਹੁਦਿਆਂ 'ਤੇ ਬੈਠੇ ਲੋਕ ਜਿਹੜੇ ਕਹਿੰਦੇ ਹਨ ਕਿ ਉਹਨਾਂ ਸੰਤਾਂ ਦੀ ਗੋਦ ਦਾ ਨਿੱਘ ਮਾਣਿਆ ਹੈ, ਉਹ ਨਈਅਰ ਦੀ ਗੁਸਤਾਖੀ ਉਤੇ ਭੇਦਭਰੀ ਚੁੱਪ ਧਾਰੀ ਬੈਠੇ ਹਨ।

ਦਲ ਖਾਲਸਾ ਦੇ ਆਗੂ ਨੋਬਲਜੀਤ ਸਿੰਘ ਨੇ ਕਿਹਾ ਕਿ ਨਈਅਰ ਵਲੋਂ ਸੰਤ ਜਰਨੈਲ ਸਿੰਘ ਦੀ ਤੁਲਨਾ ਬਲਾਤਕਾਰੀ, ਸਿਧਾਂਤ-ਵਿਹੂਣੇ ਅਤੇ ਗੁਰਮਤਿ-ਵਿਰੋਧੀ ਵਿਅਕਤੀ ਨਾਲ ਕਰਕੇ ਸਮੁੱਚੇ ਖਾਲਸਾ ਪੰਥ ਨੂੰ ਮਾਨਸਿਕ ਪੀੜਾ ਪਹੁੰਚਾਈ ਹੈ। ਉਹਨਾਂ ਕਿਹਾ ਕਿ ਕੁਲਦੀਪ ਨਈਅਰ ਖਾਲਸਾ ਪੰਥ ਕੋਲੋਂ ਮੁਆਫੀ ਮੰਗੇ ਨਹੀਂ ਤਾਂ ਸਿੱਖ ਨੌਜਵਾਨ ਉਸ ਨੂੰ ਪੰਜਾਬ ਵਿਚ ਕਿਸੇ ਜਨਤਕ ਸਮਾਗਮ ਵਿਚ ਬੋਲਣ ਨਹੀਂ ਦੇਣਗੇ ਅਤੇ ਉਸਦਾ ਭਾਰੀ ਵਿਰੋਧ ਕੀਤਾ ਜਾਵੇਗਾ।

ਮਾਰਚ ਦੌਰਾਨ ਬੋਲਦਿਆਂ ਅਕਾਲੀ ਦਲ ਮਾਨ ਦੇ ਆਗੂ ਗੁਰਨਾਮ ਸਿੰਘ ਨੇ ਕਿਹਾ ਕਿ ਕੁਲਦੀਪ ਨਈਅਰ ਵਰਗੇ ਲੇਖਕ ਬਹਿਰੂਪੀਏ ਹਨ ਜੋ ਉਦਾਰਵਾਦੀ ਹੋਣ ਦਾ ਚੋਲਾ ਪਾ ਕੇ ਘੱਟਗਿਣਤੀਆਂ ਦੇ ਹੱਕੀ ਸੰਘਰਸ਼ਾਂ ਨੂੰ ਤਾਰਪੀਡੋ ਕਰਨ ਲਈ ਆਪਣੀਆਂ ਲਿਖਤਾਂ ਰਾਹੀਂ ਕੂੜ-ਪ੍ਰਚਾਰ ਕਰਦੇ ਹਨ। ਉਹਨਾਂ ਕਿਹਾ ਕਿ ਕੌਮ ਦੇ ਨੌਜਵਾਨਾਂ ਨੂੰ ਲੋੜ ਹੈ ਕਿ ਅਜਿਹੇ ਲੇਖਕਾਂ ਦੀਆਂ ਚਾਲਾਂ ਨੂੰ ਸਮਝ ਕੇ ਇਹਨਾਂ ਦਾ ਢੁਕਵਾਂ ਜਵਾਬ ਦੇਣ।

ਨੌਜਵਾਨ ਆਗੂ ਗੁਰਪ੍ਰੀਤ ਸਿੰਘ ਖੁੱਡਾ ਨੇ ਕਿਹਾ ਕਿ ਦੁੱਖ ਦੀ ਗੱਲ ਇਹ ਹੈ ਕਿ ਮੰਦ-ਬੁੱਧੀ ਵਾਲੇ ਸ਼ਖਸ ਨੂੰ ਕਿਸੇ ਸਮੇਂ ਸ਼੍ਰੋਮਣੀ ਕਮੇਟੀ ਵਲੋਂ ਵੀ ਸਨਮਾਨਿਤ ਕੀਤਾ ਗਿਆ ਸੀ। ਮਾਰਚ ਵਿਚ ਸ਼ਾਮਿਲ ਨੌਜਵਾਨਾਂ ਵਲੋਂ ਨਈਅਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ।

# ਕੌਮਾਂਤਰੀ ਮਨੁੱਖੀ ਅਧਿਕਾਰ ਕਾਨਫਰੰਸ 'ਚ ਹਿੱਸਾ ਲੈਣ ਵਾਲੀ ਬੀਬੀ ਨੌਰੀਨ ਕੌਰ ਦਾ ਸ਼੍ਰੋਮਣੀ ਕਮੇਟੀ ਵਲੋਂ ਸਨਮਾਨ

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ :** ਯੂਨਾਈਟਡ ਨੇਸ਼ਨਜ਼ ਮੁੱਖ ਦਫਤਰ ਵਿਖੇ ਪਿਛਲੇ ਦਿਨੀਂ ਹੋਈ ਕੌਮਾਂਤਰੀ ਮਨੁੱਖੀ ਅਧਿਕਾਰ ਕਾਨਫਰੰਸ 'ਚ ਹਿੱਸਾ ਲੈਣ ਵਾਲੀ ਬੀਬੀ ਨੌਰੀਨ ਕੌਰ ਸਿੰਘ ਦਾ ਇੱਥੇ ਸ੍ਰੀ ਦਰਬਾਰ ਸਾਹਿਬ ਪੁੱਜਣ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਨਮਾਨ ਕੀਤਾ ਗਿਆ। ਉੱਤਰੀ ਅਮਰੀਕਾ ਦੇ ਕੌਲੋਰੈਡੋ ਸੂਬੇ ਦੀ ਵਸਨੀਕ 23 ਸਾਲਾ ਨੌਰੀਨ ਕੌਰ ਸਿੰਘ ਨੂੰ ਉੱਤਰੀ ਅਮਰੀਕਾ ਵੱਲੋਂ ਨੁਮਾਇੰਦੇ ਦੇ ਤੌਰ 'ਤੇ ਕੌਮਾਂਤਰੀ ਮਨੁੱਖੀ ਅਧਿਕਾਰ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਨਾਮਜ਼ਦ ਕੀਤਾ ਗਿਆ ਸੀ। ਉਹ ਇਸ ਕਾਨਫਰੰਸ ਵਿੱਚ ਭਾਗ ਲੈਣ ਵਾਲੀ ਪਹਿਲੀ ਸਿੱਖ ਬੀਬੀ ਸੀ ਜਿਨ੍ਹਾਂ ਨੇ ਅਮਰੀਕਾ ਦੀ ਨੁਮਾਇੰਦਗੀ ਕੀਤੀ। ਬੀਬੀ ਨੌਰੀਨ ਕੌਰ ਸਿੰਘ ਨੇ ਵੱਖ-ਵੱਖ ਦੇਸ਼ਾਂ ਤੋਂ ਆਏ 50 ਨੁਮਾਇੰਦਿਆਂ ਦੇ ਨਾਲ ਯੂਨਾਈਟਡ ਨੇਸ਼ਨਜ਼ ਮੁੱਖ ਦਫਤਰ ਵਿਖੇ ਹੋਈ ਇਸ ਕਾਨਫਰੰਸ ਵਿਚ ਭਾਗ ਲਿਆ।



ਬੀਬੀ ਨੌਰੀਨ ਕੌਰ ਦਾ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਸਨਮਾਨ ਕਰਦੇ ਹੋਏ

ਬੀਬੀ ਨੌਰੀਨ ਕੌਰ ਸਿੰਘ ਸ਼ੁੱਕਰਵਾਰ 15 ਸਤੰਬਰ ਨੂੰ ਦਰਬਾਰ ਸਾਹਿਬ ਮੱਥਾ ਟੇਕਣ ਪੁੱਜੇ ਸਨ। ਇਸ ਮੌਕੇ ਬੀਬੀ ਨੌਰੀਨ ਕੌਰ ਸਿੰਘ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਤੇ ਅਵਤਾਰ ਸਿੰਘ ਸੈਂਪਲਾ, ਵਧੀਕ ਸਕੱਤਰ ਕੇਵਲ ਸਿੰਘ, ਮੀਤ ਸਕੱਤਰ ਸਕੱਤਰ ਸਿੰਘ, ਮੈਨੇਜਰ ਸੁਲੱਖਣ ਸਿੰਘ ਤੇ ਸੁਪ੍ਰਿੰਟੈਂਡੈਂਟ ਸਤਨਾਮ ਸਿੰਘ ਵੱਲੋਂ ਦਰਬਾਰ ਸਾਹਿਬ ਦੀ ਤਸਵੀਰ ਤੇ ਲੋਈ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਇਸ ਸਮੇਂ ਗੱਲਬਾਤ ਕਰਦਿਆਂ ਬੀਬੀ ਨੌਰੀਨ ਕੌਰ ਸਿੰਘ ਨੇ ਕਿਹਾ ਕਿ ਇਸ ਕਾਨਫਰੰਸ ਵਿੱਚ ਮਨੁੱਖੀ ਅਧਿਕਾਰਾਂ ਦੀ ਜ਼ਰੂਰਤ ਅਤੇ ਇਸ ਦੇ ਵਿੱਦਿਅਕ ਪ੍ਰਚਾਰ ਪ੍ਰਸਾਰ ਨੂੰ ਹੋਰ ਪੁਖਤਾ ਕਰਨਾ, ਮੁੱਖ ਮੁੱਦੇ ਸਨ। ਉਨ੍ਹਾਂ ਦੱਸਿਆ ਕਿ ਉਹ ਇਸ ਸਮੇਂ ਕੌਲੋਰੈਡੋ ਸਿੱਖਸ ਨਾਮੀ ਸੰਸਥਾ ਲਈ ਪਾਲਿਸੀ ਡਾਇਰੈਕਟਰ ਦੇ ਅਹੁਦੇ 'ਤੇ ਕੰਮ ਕਰ ਰਹੇ ਹਨ। ਬੀਬੀ ਨੌਰੀਨ ਕੌਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਹੈ ਕਿ ਉਹ ਉਨ੍ਹਾਂ ਨੂੰ ਬੱਲ ਬਖ਼ਸ਼ਣ ਕਿ ਉਹ ਆਪਣੀ ਕੌਮ ਨੂੰ ਕੌਮਾਂਤਰੀ ਪੱਧਰ 'ਤੇ ਨੁਮਾਇੰਦਗੀ ਦੇ ਸਕਣ।

# ਸਿੱਖ ਸਿਆਸੀ ਕੈਦੀ ਭਾਈ ਹਰਮਿੰਦਰ ਸਿੰਘ ਮਿੰਟੂ ਬਾਰੂਦ ਬਰਾਮਦਗੀ ਅਤੇ ਗ਼ੈਰ ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੇ ਕੇਸ ਚੋਂ ਬਰੀ

**ਪਟਿਆਲਾ/ਸਿੱਖ ਸਿਆਸਤ ਬਿਊਰੋ:** ਪਟਿਆਲਾ ਦੇ ਐਡੀਸ਼ਨ ਸੈਸ਼ਨਜ਼ ਜੱਜ ਰਵਦੀਪ ਸਿੰਘ ਹੁੰਦਲ ਨੇ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਐਫ.ਆਈ.ਆਰ. ਨੰ: 17/2010 ਅਧੀਨ ਧਾਰਾ 3/4/5 ਧਮਾਕਾਖੇਜ਼ ਸਮੱਗਰੀ ਐਕਟ, 25 ਅਸਲਾ ਐਕਟ, ਗ਼ੈਰ ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੀਆਂ ਧਾਰਾਵਾਂ 11, 13, 16, 17, 18, 20, ਥਾਣਾ ਸਦਰ, ਨਾਭਾ ਦੇ ਕੇਸ ਵਿਚੋਂ ਬਰੀ ਕਰ ਦਿੱਤਾ।



ਜ਼ਿਕਰਯੋਗ ਹੈ ਕਿ ਇਸ ਕੇਸ ਵਿਚ ਬਾਬਾ ਬਖਸ਼ੀਸ਼ ਸਿੰਘ, ਜਸਵੀਰ ਸਿੰਘ ਜੱਸਾ ਮਾਣਕੀ, ਹਰਜੰਤ ਸਿੰਘ ਬਿਜਲੀਵਾਲ ਤੇ ਹਕੀਕਤ ਰਾਏ ਨੂੰ ਨਾਮਜ਼ਦ ਕੀਤਾ ਗਿਆ ਸੀ ਅਤੇ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਭਗੌੜਾ' ਕਰਾਰ ਦਿੱਤਾ ਗਿਆ ਸੀ। ਬਾਅਦ ਵਿਚ ਬਾਬਾ ਬਖਸ਼ੀਸ਼ ਸਿੰਘ ਤੇ ਹਕੀਕਤ ਰਾਏ ਇਸ ਕੇਸ ਵਿਚੋਂ ਬਰੀ ਹੋਏ ਅਤੇ ਜਸਵੀਰ ਸਿੰਘ ਜੱਸਾ ਮਾਣਕੀ ਅਤੇ ਹਰਜੰਤ ਸਿੰਘ ਨੂੰ 5 ਸਾਲ ਦੀ ਸਜ਼ਾ ਸੁਣਾਈ ਗਈ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਹਰਮਿੰਦਰ ਸਿੰਘ ਮਿੰਟੂ ਦੇ ਵਕੀਲ ਸ. ਬਰਜਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਇਸ ਕੇਸ ਵਿਚ 12 ਦਸੰਬਰ 2014 ਨੂੰ ਸਕਿਉਰਿਟੀ ਜੇਲ੍ਹ ਨਾਭਾ ਤੋਂ ਲਿਆ ਕੇ ਗ੍ਰਿਫਤਾਰੀ ਪਾਈ ਗਈ ਸੀ ਅਤੇ ਭਾਈ ਮਿੰਟੂ ਪਾਸੋਂ ਇਸ ਕੇਸ ਵਿਚ ਨਾ ਤਾਂ ਕੋਈ ਬਰਾਮਦਗੀ ਹੋਈ ਸੀ ਅਤੇ ਨਾ ਹੀ ਪਹਿਲਾਂ ਸਜ਼ਾ ਪ੍ਰਾਪਤ ਬੰਦਿਆਂ ਨਾਲ ਕੋਈ ਸਬੰਧ ਸਾਬਤ ਹੋਇਆ ਹੈ। ਭਾਈ ਹਰਮਿੰਦਰ ਸਿੰਘ ਮਿੰਟੂ ਦੇ ਵਕੀਲ ਸ. ਜਸਪਾਲ ਸਿੰਘ ਮੰਝਪੁਰ ਨੇ ਸਿੱਖ ਸਿਆਸਤ ਨਿਊਜ਼ (SSN) ਨੂੰ ਦੱਸਿਆ ਕਿ ਭਾਈ ਮਿੰਟੂ ਦੇ 3 ਕੇਸ ਬਰੀ ਹੋ ਚੁੱਕੇ ਹਨ, 4 ਕੇਸਾਂ ਵਿਚੋਂ ਜ਼ਮਾਨਤ ਮਿਲ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਪਟਿਆਲਾ ਵਿਚ ਪਹਿਲਾਂ ਐਫ.ਆਈ.ਆਰ. ਨੰ: 7/2010 ਥਾਣਾ ਸਦਰ ਨਾਭਾ ਦਾ ਕੇਸ ਪਹਿਲਾਂ ਹੀ ਬਰੀ ਹੋ ਚੁੱਕਾ ਹੈ ਅਤੇ ਹੁਣ ਪਟਿਆਲਾ ਵਿਚ ਕੇਵਲ ਇਕ ਕੇਸ ਨਵੰਬਰ 2016 ਦਾ ਨਾਭਾ ਜੇਲ੍ਹ ਬਰੇਕ ਕੇਸ ਹੀ ਵਿਚਾਰ ਅਧੀਨ ਹੈ।

## ਭਾਈ ਮਿੰਟੂ ਤੇ ਰਤਨਦੀਪ ਸਿੰਘ ਧਮਾਕਾਖੇਜ਼ ਸਮੱਗਰੀ ਕੇਸ 'ਚੋਂ ਬਰੀ

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:** ਪੰਜਾਬ ਪੁਲਿਸ ਦੇ ਵਿਸ਼ੇਸ਼ ਆਪ੍ਰੇਸ਼ਨ ਸੈੱਲ ਵੱਲੋਂ 2 ਸਾਲ ਪਹਿਲਾ ਧਮਾਕਾਖੇਜ਼ ਸਮਗਰੀ ਅਤੇ ਗ਼ੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੀਆਂ ਧਾਰਾਵਾਂ ਤਹਿਤ ਗ੍ਰਿਫਤਾਰ ਕੀਤੇ ਗਏ ਭਾਈ ਹਰਮਿੰਦਰ ਸਿੰਘ ਮਿੰਟੂ ਅਤੇ ਭਾਈ ਰਤਨਦੀਪ ਸਿੰਘ ਨੂੰ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ ਹੈ।

ਬਚਾਅ ਪੱਖ ਦੇ ਵਕੀਲ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਸਿੱਖ ਸਿਆਸਤ ਨਿਊਜ਼ (SSN) ਨੂੰ ਦੱਸਿਆ ਕਿ ਰਾਜ ਵਿਸ਼ੇਸ਼ ਆਪਰੇਸ਼ਨ ਸੈਲ, ਅੰਮ੍ਰਿਤਸਰ ਨੇ 9 ਜੂਨ, 2010 ਨੂੰ ਐਫ.ਆਈ.ਆਰ. ਨੰ: 22 'ਚ ਧਾਰਾ 21, 25, 29 ਐਨਡੀਪੀਐਸ ਐਕਟ, ਧਾਰਾ 3, 4 ਅਤੇ 5 ਧਮਾਕਾਖੇਜ਼ ਸਮੱਗਰੀ, ਧਾਰਾ 17, 18, 19, 20 ਗ਼ੈਰ ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਸੀ।

ਐਡਵੋਕੇਟ ਮੰਝਪੁਰ ਨੇ ਦੱਸਿਆ, "ਇਹ ਕੇਸ ਪਹਿਲਾਂ ਹੋਰ ਬੰਦਿਆਂ 'ਤੇ 2010 'ਚ ਦਰਜ ਕੀਤਾ ਗਿਆ ਸੀ ਪਰ ਬਾਅਦ 'ਚ ਇਨ੍ਹਾਂ ਦੋਵਾਂ ਨੂੰ 2015 'ਚ ਇਸ ਮੁਕੱਦਮੇ 'ਚ ਨਾਮਜ਼ਦ ਕਰ ਦਿੱਤਾ ਗਿਆ। ਪੁਲਿਸ ਦੋਵਾਂ ਖਿਲਾਫ ਚਾਰਜਸ਼ੀਟ ਦਾਖਲ ਕਰਨ 'ਚ ਨਾਕਾਮ ਰਹੀ।"

**ਭਾਈ ਹਰਮਿੰਦਰ ਸਿੰਘ ਮਿੰਟੂ ਬਾਰੂਦ ਬਰਾਮਦਗੀ,ਗ਼ੈਰ ਕਾਨੂੰਨੀ ਗਤੀਵਿਧੀਆਂ(ਰੋਕੂ) ਐਕਟ ਦੇ ਕੇਸ ਵਿਚੋਂ ਬਰੀ...**

ਉਨ੍ਹਾਂ ਦੱਸਿਆ, "ਡੀ.ਐਸ.ਪੀ. ਬਲਦੇਵ ਸਿੰਘ ਨੇ ਆਪਣਾ ਬਿਆਨ ਦਰਜ ਕਰਵਾਇਆ ਅਤੇ ਐਡੀਸ਼ਨਲ ਸੈਸ਼ਨ ਜੱਜ ਸਰਬਜੀਤ ਸਿੰਘ ਧਾਲੀਵਾਲ ਨੇ ਠੋਸ ਸਬੂਤ ਨਾ ਹੋਣ ਕਾਰਨ ਭਾਈ ਹਰਮਿੰਦਰ ਸਿੰਘ ਮਿੰਟੂ ਅਤੇ ਰਤਨਦੀਪ ਸਿੰਘ ਨੂੰ ਬਰੀ ਕਰ ਦਿੱਤਾ।"

## ਕੌਮ ਨੂੰ ਆਪਸੀ ਖਾਨਾ ਜੰਗੀ ਦੇ ਮੂੰਹ ਵਿਚ ਧੱਕ ਰਹੇ ਅਨਸਰਾਂ ਕੋਲੋਂ ਸੁਚੇਤ ਹੋਣ ਦੀ ਲੋੜ : ਏਐਸਓ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਅਮੈਰਕਿਨ ਸਿੱਖ ਆਰਗੇਨਾਈਜੇਸ਼ਨ (ਏ ਐਸ ਓ) ਨੇ ਪਿਛਲੇ ਕੁਝ ਦਿਨਾਂ ਤੋਂ ਪੰਥਕ ਸੇਵਾ ਅੰਦਰ ਲਗਾਤਾਰ ਵੱਧ ਰਹੀਆਂ ਆਪਸੀ ਤਕਰਾਰ ਅਤੇ ਖਿੱਚਾਧੂਹ ਦੀਆਂ ਘਟਨਾਵਾਂ ਨੂੰ ਸਮੂਹ ਖਾਲਸਾ ਪੰਥ ਲਈ ਅਫਸੋਸਨਾਕ ਤੇ ਚਿੰਤਾ ਜਨਕ ਕਰਾਰ ਦਿੰਦਿਆਂ ਸੁਚੇਤ ਕੀਤਾ ਕਿ ਸਮੁੱਚੇ ਖਾਲਸਾ ਪੰਥ ਨੂੰ ਅਜਿਹੀਆਂ ਘਟਨਾਵਾਂ ਲਈ ਜ਼ਿੰਮੇਵਾਰ ਲੋਕਾਂ ਅਤੇ ਅਖੌਤੀ ਵਿਦਵਾਨਾਂ ਕੋਲੋਂ ਸਾਵਧਾਨ ਰਹਿਣ ਅਤੇ ਅਜਿਹੇ ਅਨਸਰਾਂ ਦਾ ਬਾਈਕਾਟ ਕਰਨ ਦੀ ਜ਼ਰੂਰਤ ਹੈ। ਅਮੈਰਕਿਨ ਸਿੱਖ ਆਰਗੇਨਾਈਜੇਸ਼ਨ ਦੇ ਸੀਨੀਅਰ ਆਗੂਆਂ ਭਾਈ ਦਵਿੰਦਰ ਸਿੰਘ ਕੈਲੀਫੋਰਨੀਆ, ਭਾਈ ਦੀਦਾਰ ਸਿੰਘ, ਭਾਈ ਮੋਹਣ ਸਿੰਘ ਦਾਸੂਵਾਲ, ਭਾਈ ਇੰਦਰਜੀਤ ਸਿੰਘ ਸਿਆਟਲ, ਭਾਈ ਗੁਰਦੇਵ ਸਿੰਘ ਸੋਹਲ, ਭਾਈ ਸੁਖਦੇਵ ਸਿੰਘ ਨਾਗਰਾ, ਭਾਈ ਕਰਨੈਲ ਸਿੰਘ, ਭਾਈ ਜਸਦੀਪ ਸਿੰਘ ਜੱਸੀ, ਭਾਈ ਅਮਰਦੀਪ ਸਿੰਘ ਅਮਰ, ਭਾਈ ਸੱਤਪ੍ਰਕਾਸ਼ ਸਿੰਘ ਨਿਊਯਾਰਕ, ਯੂਥ ਆਗੂ ਭਾਈ ਸਰਨਜੀਤ ਸਿੰਘ ਅਤੇ ਭਾਈ ਹਰਵਿੰਦਰ ਸਿੰਘ ਵੱਲੋਂ ਸਾਂਝੇ ਰੂਪ ਵਿਚ ਜਾਰੀ ਪ੍ਰੈਸ ਬਿਆਨ ਰਾਹੀਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਕੌਮ ਨੂੰ ਦਿਨ-ਬ-ਦਿਨ ਪੰਥ ਨੂੰ ਘਰੇਲੂ ਖਾਨਾਜੰਗੀ ਵੱਲ ਧਕੇਲਣ ਦੀਆਂ ਨਾਪਾਕ ਕੋਸ਼ਿਸ਼ਾਂ ਕਰ ਰਹੀਆਂ ਧਿਰਾਂ ਤੇ ਅਖਾਉਤੀ ਵਿਵਾਦ ਗ੍ਰਸਤ ਆਪੂੰ ਬਣੇ ਵਿਦਵਾਨਾਂ ਨੂੰ ਮੂੰਹ ਨਾ ਲਗਾਉਣ। ਏ ਐਸ ਓ ਦੇ ਆਗੂਆਂ ਨੇ ਦੇਸ਼ ਵਿਦੇਸਾਂ ਦੀਆਂ ਗੁਰਦੁਆਰਾ ਸਾਹਿਬਾਨਾਂ ਦੀਆਂ ਕਮੇਟੀਆਂ ਨੂੰ ਵੀ ਅਪੀਲ ਕੀਤੀ ਕਿ ਗੁਰਮਤਿ ਸਿਧਾਂਤ ਦੇ ਚਾਰ ਪ੍ਰਮੱਥ ਥੰਮਾਂ ਬਾਣੀ, ਬਾਣਾ, ਸੇਵਾ ਤੇ ਸਿਮਰਨ ਉਪਰ ਕਟਾਕਸ਼, ਨੁਕਤਾਚੀਨੀ ਜਾਂ ਵਿਵਾਦਗ੍ਰਸਤ ਲੈਕਚਰ ਕਥਾ ਕਰਨ ਵਾਲੇ ਪ੍ਰਚਾਰਕਾਂ ਨੂੰ ਸਟੇਜਾਂ ਤੋਂ ਟਾਇਮ ਦੇਣ ਤੋਂ ਗੁਰੇਜ਼ ਕੀਤਾ ਜਾਵੇ। ਸਾਰੇ ਆਗੂਆਂ ਨੇ ਜ਼ੋਰ ਦੇ ਕੇ ਕਿਹਾ ਕਿ ਕੌਮ ਨੂੰ ਆਪਸੀ ਤੇ ਮਹਿਯਾਦਾ ਸਬੰਧੀ ਮਸਲਿਆਂ ਵਿਚ ਉਲਝਣ ਦੀ ਬਜਾਇ ਕੌਮੀ ਆਜ਼ਾਦੀ ਪ੍ਰਤੀ ਬਚਨਬੱਧ ਹੋਣ ਦੀ ਵਧੇਰੇ ਲੋੜ ਹੈ।

# ਲੰਡਨ : 9 ਮਹੀਨਿਆਂ ’ਚ 5ਵਾਂ ਦਹਿਸ਼ਤੀ ਹਮਲਾ, ਟਿਊਬ ਟਰੇਨ ’ਚ ਧਮਾਕੇ ਨਾਲ 22 ਜ਼ਖ਼ਮੀ

**ਲੰਡਨ/ਬਿਊਰੋ ਨਿਊਜ਼** :ਲੰਡਨ ਦੇ ਇਕ ਭੀੜ-ਭੜੱਕੇ ਵਾਲੇ ਜ਼ਮੀਨਦੋਜ਼ ਮੈਟਰੋ ਸਟੇਸ਼ਨ ਵਿੱਚ ਮੁਸਾਫ਼ਰਾਂ ਦੀ ਭਾਰੀ ਆਮਦੋ-ਰਫ਼ਤ ਦੌਰਾਨ ਹੋਏ ਬੰਬ ਧਮਾਕੇ ਕਾਰਨ ਘੱਟੋ-ਘੱਟ 22 ਵਿਅਕਤੀ ਜ਼ਖ਼ਮੀ ਹੋ ਗਏ। ਜ਼ਿਆਦਾਤਰ ਵਿਅਕਤੀ ਦੇ ਚਿਹਰੇ ਝੁਲਸੇ ਹਨ। ਟਾਈਮਰ ਲੱਗੇ ਹੋਣ ਦੇ ਬਾਵਜੂਦ ਧਮਾਕਾ ਠੀਕ ਤਰ੍ਹਾਂ ਨਹੀਂ ਫਟਿਆ, ਨਹੀਂ ਤਾਂ ਕਈ ਜਾਨਾਂ ਜਾ ਸਕਦੀਆਂ ਸਨ। ਬਰਤਾਨੀਆ ਵਿਚ 9 ਮਹੀਨਿਆਂ ਵਿਚ ਇਹ 5ਵਾਂ ਦਹਿਸ਼ਤੀ ਹਮਲਾ ਹੈ।

ਇਹ ਧਮਾਕਾ ਦੱਖਣ-ਪੱਛਮੀ ਲੰਡਨ ਵਿੱਚ ਡਿਸਟ੍ਰਿਕਟ ਲਾਈਨ ਟਿਊਬ ਵਿੱਚ ਉਦੋਂ ਹੋਇਆ ਜਦੋਂ ਇਕ ਗੱਡੀ ਪਾਰਸਨਜ਼ ਗਰੀਨ ਸਟੇਸ਼ਨ ਵਿੱਚ ਦਾਖ਼ਲ ਹੋਈ। ਸਕਾਟਲੈਂਡ ਯਾਰਡ ਨੇ ਕਿਹਾ ਕਿ ਇਹ ਧਮਾਕਾ ਇਕ ‘ਬਾਲਟੀ ਬੰਬ’ ਰਾਹੀਂ ਕੀਤਾ ਗਿਆ। ਲੰਡਨ ਐਂਬੂਲੈਂਸ ਸਰਵਿਸ ਮੁਤਾਬਕ ਉਨ੍ਹਾਂ 18 ਜ਼ਖ਼ਮੀਆਂ ਨੂੰ ਹਸਪਤਾਲ ਲਿਆਂਦਾ, ਜਦੋਂਕਿ ਚਾਰ ਹੋਰ ਜ਼ਖ਼ਮੀ ਆਪਣੇ ਆਪ ਹਸਪਤਾਲ ਪੁੱਜੇ ਹਨ। ਇਨ੍ਹਾਂ ਵਿੱਚੋਂ ਬਹੁਤੇ ਝੁਲਸੇ ਹੋਏ ਹਨ। ਇਹ ਇਸ ਸਾਲ ਦੌਰਾਨ ਬਰਤਾਨੀਆ ਵਿੱਚ ਹੋਇਆ ਪੰਜਵਾਂ ਦਹਿਸ਼ਤੀ ਹਮਲਾ ਹੈ, ਪਰ ਇਸ ਵਾਰ ਕਿਸੇ ਮਾਸੂਮ ਦੀ ਜਾਨ ਜਾਣ ਤੋਂ ਬਚਾਅ ਰਿਹਾ। ਇਸ ਤੋਂ ਪਹਿਲੇ ਚਾਰ ਹਮਲਿਆਂ ਵਿੱਚ 36 ਮੌਤਾਂ ਹੋਈਆਂ ਹਨ।



ਲੰਡਨ ਦੇ ਮੈਟਰੋ ਸਟੇਸ਼ਨ ਵਿੱਚ ਹੋਏ ਬੰਬ ਧਮਾਕੇ ਤੋਂ ਬਾਅਦ ਸੁਰੱਖਿਆ ਮੁਲਾਜ਼ਮ ਕੰਬਲ ਵਿੱਚ ਲਪੇਟੀ ਹੋਈ ਇਕ ਔਰਤ ਨੂੰ ਸੁਰੱਖਿਅਤ ਥਾਂ ਵੱਲ ਲਿਜਾਂਦੇ ਹੋਏ।

## ਬੁਜ਼ਦਿਲ ਦਹਿਸ਼ਤਗਰਦਾਂ ਦਾ ਕਾਰਾ: ਟਰੰਪ

ਵਾਸ਼ਿੰਗਟਨ: ਅਮਰੀਕੀ ਸਦਰ ਡੋਨਲਡ ਟਰੰਪ ਨੇ ਲੰਡਨ ਹਮਲੇ ਲਈ ‘ਬੁਜ਼ਦਿਲ ਦਹਿਸ਼ਤਰਗਦਾਂ’ ਦੀ ਸਖ਼ਤ ਨਿਖੇਧੀ ਕੀਤੀ ਹੈ। ਆਪਣੀ ਟਵੀਟ ਵਿੱਚ ਉਨ੍ਹਾਂ ਕਿਹਾ, “ਇਕ ਬੁਜ਼ਦਿਲ ਅਤਿਵਾਦੀ ਵੱਲੋਂ ਲੰਡਨ ਵਿੱਚ ਇਕ ਹੋਰ ਹਮਲਾ।” ਉਨ੍ਹਾਂ ਕਿਹਾ, “ਇਹ ਬਿਮਾਰ ਤੇ ਜਨੂੰਨੀ ਲੋਕ ਹਨ ਜੋ ਸਕਾਟਲੈਂਡ ਯਾਰਡ ਦੀ ਨਜ਼ਰ ਵਿਚ ਸਨ।” ਇਨ੍ਹਾਂ ਬੁਜ਼ਦਿਲ ਦਹਿਸ਼ਤਗਰਦਾਂ ਖ਼ਿਲਾਫ਼ ਲਾਜ਼ਮੀ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।”

ਅਸਿਸਟੈਂਟ ਕਮਿਸ਼ਨਰ ਮਾਰਕ ਕਰਾਊਲੀ ਨੇ ਕਿਹਾ ਕਿ ਉਨ੍ਹਾਂ ਦਾ ‘ਅੰਦਾਜ਼ਾ’ ਹੈ ਕਿ ਇਹ ਧਮਾਕਾ ਇਕ ਆਈਈਡੀ ਰਾਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਲੰਡਨ ਵਿੱਚ ਤੇ ਖ਼ਾਸਕਰ ਟਰਾਂਸਪੋਰਟ ਨੈਟਵਰਕ ਵਿੱਚ ਵਧੇਰੇ ਪੁਲੀਸ ਮੁਲਾਜ਼ਮ ਤਾਇਨਾਤ ਕੀਤੇ ਜਾਣਗੇ, ਪਰ ਉਨ੍ਹਾਂ ਇਸ ਸਬੰਧੀ ਕਿਸੇ ਗ੍ਰਿਫ਼ਤਾਰੀ ਬਾਰੇ ਕੁਝ ਵੀ ਦੱਸਣ ਤੋਂ ਨਾਂਹ ਕਰ ਦਿੱਤੀ।

ਬਰਤਾਨਵੀ ਮੀਡੀਆ ਨੇ ਇਕ ਸੁਪਰਮਾਰਕੀਟ ਬੈਗ ਵਿੱਚ ਰੱਖੀ ਤੇ ਸੜਦੀ ਹੋਈ ਇਕ ਸਫ਼ੈਦ ਬਾਲਟੀ ਦੀਆਂ ਤਸਵੀਰਾਂ ਨਸ਼ਰ ਕੀਤੀਆਂ ਹਨ। ਇਸ ਬਾਲਟੀ ਵਿੱਚੋਂ ਕੁਝ ਤਾਰਾਂ ਵੀ ਫ਼ਰਸ਼ ’ਤੇ ਲਮਕ ਰਹੀਆਂ ਹਨ। ਧਮਾਕੇ ਕਾਰਨ ਅਨੇਕਾਂ ਲੋਕਾਂ ਦੇ ਚਿਹਰੇ ਝੁਲਸ ਜਾਣ ਦੀ ਗੱਲ ਕਹੀ ਗਈ ਹੈ। ਇਸ ਦੌਰਾਨ ਲੋਕਾਂ ਵੱਲੋਂ ਬਚਾਅ ਲਈ ਭੱਜਣ ਕਾਰਨ ਕੁਝ ਲੋਕ ਭਗਦੜ ਦਾ ਵੀ ਸ਼ਿਕਾਰ ਹੋਏ।

ਪਾਰਸਨਜ਼ ਗਰੀਨ ਟਿਊਬ ਸਟੇਸ਼ਨ ਵਿੱਚ ਘਟਨਾ ਸਥਾਨ ਦਾ ਸਾਰਾ ਕੰਟਰੋਲ ਸਕਾਟਲੈਂਡ ਯਾਰਡ ਦੇ ਦਹਿਸ਼ਤਗਰਦੀ-ਰੋਕੂ ਦਸਤੇ ਐਸਓ15 ਨੇ ਸੰਭਾਲ ਲਿਆ ਸੀ ਤੇ ਜਾਂਚ ਸ਼ੁਰੂ ਕਰ ਦਿੱਤੀ ਸੀ। ਪੁਲੀਸ ਨੇ ਇਕ ਬਿਆਨ ਵਿੱਚ ਕਿਹਾ, “ਦਹਿਸ਼ਤਰਗਦੀ-ਰੋਕੂ ਮਾਮਲਿਆਂ ਦੇ ਸੀਨੀਅਰ ਕੌਮੀ ਕੋਆਰਡੀਨੇਟਰ ਡਿਪਟੀ ਅਸਿਸਟੈਂਟ ਕਮਿਸ਼ਨਰ ਨੀਲ ਬਾਸੂ ਨੇ ਘਟਨਾ ਨੂੰ ਦਹਿਸ਼ਤੀ ਹਮਲਾ ਕਰਾਰ ਦਿੱਤਾ ਹੈ।” ਬਿਆਨ ਮੁਤਾਬਕ, “ਅੱਗ ਲੱਗਣ (ਧਮਾਕੇ ਪਿੱਛੋਂ) ਦੇ ਕਾਰਨਾਂ ਬਾਰੇ ਕੁਝ ਕਹਿਣਾ ਹਾਲੇ ਜਲਦਬਾਜ਼ੀ ਹੋਵੇਗੀ। ਇਸ ਦਾ ਪਤਾ ਜਾਂਚ ਤੋਂ ਹੀ ਲੱਗੇਗਾ, ਜੋ ਕੀਤੀ ਜਾ ਰਹੀ ਹੈ। ਸਟੇਸ਼ਨ ਨੂੰ ਬੰਦ ਰੱਖਿਆ ਗਿਆ ਹੈ ਤੇ ਅਸੀਂ ਲੋਕਾਂ ਨੂੰ ਇਸ ਪਾਸੇ ਨਾ ਆਉਣ ਦੀ ਸਲਾਹ ਦਿੰਦੇ ਹਾਂ।“ ਪ੍ਰਧਾਨ ਮੰਤਰੀ ਟਰੇਜ਼ਾ ਮੇਅ ਦੇ ਦਫ਼ਤਰ ਨੇ ਇਕ ਬਿਆਨ ਵਿੱਚ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ‘ਲਗਾਤਾਰ ਘਟਨਾ ਬਾਰੇ ਜਾਣਕਾਰੀ’ ਲਈ ਜਾ ਰਹੀ ਹੈ। ਬੀਬੀ ਮੇਅ ਨੇ ਆਪਣੀ ਟਵੀਟ ਵਿੱਚ ਕਿਹਾ, “ਪਾਰਸਨਜ਼ ਗਰੀਨ ਵਿੱਚ ਧਮਾਕੇ ਦੌਰਾਨ ਜ਼ਖ਼ਮੀ ਹੋਏ ਲੋਕਾਂ ਨਾਲ ਮੈਨੂੰ ਹਮਦਰਦੀ ਹੈ ਤੇ ਐਮਰਜੈਂਸੀ ਸੇਵਾਵਾਂ ਵੱਲੋਂ ਇਸ ਦਹਿਸ਼ਤੀ ਹਮਲੇ ਸੰਬਧੀ ਦਲੇਰੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ।”

## ਸਿੱਖ ਕਤਲੇਆਮ ਮਾਮਲਿਆਂ ’ਚ ਸੱਜਣ-ਟਾਈਟਲਰ ਸਮੇਤ 9 ਕੇਸ ਫ਼ੈਸਲੇ ਦੇ ਨੇੜੇ : ਫੂਲਕਾ

**ਜਗਰਾਉਂ/ਬਿਊਰੋ ਨਿਊਜ਼** : ’84 ਦੇ ਸਿੱਖ ਕਤਲੇਆਮ ਦੇ ਲੰਬੇ ਸਮੇਂ ਤੋਂ ਅਦਾਲਤਾਂ ਵਿਚ ਲਟਕਦੇ ਆ ਰਹੇ ਕੇਸਾਂ ਸਬੰਧੀ ਮਾਮਲਿਆਂ ਦੀ ਕਨੂੰਨੀ ਪ੍ਰਕਿਰਿਆ ਨਾਲ ਜੁੜੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ ਨੇ ਕਿਹਾ ਕਿ ਇਸ ਸਮੇਂ ਵੱਖ-ਵੱਖ ਅਦਾਲਤਾਂ ਵਿਚ ਦਿੱਲੀ ਸਿੱਖ ਕਤਲੇਆਮ ਨਾਲ ਸਬੰਧਤ 9 ਮਾਮਲੇ ਫ਼ੈਸਲੇ ਨੇੜੇ ਹਨ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਕੇਂਦਰ ਸਰਕਾਰ ਵਲੋਂ ਬਣਾਈ ਐੱਸ.ਆਈ.ਟੀ. ਵਲੋਂ ਬੰਦ ਕੀਤੇ 242 ਮਾਮਲਿਆਂ ਨੂੰ ਮੁੜ ਸ਼ੁਰੂ ਕਰਵਾਉਣ ਲਈ ਵੀ ਸੁਪਰੀਮ ਦੇ ਦੋ ਸਾਬਕਾ ਜੱਜਾਂ ਦੀ ਉੱਚ ਅਦਾਲਤ ਵਲੋਂ ਬਣਾਈ ਕਮੇਟੀ ਕੇਸਾਂ ਨੂੰ ਦੇਖ ਰਹੀ ਹੈ।



ਫੂਲਕਾ ਨੇ ਇਹ ਵੀ ਆਖਿਆ ਕਿ ਭਾਵੇਂ ਇਨ੍ਹਾਂ ਮਾਮਲਿਆਂ ਵਿਚ ਮੁੱਖ ਦੋਸ਼ੀ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਦੀ ਵੀ ਸ਼ਰ੍ਹੇਆਮ ਭੂਮਿਕਾ ਸਪਸ਼ਟ ਹੈ ਪਰ ਸੀ.ਬੀ.ਆਈ. ਟਾਈਟਲਰ ਨੂੰ ਬਚਾਉਣਾ ਚਾਹੁੰਦੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਅੰਕੜਿਆਂ ਮੁਤਾਬਕ ਰਾਜਧਾਨੀ ਵਿਚ ਮਰੇ 2733 ਸਿੱਖ, ਜੋ ਇਸੇ ਦੇਸ਼ ਦੇ ਨਾਗਰਿਕ ਸਨ ਦੇ ਮਾਮਲਿਆਂ ਵਿਚ ਪਹਿਲਾਂ ਉਸ ਸਮੇਂ ਪੁਲਿਸ ਵਲੋਂ ਬੇਨਾਮੇ ਮਾਮਲੇ ਦਰਜ ਕਰਨ ਖ਼ਿਲਾਫ਼ ਕਾਨੂੰਨੀ ਲੜਾਈ ਲੜ ਕੇ ਕੇਸਾਂ ਵਿਚ ਦੋਸ਼ੀਆਂ ਦੇ ਨਾਂਅ ਪਵਾਉਣ ਤੋਂ ਲੈ ਕੇ ਇਸ ਤੋਂ ਬਾਅਦ ਦਰਜ ਮਾਮਲਿਆਂ ਵਿਚ ਪੁਲੀਸ ਵਲੋਂ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਕੰਮ ਕਰਨ ਦੀ ਬਜਾਏ ਵਾਰ-ਵਾਰ ਕੇਸਾਂ ਨੂੰ ਤੋੜ ਦੇਣਾ, ਮੌਕੇ ਦੇ ਗਵਾਹਾਂ ਨੂੰ ਡਰਾ ਧਮਕਾ ਕੇ ਕੇਸਾਂ ਨੂੰ ਲਗਾਤਾਰ ਖ਼ਤਮ ਕਰਵਾਉਣ ਲਈ ਸਰਕਾਰੀ ਤੰਤਰ ਵਲੋਂ ਹੁੰਦੀ ਰਹੀ ਚਾਰਾਜ਼ੋਈ ਵਿਰੁੱਧ ਵੀ ਅਦਾਲਤਾਂ ਵਿਚ ਉਹ ਲੜਾਈ ਲੜਦੇ ਆ ਰਹੇ ਹਨ ਤੇ ਕਈ ਮਾਮਲਿਆਂ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਿਚ ਵੀ ਸਫ਼ਲ ਰਹੇ ਹਨ। ਉਨ੍ਹਾਂ ਸਰਕਾਰਾਂ ਦੀ ਭੂਮਿਕਾ ਦੇ ਮੁੱਦੇ ’ਤੇ ਪੁੱਛੇ ਸਵਾਲ ਦੇ ਜਵਾਬ ਵਿਚ ਕਿਹਾ ਕਿ ਕਾਂਗਰਸ ਜਾਂ ਭਾਜਪਾ ਦੀਆਂ ਸਰਕਾਰਾਂ ਕਮਿਸ਼ਨ ਬਣਾ ਕੇ ਮਾਮਲਿਆਂ ਦੀਆਂ ਜਾਂਚ ਰਿਪੋਰਟ ਲੈਣ ਤੱਕ ਹੀ ਸੀਮਤ ਰਹੀਆਂ ਹਨ।

# ਧਰਮ ਯੁੱਧ ਮੋਰਚਾ ’ਚ ਸ਼ਹੀਦ ਹੋਏ 34 ਸਿੰਘਾਂ ਦੇ ਪਰਿਵਾਰਾਂ ਨੂੰ ਮੁਆਵਜ਼ੇ ਦੀ ਆਸ ਬੱਝੀ

**ਨੂਰਪੁਰ ਬੇਦੀ/ਬਿਊਰੋ ਨਿਊਜ਼** : ਸ਼੍ਰੋਮਣੀ ਅਕਾਲੀ ਦਲ ਵੱਲੋਂ 1982 ‘ਚ ਹਰਚੰਦ ਸਿੰਘ ਲੌਂਗੋਵਾਲ ਤੇ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਅਗਵਾਈ ਹੇਠ ਲਾਏ ਗਏ ਧਰਮ ਯੁੱਧ ਮੋਰਚੇ ਤਹਿਤ 11 ਸਤੰਬਰ ਦੀ ਰਾਤ 10:55 ’ਤੇ ਅੰਮ੍ਰਿਤਸਾਰ ਤੋਂ ਤਰਨਤਾਰਨ ਰੇਲਵੇ ਫਾਟਕ ’ਤੇ ਰੋਡਵੇਜ਼ ਦੀ ਬੱਸ ਦੇ ਰੇਲ ਨਾਲ ਟਕਰਾਉਣ ਕਾਰਨ ਸ਼ਹੀਦ ਹੋਏ 34 ਸਿੰਘਾਂ ਦੇ ਪਰਿਵਾਰਾਂ ਦੇ ਇੱਕ ਮੈਂਬਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਨੌਕਰੀ ਦੇਣ ਦੇ ਐਲਾਨ ਤੋਂ ਬਾਅਦ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਇਸ ਨੂੰ ਦੇਰੀ ਨਾਲ ਲਿਆ ਗਿਆ ਸਹੀ ਫੈਸਲਾ ਦੱਸਿਆ ਗਿਆ।

ਧਰਮ ਯੁੱਧ ਮੋਰਚੇ ਦੇ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ 34 ਸਿੰਘ ਸ਼ਹੀਦ ਕਲਵਾਂ ਮੋੜ ਵਿੱਚ ਕੀਤੇ ਗਏ ਸ਼ਹੀਦੀ ਸਮਾਗਮ ਵਿਚ ਪ੍ਰੋ. ਬਡੂੰਗਰ ਵੱਲੋਂ ਇਹ ਐਲਾਨ ਇਸੇ ਮਹੀਨੇ 9 ਸਤੰਬਰ ਨੂੰ ਕੀਤਾ ਗਿਆ। ਸ਼ਹੀਦ ਹੋਏ ਨਸੀਬ ਸਿੰਘ ਕਲਵਾਂ ਦੇ ਭਰਾ ਗਿਆਨੀ ਰਾਮ ਸਿੰਘ ਕਲਵਾਂ ਨੇ ਇਥੇ ਦੱਸਿਆ ਕਿ ਸ਼ਹੀਦਾਂ ਦੇ



ਪਰਿਵਾਰ ਅੱਜ ਤੱਕ ਮੰਦਹਾਲੀ ਦਾ ਸ਼ਿਕਾਰ ਰਹੇ ਹਨ ਤੇ ਕਈਆਂ ਦਾ ਗੁਜ਼ਾਰਾ ਅੱਜ ਵੀ ਬੜੀ ਮੁਸ਼ਕਲ ਨਾਲ ਚੱਲ ਰਿਹਾ ਹੈ।

ਪੰਜਾਬ ਰੋਡਵੇਜ਼, ਰੇਲਵੇ ਵਿਭਾਗ ਅਤੇ ਪੁਲੀਸ ਵੱਲੋਂ ਹਾਦਸੇ ਦੌਰਾਨ ਵਰਤੀ ਗਈ ਅਣਗਹਿਲੀ ਤੇ ਪੀੜਤ ਪਰਿਵਾਰਾਂ ਲਈ ਮੁਆਵਜ਼ੇ ਨੂੰ ਲੈ ਕੇ ਸ਼ਹੀਦ ਪਰਿਵਾਰਾਂ ਵੱਲੋਂ ਉਸ ਵੇਲੇ ਇੱਕ ਕੇਸ ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਅੰਮ੍ਰਿਤਸਰ ਕੋਲ ਦਰਜ ਕੀਤਾ ਗਿਆ ਸੀ, ਜਿਸ ਦੀ ਸੁਣਵਾਈ ਕਰਦਿਆਂ ਤਤਕਾਲੀ ਜੱਜ ਐੱਮਐੱਸ ਭੱਲਾ ਨੇ 4 ਅਕਤੂਬਰ 1991 ਨੂੰ ਪੀੜਤ ਪਰਿਵਾਰਾਂ ਲਈ 25 ਤੋਂ 80 ਹਜ਼ਾਰ ਰੁਪਏ ਤੱਕ ਦਾ ਮੁਆਵਜ਼ਾ ਰੇਲਵੇ ਵਿਭਾਗ ਅਤੇ ਪੰਜਾਬ ਰੋਡਵੇਜ਼ ਨੂੰ ਅਦਾ ਕਰਨ ਦੇ ਹੁਕਮ ਜਾਰੀ ਕੀਤੇ ਸਨ, ਪਰ ਮੁਆਵਜ਼ੇ ਨੂੰ ਵਧਾਉਣ ਦੀ ਮੰਗ ਨੂੰ ਲੈ ਕੇ ਸ਼ਹੀਦ ਪਰਿਵਾਰਾਂ ਵੱਲੋਂ ਅਗਲੀ ਅਪੀਲ 1992 ਵਿਚ ਪੰਜਾਬ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿੱਚ ਦਾਇਰ ਕੀਤੀ ਗਈ। ਸ਼ਹੀਦ ਨਸੀਬ ਸਿੰਘ ਕਲਵਾਂ ਦੇ ਭਰਾ ਗਿਆਨੀ ਰਾਮ ਸਿੰਘ ਕਲਵਾਂ ਨੇ ਦੱਸਿਆ ਕਿ ਹਾਈਕੋਰਟ ਨੇ ਆਪਣੇ ਫੈਸਲੇ ਵਿੱਚ ਰੇਲਵੇ ਵਿਭਾਗ ਦੇ ਰੋਡਵੇਜ਼ ਨੂੰ 80 ਹਜ਼ਾਰ ਰੁਪਏ ਦੀ ਰਾਸ਼ੀ ਨੂੰ 8 ਫ਼ੀਸਦ ਵਧਾ ਕੇ ਉਕਤ ਪਰਿਵਾਰਾਂ ਨੂੰ ਦੇਣ ਦੇ ਆਦੇਸ਼ ਜਾਰੀ ਕੀਤੇ ਸਨ, ਜੋ ਅੱਜ ਤੱਕ ਲਾਗੂ ਨਹੀਂ ਹੋਏ। ਗਿਆਨੀ ਰਾਮ ਸਿੰਘ ਨੇ ਪ੍ਰੋ. ਬਡੂੰਗਰ ਦੇ ਨੌਕਰੀ ਦੇਣ ਦੇ ਫੈਸਲੇ ਨੂੰ ਮਹੱਤਵਪੂਰਨ ਦੱਸਦਿਆਂ ਉਕਤ ਦੋਵੇਂ ਸਰਕਾਰੀ ਵਿਭਾਗਾਂ ਤੋਂ ਸ਼ਹੀਦ ਪਰਿਵਾਰਾਂ ਨੂੰ ਕਲੇਮ ਦਿਵਾਉਣ ਦੀ ਮੰਗ ਵੀ ਕੀਤੀ।

# ਆਪਣਾ ਪੰਜਾਬ ਮੀਡੀਆ ਦੀ 13ਵੀਂ ਵਰ੍ਹੇਗੰਢ ਦੌਰਾਨ ਸੰਪਾਦਕ ਗੁਰਮੀਤ ਸਿੰਘ ਦਾ ਕਈ ਸਰਕਾਰੀ ਵਿਭਾਗਾਂ ਵੱਲੋਂ ਸਨਮਾਨ

**ਨਿਊਯਾਰਕ/ਹੁਸਨ ਲੜੋਆ ਬੰਗਾ:**

ਆਪਣਾ ਪੰਜਾਬ ਮੀਡੀਆ ਵੱਲੋਂ ਆਪਣੀ 13ਵੀਂ ਵਰ੍ਹੇਗੰਢ ਬਹੁਤ ਹੀ ਸ਼ਾਨਦਾਰ ਅਤੇ ਸਫਲਤਾ ਪੂਰਵਕ ਮਨਾਈ ਗਈ। ਰਿਚੀਰਿਚ ਪੈਲਸ ਰਿਚਮੰਡ ਹਿਲ ਨਿਊਯਾਰਕ ਵਿਖੇ ਬੀਤੇ ਦਿਨੀਂ ਕਰਵਾਏ ਗਏ ਸਮਾਰੋਹ ਵਿਚ ਵੱਡੀ ਗਿਣਤੀ ਵਿਚ ਉਚ ਸਖਸ਼ੀਅਤਾਂ ਪਹੁੰਚੀਆਂ। ਇਸ ਮੌਕੇ ਆਪਣਾ ਪੰਜਾਬ ਵੱਲੋਂ ਇਲੈਕਟ੍ਰਾਨਿਕਸ ਮੀਡੀਆ ਦੇ ਖੇਤਰ ਵਿਚ ਸਥਾਪਤੀ ਕਰਦਿਆਂ “ਆਪਣਾ ਪੰਜਾਬ ਐਨ ਆਰ ਆਈ ਟੀ ਵੀ” ਲਾਂਚ ਕੀਤਾ ਗਿਆ।

ਪਾਰਟੀ ਹਾਲ ਵਿਚ ਬਕਾਇਦਾ ਵੱਡੀ ਸਕਰੀਨ ‘ਤੇ ਆਏ ਸੱਜਣਾਂ ਨੂੰ ਆਪਣਾ ਪੰਜਾਬ ਐਨ ਆਰ ਆਈ ਟੀ ਵੀ ਦੇ ਲਾਈਵ ਪ੍ਰੋਗਰਾਮ ਦਿਖਾਏ ਗਏ। ਵੱਖ ਵੱਖ ਬੁਲਾਰਿਆਂ ਨੇ ਆਪਣੇ ਸੰਬੋਧਨ ਵਿਚ ਜਿੱਥੇ ਆਪਣਾ ਪੰਜਾਬ ਦੇ ਸੀ ਈ ਓ ਅਤੇ ਪ੍ਰੈਜ਼ੀਡੈਂਟ ਗੁਰਮੀਤ ਸਿੰਘ ਆਪਣਾ ਪੰਜਾਬ ਨੂੰ ਵਧਾਈਆਂ ਦਿੱਤੀਆਂ ਉਥੇ ਉਨ੍ਹਾਂ ਦੀ ਸਮਾਜ ਸੇਵਾ ਅਤੇ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਬੌਬੀ ਕੁਮਾਰ ਵੱਲੋਂ ਗੁਰਮੀਤ ਸਿੰਘ



ਆਪਣਾ ਪੰਜਾਬ ਨੂੰ ਵੱਖ ਵੱਖ ਸਰਕਾਰੀ ਵਿਭਾਗਾਂ ਵੱਲੋਂ ਦਿੱਤੇ ਗਏ ਸਨਮਾਨ ਪੱਤਰ ਅਤੇ ਸਨਮਾਨ ਸਮਾਰੋਹ ਦੇ ਸੱਦਾ ਪੱਤਰ ਵੀ ਭਾਈਚਾਰੇ ਦੇ ਇਕੱਠ ਨੂੰ ਸੌਂਪੇ ਗਏ। ਇਨ੍ਹਾਂ ਵਿਚ ਮੁੱਖ ਤੌਰ ‘ਤੇ ਟਾਊਨ ਆਫ ਓਸਟਰ ਬੇਅ ਨਿਊਯਾਰਕ, ਟਾਊਨ ਆਫ ਨੌਰਥ ਹੈਂਪਸਟਿਡ, ਆਫਿਸ ਆਫ ਦਾ ਐਗਜ਼ੀਕਿਊਟਿਵ ਨਿਊਯਾਰਕ ਤੇ ਇਸ ਦੇ ਨਾਲ ਹੀ ਫਰੈਂਡਜ਼ ਫਾਰ ਗੁਡ ਹੈਲਥ, ਮੋਂਟੇ ਸੋਰੀ ਮਾਡਲ ਯੂਨਾਈਟਿਡ ਨੈਸ਼ਨਜ਼, ਆਲ ਅਮਰੀਕਨ ਪੋਲੀਟੀਕਲ ਪਾਰਟੀ ਯੂ ਐਸ ਏ ਦਾ ਜੈਕ ਬਿਰੇਵਰ ਫਾਉਂਡੇਸ਼ਨ ਦਾ ਸਾਂਝਾ ਸਨਮਾਨ ਪੱਤਰ ਵੀ ਸ਼ਾਮਲ ਸਨ.

ਬੌਬੀ ਕੁਮਾਰ ਨੇ ਦਸਿਆ ਕਿ ਇਨ੍ਹਾਂ ਸਰਕਾਰੀ ਵਿਭਾਗਾਂ ਵੱਲੋਂ ਇਹ ਸਨਮਾਨ ਗੁਰਮੀਤ ਸਿੰਘ ਆਪਣਾ ਪੰਜਾਬ ਨੂੰ ਉਨ੍ਹਾਂ ਦੀ ਸਾਰਥਕ ਸੋਚ ਅਤੇ ਜ਼ਿੰਮੇਵਾਰ ਪੱਤਰਕਾਰੀ ਲਈ ਦਿੱਤੇ ਗਏ ਹਨ। ਇਹ ਸਨਮਾਨ ਪੱਤਰ ਉਨ੍ਹਾਂ ਦੇ ਕੰਮਾਂ ਨੂੰ ਮਾਨਤਾ ਦਿੰਦੇ ਹਨ। ਸਮਾਰੋਹ ਵਿਚ ਵੱਖ ਵੱਖ ਧਾਰਮਿਕ, ਸਮਾਜਿਕ, ਸਿਆਸੀ ਅਤੇ ਭਲਾਈ ਸੁਸਾਇਟੀਆਂ ਤੇ ਜਥੇਬੰਦੀਆਂ ਦੇ ਨੁਮਾਇੰਦੇ ਸਿੱਖ ਕਲਚਰਲ ਸੁਸਾਇਟੀ ਤੋਂ ਗੁਰਦੇਵ ਸਿਘੰ ਕੰਗ, ਪ੍ਰਧਾਨ ਕੁਲਦੀਪ ਸਿੰਘ ਢਿੱਲੋਂ, ਜਰਨੈਲ ਸਿੰਘ ਸੰਧੂ, ਮੁਖਤਿਆਰ ਸਿੰਘ ਗਰੇਵਾਲ, ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇਵਾਲੇ, ਗੁਰੂ ਘਰ ਤੋਂ ਪ੍ਰਿਤਪਾਲ ਸਿੰਘ ਪਿੱਤਾ, ਅਮਰੀਕ ਸਿੰਘ ਪਿਹੋਵਾ, ਆਈ ਐਨ ਓ ਸੀ ਯੂ ਐਸ ਏ ਤੋਂ ਸੁੱਧ ਪ੍ਰਕਾਸ਼, ਪੰਜਾਬ ਚੈਪਟਰ ਤੋਂ ਗੁਰਮੀਤ ਗਿੱਲ, ਹਰਿਆਣਾ ਚੈਪਟਰ ਤੋਂ ਚਰਨ ਸਿਘੰ ਪ੍ਰੇਮਪੁਰਾ, ਅਮਰ ਸਿੰਘ ਗੁਲਸ਼ਨ, ਤਾਰਾ ਸਿੰਘ ਆਹਲੂਵਾਲੀਆ, ਲਖਵਿੰਦਰ ਸਿੰਘ, ਰਵੇਲ ਸਿੰਘ, ਪਰਮਜੀਤ ਕੋਹਲੀ, ਮਨਮੋਹਨ ਮਿਆਣੀ, ਅਮਰਜੀਤ ਬੱਲ, ਅਮਰਜੀਤ ਲਾਂਬਾ, ਜੋਗਿੰਦਰ ਸਿੰਘ ਨਰੂੜ ਅਤੇ ਉਨ੍ਹਾਂ ਦੇ ਸਾਥੀ ਤੇ ਹੋਰ ਸ਼ਖਸੀਅਸ਼ਤਾਂ ਪੁੱਜੀਆਂ ਹੋਈਆਂ ਸਨ। ਇਸ ਸਮਾਰੋਹ ਦੌਰਾਨ ਮੰਚ ਸੰਚਾਲਨ ਸੁਪਰ ਐਟਰਟੇਨਮੈਂਟ ਦੇ ਮਾਲਕ ਬਲਵਿੰਦਰ ਸਿੰਘ ਬਾਜਵਾ ਵੱਲੋਂ ਕੀਤਾ ਗਿਆ। ਆਖਰ ਵਿਚ ਗੁਰਮੀਤ ਸਿੰਘ ਆਪਣਾ ਪੰਜਾਬ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਿੱਕਿਮ ਸਰਕਾਰ ਸੂਬੇ ਵਿਚਲੇ ਗੁਰਦੁਆਰਿਆਂ ਦੀ ਸੰਭਾਲ ਕਰੇ : ਰਾਮ ਨਾਥ ਕੋਵਿੰਦ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਸਿੱਕਿਮ ਸਰਕਾਰ ਨੂੰ ਰਾਜ ਵਿਚਲੇ ਗੁਰਦੁਆਰਿਆਂ ਦੀ ਸੰਭਾਲ ਵਾਸਤੇ ਕਾਰਵਾਈ ਕਰਨ ਲਈ ਕਿਹਾ ਹੈ। ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੂੰ ਲਿਖੇ ਪੱਤਰ ਵਿੱਚ ਰਾਸ਼ਟਰਪਤੀ ਦੇ ਡਿਪਟੀ ਸਕੱਤਰ ਜੇ. ਜੀ. ਸੁਬਰਾਮਨੀਅਮ ਨੇ ਦੱਸਿਆ ਕਿ ਸਿੱਕਿਮ ਦੇ ਮੁੱਖ ਸਕੱਤਰ ਨੂੰ ਕਿਹਾ ਗਿਆ ਹੈ ਕਿ ਉਹ ਇਸ ਮਾਮਲੇ ਵੱਲ ਧਿਆਨ ਦੇਣ। ਉਨ੍ਹਾਂ ਕਿਹਾ ਕਿ ਸੂਬੇ ਵਿਚਲੇ ਗੁਰਦੁਆਰੇ ਇਤਿਹਾਸਕ ਹਨ ਤੇ ਗੁਰੂ ਨਾਨਕ ਪਾਤਸ਼ਾਹ ਨਾਲ ਸਬੰਧਤ ਹਨ। ਹਾਲ ਹੀ ਵਿੱਚ ਵਿਧਾਇਕ ਸਿਰਸਾ ਨੇ ਰਾਸ਼ਟਰਪਤੀ ਨਾਲ ਇਸ ਮਾਮਲੇ ਸਬੰਧੀ ਮੁਲਾਕਾਤ ਕੀਤੀ ਸੀ ਤੇ ਉਨ੍ਹਾਂ ਨੂੰ ਅਪੀਲ ਕੀਤੀ ਸੀ ਕਿ ਉਹ ਗੁਰਦੁਆਰਿਆਂ ਦੀ ਰਾਖੀ ਵਾਸਤੇ ਰਾਜ ਸਰਕਾਰ ਨੂੰ ਹਦਾਇਤਾਂ ਜਾਰੀ ਕਰਨ।



ਉਨ੍ਹਾਂ ਦੋਸ਼ ਲਾਇਆ ਸੀ ਕਿ ਸਥਾਨਕ ਅਧਿਕਾਰੀਆਂ ਦੀਆਂ ਕਾਰਵਾਈਆਂ ਕਾਰਨ ਗੁਰਦੁਆਰਿਆਂ ਦੀ ਹੋਂਦ ਨੂੰ ਖ਼ਤਰਾ ਬਣ ਗਿਆ ਹੈ। ਗੁਰਦੁਆਰਾ ਗੁਰੂ ਡਾਂਗਮਾਰ ਤੇ ਗੁਰਦੁਆਰਾ ਚੁੰਗਥਾਂਗ ਵੱਡੇ ਖਤਰੇ ਵਿੱਚ ਹਨ। ਸਥਾਨਕ ਅਧਿਕਾਰੀਆਂ ਨੇ ਗੁਰਦੁਆਰਾ ਚੁੰਗਥਾਂਗ ਦੀ ਮੈਨੇਜਮੈਂਟ ਨੂੰ ਨੋਟਿਸ ਜਾਰੀ ਕਰ ਕੇ ਗ਼ੈਰਕਾਨੂੰਨੀ ਉਸਾਰੀ ਅਤੇ ਕਬਜ਼ੇ ਦੇ ਦੋਸ਼ ਲਗਾਏ ਸਨ। ਪਹਿਲਾਂ ਗੁਰਦੁਆਰਾ ਗੁਰੂ ਡਾਂਗਮਾਰ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਉਥੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੇ ਹੋਰ ਧਾਰਮਿਕ ਪੁਸਤਕਾਂ ਅਤੇ ਸਾਮਾਨ ਨੂੰ ਬਾਹਰ ਕਰ ਦਿੱਤਾ ਗਿਆ। ਇਨ੍ਹਾਂ ਘਟਨਾਵਾਂ ਕਾਰਨ ਦੁਨੀਆਂ ਭਰ ਦੇ ਸਿੱਖਾਂ ਵਿੱਚ ਰੋਸ ਹੈ।

# ਵਿਦੇਸ਼ ਤੋਂ ਬਿਨਾਂ ਤਨਖਾਹ ਦੀ ਛੁੱਟੀ ਲੈ ਕੇ ਕਰਦੇ ਹਨ ਦਰਬਾਰ ਸਾਹਿਬ 'ਚ ਕਾਰ ਸੇਵਾ

### *ਇੰਗਲੈਂਡ, ਸਿੰਗਾਪੁਰ, ਦੁਬਈ ਤੋਂ ਆਉਂਦਾ ਹੈ 'ਬਾਬਾ ਹੈਨਰੀ' ਨਾਂ ਦਾ ਪ੍ਰਸਿੱਧ ਸੇਵਾਦਾਰਾਂ ਦਾ ਜਥਾ*

**ਅੰਮ੍ਰਿਤਸਰ/ਬਿਊਰ ਨਿਊਜ਼ :** ਗੁਰੂ ਨਾਨਕ ਪੁਰਾ ਵਾਸੀ ਸਾਧਾ ਸਿੰਘ ਉਰਫ਼ ਬਾਬਾ ਹੈਨਰੀ ਨੇ 22 ਸਾਲ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਦੀਆਂ ਪੌੜੀਆਂ ਅਤੇ ਵਿਹੜੇ 'ਚ ਸਫਾਈ ਦੀ ਸੇਵਾ ਸ਼ੁਰੂ ਕੀਤੀ ਸੀ। ਸਮੇਂ ਦੇ ਨਾਲ-ਨਾਲ ਕਾਫ਼ਲਾ ਵਧਦਾ ਗਿਆ ਅਤੇ ਅੱਜ 30 ਤੋਂ 35 ਸੇਵਾਦਾਰਾਂ ਤਕ ਪਹੁੰਚ ਗਿਆ ਹੈ, ਜੋ ਗੁਰੂਧਾਮਾਂ ਦੀ ਸੇਵਾ 'ਚ ਤਨ, ਮਨ, ਧਨ ਨਾਲ ਉਨ੍ਹਾਂ ਨਾਲ ਜੁੜੇ ਹੋਏ ਹਨ। ਜਿਸ ਨੂੰ 'ਬਾਬਾ ਹੈਨਰੀ' ਜਥਾਂ ਨਾਂ ਦੇ ਦਿੱਤਾ ਗਿਆ ਹੈ। ਖ਼ਾਸ ਗੱਲ ਇਹ ਹੈ ਕਿ ਕਈ ਸੇਵਾਦਾਰ ਇੰਗਲੈਂਡ, ਸਿੰਗਾਪੁਰ ਅਤੇ ਦੁਬਈ ਤੋਂ ਬਿਨਾਂ ਤਨਖਾਹ ਦੀ ਛੁੱਟੀ 'ਤੇ ਆ ਕੇ ਵੀ ਸੇਵਾ ਕਰਦੇ ਹਨ। ਹਾਲੇ ਉਹ ਸ੍ਰੀ ਦਰਬਾਰ ਸਾਹਿਬ 'ਚ ਦਰਸ਼ਨੀ ਡਿਊਡੀ, ਘੰਟਾ ਘਰ ਗੁੰਬਦ ਦੇ ਸੋਨੇ ਦੀ ਸਫਾਈ ਕਰ ਰਹੇ ਹਨ। ਸਵੇਰੇ ਤੋਂ ਲੈ ਕੇ ਰਾਤ ਤਕ ਚੱਲਣ ਵਾਲੀ ਇਹ ਸੇਵਾ ਲਗਭਗ ਢਾਈ ਮਹੀਨੇ ਚਲਦੀ ਹੈ।

ਬਾਬਾ ਸਾਧਾ ਸਿੰਘ ਉਰਫ ਹੈਨਰੀ ਮੁਤਾਬਕ ਮਾਰਚ 2017 'ਚ ਉਨ੍ਹਾਂ ਨੇ ਟਰੈਕਟਰ ਕੰਪ੍ਰੈਸ਼ਰ ਨਾਲ ਪਾਈਪ ਲਗਾ ਕੇ ਦਰਬਾਰ ਸਾਹਿਬ ਦੇ ਇਸ਼ਨਾਨ ਘਰ ਦੀ ਸੇਵਾ ਕੀਤੀ। ਇਸ ਤੋਂ ਬਾਅਦ ਬਾਬਾ ਅਟਲ ਰਾਏ ਸਾਹਿਬ ਦੇ ਪੂਰੇ ਇਸ਼ਨਾਨ ਦੀ ਸੇਵਾ 22 ਦਿਨਾਂ ਤਕ ਚਲੀ। ਇਥੇ ਸੇਵਾ ਦਾ ਕੰਮ ਖ਼ਤਮ ਹੋਣ ਮਗਰੋਂ ਗੁਰਦੁਆਰਾ ਦੀਪ ਸਿੰਘ ਜੀ ਸ਼ਹੀਦ ਦੀ ਪੂਰੀ ਇਸ਼ਨਾਨ ਸੇਵਾ, ਸੋਨੇ ਦੀ ਸਫਾਈ, ਲੰਗਰ ਹਾਲ ਅਤੇ ਬਰਾਮਦੇ 'ਚ ਸਫ਼ੈਦੀ ਆਦਿ ਦੀ ਸੇਵਾ ਕੀਤੀ। ਇਨ੍ਹਾਂ ਸੇਵਾਦਾਰਾਂ 'ਚ ਮੁੱਖ ਤੌਰ 'ਤੇ ਗੁਰਦੀਪ ਸਿੰਘ ਭੂਰਾ, ਮਨਪ੍ਰੀਤ ਸਿੰਘ ਟਿੰਮੀ, ਰੋਮਨ ਗਿਲ ਅਤੇ ਜਤਿੰਦਰ ਸਿੰਘ ਦੁਬਈ ਤੋਂ, ਸੰਦੀਪ ਸਿੰਘ ਛੀਨਾ ਸਿੰਗਾਪੁਰ ਤੋਂ, ਕੰਵਰ ਸਿੰਘ ਇੰਗਲੈਂਡ ਤੋਂ, ਜਗਮੀਤ ਸਿੰਘ ਜਿੰਮੀ, ਅਵਤਾਰ ਸਿੰਘ ਚੱਕੀ ਵਾਲਾ ਸ਼ਾਮਲ ਹਨ।

**70 ਫ਼ੀਸਦੀ ਜਮੀਂਦਾਰ ਅਤੇ 30 ਫ਼ੀਸਦੀ ਕਾਰੋਬਾਰੀ ਹਨ ਸੇਵਾਦਾਰ :**
ਸੇਵਾਦਾਰਾਂ 'ਚ 70 ਫ਼ੀਸਦੀ ਜਮੀਂਦਾਰ ਅਤੇ 30 ਫ਼ੀਸਦੀ ਕਾਰੋਬਾਰੀ ਸ਼ਾਮਲ ਹਨ। ਜ਼ਿਆਦਾਤਰ ਲੋਕ ਅੰਮ੍ਰਿਤਸਰ ਅਤੇ ਆਸਪਾਸ ਦੇ ਇਲਾਕਿਆਂ ਨਾਲ ਸਬੰਧਤ ਹਨ। ਇਹ ਲੋਕ ਆਪਣੈ ਕੰਮ ਦੇ ਨਾਲ-ਨਾਲ ਗੁਰੂਘਰ ਦੀ ਸੇਵਾ ਵੀ ਕਰ ਰਹੇ ਹਨ। ਸੇਵਾਦਾਰਾਂ ਅਨੁਸਾਰ ਉਹ ਲੋਕ ਸਵੇਰੇ 8 ਵਜੇ ਤੋਂ ਲੈ ਕੇ ਰਾਤ 8 ਵਜੇ ਤਕ ਸੇਵਾ ਕਰਦੇ ਹਨ। ਜਥੇ 'ਚ 22 ਸਾਲ ਤੋਂ ਲੈ ਕੇ 55 ਸਾਲ ਤਕ ਦੀ ਉਮਰ ਦੇ ਸੇਵਾਦਾਰ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਸ ਸੇਵਾ 'ਚ ਕੋਈ ਵੀ ਉਨ੍ਹਾਂ ਨਾਲ ਆ ਕੇ ਜੁੜ ਸਕਦਾ ਹੈ।

# ਸ਼੍ਰੋਮਣੀ ਕਮੇਟੀ ਗਿਆਨੀ ਗੁਰਮੁਖ ਸਿੰਘ 'ਤੇ ਹੋਈ ਸਖ਼ਤ

### *ਮਕਾਨ ਖਾਲੀ ਕਰਨ ਦਾ ਹੁਕਮ, ਬਿਜਲੀ ਕੁਨੈਕਸ਼ਨ ਕੱਟਣ ਮਗਰੋਂ ਮੁੜ ਜੋੜਿਆ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸ੍ਰੀ ਅਕਾਲ ਤਖ਼ਤ ਤੋਂ ਸਿਆਸੀ ਦਬਾਅ ਹੇਠ ਮੁਆਫ਼ੀ ਦਿੱਤੇ ਜਾਣ ਦਾ ਦਾਅਵਾ ਕਰਕੇ ਸ਼੍ਰੋਮਣੀ ਅਕਾਲੀ ਦਲ ਨਾਲ ਮੱਥਾ ਲਾਉਣ ਵਾਲੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਮਕਾਨ ਖਾਲੀ ਕਰਨ ਦਾ ਆਦੇਸ਼ ਦਿੱਤੇ ਜਾਣ ਮਗਰੋਂ ਅੱਜ ਉਨ੍ਹਾਂ ਦੇ ਘਰ ਦਾ ਬਿਜਲੀ-ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ, ਜੋ ਦੇਰ ਸ਼ਾਮ ਨੂੰ ਬਹਾਲ ਕਰ ਦਿੱਤਾ।

ਸਾਬਕਾ ਜਥੇਦਾਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮਕਾਨ ਖਾਲੀ ਕਰਨ ਲਈ ਦੋ ਦਿਨ ਦਾ ਸਮਾਂ ਦਿੱਤਾ ਗਿਆ ਸੀ। ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਪਰਿਕਰਮਾ ਵਿਚ ਬਣੇ ਕੁਆਰਟਰਾਂ ਵਿਚੋਂ ਇਕ ਕੁਆਰਟਰ ਗਿਆਨੀ ਗੁਰਮੁਖ ਸਿੰਘ ਕੋਲ ਹੈ। ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦਾ ਤਬਾਦਲਾ ਹਰਿਆਣਾ ਦੇ ਗੁਰਦੁਆਰਾ ਧਮਧਾਨ ਸਾਹਿਬ ਵਿਖੇ ਬਤੌਰ ਹੈੱਡ ਗ੍ਰੰਥੀ ਕੀਤਾ ਹੈ ਪਰ ਉਨ੍ਹਾਂ ਦਾ ਪਰਿਵਾਰ ਇਥੇ ਹੀ ਰਹਿ ਰਿਹਾ ਹੈ। ਉਨ੍ਹਾਂ ਦੀ ਪਤਨੀ ਸੁਖਰਾਜ ਕੌਰ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦਾ ਮੈਨੇਜਰ ਉਨ੍ਹਾਂ ਦੇ ਘਰ ਆਇਆ ਸੀ ਅਤੇ ਘਰ ਖਾਲੀ ਕਰਨ ਵਾਸਤੇ ਆਖਿਆ ਸੀ। ਇਸ ਸਬੰਧੀ ਉਨ੍ਹਾਂ ਦੀ ਗਿਆਨੀ ਗੁਰਮੁਖ ਸਿੰਘ ਨਾਲ ਗੱਲ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਦੋ ਦਿਨ ਬੀਤਣ ਮਗਰੋਂ ਬਿਜਲੀ ਤੇ ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ ਹੈ। ਇਥੇ ਮਕਾਨ ਵਿਚ ਸਾਬਕਾ ਜਥੇਦਾਰ ਦੇ ਬਜ਼ੁਰਗ ਮਾਪੇ, ਪਤਨੀ ਅਤੇ ਬੇਟਾ ਰਹਿ ਰਿਹਾ ਹੈ। ਉਨ੍ਹਾਂ ਦੇ ਪਿਤਾ ਦਿਲ ਦੇ ਮਰੀਜ਼ ਹਨ ਅਤੇ ਬੀਤੇ ਸਾਲ ਸਟੈਂਟ ਪਿਆ ਸੀ। ਮਾਤਾ ਵੀ ਬਿਮਾਰ ਹਨ ਅਤੇ ਬੇਟਾ 12ਵੀਂ ਦਾ ਵਿਦਿਆਰਥੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਇਸ ਵਤੀਰੇ ਕਾਰਨ ਬਜ਼ੁਰਗ ਮਾਂ-ਪਿਓ ਨੂੰ ਮੁਸ਼ਕਲ ਆਈ ਹੈ। ਉਨ੍ਹਾਂ ਕਿਹਾ ਕਿ ਬੇਟੇ ਦੀ ਪ੍ਰੀਖਿਆ ਤਕ ਮਕਾਨ ਖਾਲੀ ਕਰਕੇ ਜਾਣਾ ਜਾਇਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਗਿਆਨੀ ਗੁਰਮੁਖ ਸਿੰਘ ਨੂੰ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਬਾਰੇ ਸੱਚ ਦਾ ਖੁਲਾਸਾ ਕਰਨ ਲਈ ਇਹ ਸਜ਼ਾ ਦਿੱਤੀ ਜਾ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅਜਿਹੇ ਤਣਾਅ ਵਾਲੇ ਮਾਹੌਲ ਵਿਚ ਪਰਿਵਾਰ ਦਾ ਕੋਈ ਜਾਨੀ ਮਾਲੀ ਨੁਕਸਾਨ ਹੋਇਆ ਤਾਂ ਇਸ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਜ਼ਿੰਮੇਵਾਰ ਹੋਣਗੇ। ਦੱਸਣਯੋਗ ਹੈ ਕਿ ਸਤੰਬਰ 2015 ਨੂੰ ਸ੍ਰੀ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਡੇਰਾ ਸਿਰਸਾ ਮੁਖੀ ਨੂੰ ਇਕ ਪੱਤਰ ਦੇ ਆਧਾਰ 'ਤੇ ਮੁਆਫੀ ਦੇਣ ਦਾ ਫੈਸਲਾ ਕੀਤਾ ਸੀ, ਜਿਸ ਦਾ ਸੰਗਤ ਵੱਲੋਂ ਭਾਰੀ ਵਿਰੋਧ ਹੋਣ ਮਗਰੋਂ 16 ਅਕਤੂਬਰ ਨੂੰ ਇਹ ਫੈਸਲਾ ਵਾਪਸ ਲੈ ਲਿਆ ਗਿਆ। ਇਸ ਫੈਸਲੇ ਸਮੇਂ ਗਿਆਨੀ ਗੁਰਮੁਖ ਸਿੰਘ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਪੰਜ ਸਿੰਘ ਸਾਹਿਬਾਨ 'ਚ ਸ਼ਾਮਲ ਸਨ। ਮਗਰੋਂ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਡੇਰਾ ਮੁਖੀ ਨੂੰ ਮੁਆਫੀ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਸ ਵੇਲੇ ਦੇ ਮੁੱਖ ਮੰਤਰੀ ਵੱਲੋਂ ਦਬਾਅ ਪਾਇਆ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਨੇ ਕਿਹਾ ਕਿ ਗਿਆਨੀ ਗੁਰਮੁਖ ਸਿੰਘ ਦਾ ਲਗਪਗ ਛੇ ਮਹੀਨੇ ਪਹਿਲਾਂ ਹਰਿਆਣਾ ਦੇ ਗੁਰਦੁਆਰੇ 'ਚ ਤਬਾਦਲਾ ਕੀਤਾ ਸੀ। ਨਿਯਮਾਂ ਮੁਤਾਬਕ ਤਬਾਦਲੇ ਮਗਰੋਂ ਉਨ੍ਹਾਂ ਨੂੰ ਕੁਆਰਟਰ ਖਾਲੀ ਕਰ ਦੇਣਾ ਚਾਹੀਦਾ ਸੀ। ਉਨ੍ਹਾਂ ਨੇ ਕਈ ਵਾਰ ਭੇਜੇ ਨੋਟਿਸ ਅਣਡਿੱਠ ਕੀਤੇ ਹਨ। ਉਨ੍ਹਾਂ ਕਿਹਾ ਕਿ ਇਹ ਕੁਆਰਟਰ ਕਿਸੇ ਹੋਰ ਮੁਲਾਜ਼ਮ ਨੂੰ ਅਲਾਟ ਕੀਤਾ ਗਿਆ ਹੈ ਅਤੇ ਖਾਲੀ ਕਰਾਉਣਾ ਜ਼ਰੂਰੀ ਹੈ। ਇਕ ਮੁਲਾਜ਼ਮ ਨੂੰ ਦੋ ਥਾਵਾਂ 'ਤੇ ਕੁਆਰਟਰ ਨਹੀਂ ਮਿਲ ਸਕਦਾ।



ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਸਥਿਤ ਮਕਾਨ ਦੀ ਕੱਟੀ ਬਿਜਲੀ ਸਪਲਾਈ ਬਾਰੇ ਦੱਸਦੇ ਹੋਏ ਗਿਆਨੀ ਗੁਰਮੁਖ ਸਿੰਘ ਦੇ ਪਿਤਾ।

**ਸ਼੍ਰੋਮਣੀ ਕਮੇਟੀ ਦੀ ਕਾਰਵਾਈ ਦਾ ਸਰਨਾ ਵੱਲੋਂ ਵਿਰੋਧ**
ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਦੇ ਕੁਆਰਟਰ ਦਾ ਬਿਜਲੀ-ਪਾਣੀ ਕੁਨੈਕਸ਼ਨ ਕੱਟੇ ਜਾਣ ਦੀ ਕਾਰਵਾਈ ਨੂੰ ਸ਼੍ਰੋਮਣੀ ਕਮੇਟੀ ਦਾ ਨਾਦਰਸ਼ਾਹੀ ਫ਼ਰਮਾਨ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗਿਆਨੀ ਗੁਰਮੁਖ ਸਿੰਘ ਨੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਪਿਛਲੇ ਸੱਚ ਨੂੰ ਉਜਾਗਰ ਕਰਕੇ ਕੋਈ ਗੁਨਾਹ ਨਹੀਂ ਕੀਤਾ। ਸ਼੍ਰੋਮਣੀ ਕਮੇਟੀ ਦੀ ਕਾਰਵਾਈ ਦਾ ਵਿਰੋਧ ਕਰਦਿਆਂ ਉਨ੍ਹਾਂ ਕਿਹਾ ਕਿ ਸਾਕਾ ਨੀਲਾ ਤਾਰਾ ਬਾਅਦ ਹੁਣ ਇਨ੍ਹਾਂ ਕੁਆਰਟਰਾਂ ਦਾ ਬਿਜਲੀ ਪਾਣੀ ਕੱਟਿਆ ਗਿਆ ਹੈ।







# ਵਿਦੇਸ਼ਾਂ ’ਚ ਖਾਲਿਸਤਾਨੀ ਭਾਰਤੀ ਨੌਜਵਾਨਾਂ ਨੂੰ ਝੂਠੇ ਪ੍ਰਚਾਰ ਰਾਹੀਂ ਕਰ ਰਹੇ ਨੇ ਗੁੰਮਰਾਹ : ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ‘ਆਪਣੀਆਂ ਜੜ੍ਹਾਂ ਨਾਲ ਜੁੜੋ’ ਆਲਮੀ ਪ੍ਰੋਗਰਾਮ ਦਾ ਲੰਡਨ ਤੋਂ ਆਗਾਜ਼ ਕੀਤਾ ਹੈ। ਉਨ੍ਹਾਂ ਆਖਿਆ ਕਿ ਇਹ ਪ੍ਰੋਗਰਾਮ ਦੂਜੇ ਮੁਲਕਾਂ ਵਿੱਚ ਰਹਿ ਰਹੇ ਭਾਰਤੀ ਮੂਲ ਦੇ ਨੌਜਵਾਨਾਂ ਨੂੰ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਬਾਰੇ ਜਾਣੂ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਖ਼ਾਲਿਸਤਾਨੀਆਂ ਦੇ ਕਥਿਤ ਝੂਠੇ ਪ੍ਰਚਾਰ ਤੋਂ ਦੂਰ ਰੱਖਣ ਵਿੱਚ ਸਹਾਈ ਹੋਵੇਗਾ। ਆਪਣੇ ਲੰਡਨ ਦੇ ਦੌਰੇ ਸਮੇਂ ਮੁੱਖ ਮੰਤਰੀ ਨੇ ਇੱਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਬਾਹਰੀ ਮੁਲਕਾਂ ਵਿੱਚ ਜੰਮੇ ਪਲੇ ਭਾਰਤੀ ਮੂਲ ਦੇ ਨੌਜਵਾਨਾਂ ਨੂੰ ਝੂਠੇ ਪ੍ਰਚਾਰ ਰਾਹੀਂ ਗੁੰਮਰਾਹ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦਾ ਉਦੇਸ਼ ਇਨ੍ਹਾਂ ਨੌਜਵਾਨਾਂ ਨੂੰ ਪੰਜਾਬ ਦੀ ਸੱਚੀ ਤਸਵੀਰ ਦਿਖਾਉਣਾ ਹੈ। ਮੁੱਖ ਮੰਤਰੀ ਨੇ ਇਨ੍ਹਾਂ ਨੌਜਵਾਨਾਂ ਨੂੰ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਨੂੰ ਸਮਝਣ ਅਤੇ ਇਸ ਮੁਹਿੰਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਆਖਿਆ ਕਿ ਇਹ ਪ੍ਰੋਗਰਾਮ ਉਨ੍ਹਾਂ ਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਦੇ ਨਾਲ-ਨਾਲ ਆਪਣੇ ਪੁਰਖਿਆਂ ਦੀਆਂ ਜੜ੍ਹਾਂ ਨਾਲ ਜੁੜਨ ਦਾ ਮੰਚ ਮੁਹੱਈਆ ਕਰਵਾਏਗਾ। ਇਸ ਪ੍ਰੋਗਰਾਮ ਨੂੰ ਸਿਆਸਤ ਲਈ ਵਰਤਣ ਦਾ ਸਰਕਾਰ ਦਾ ਕੋਈ ਇਰਾਦਾ ਨਹੀਂ ਹੈ। ਇਸ ਪ੍ਰੋਗਰਾਮ ਅਧੀਨ ਹਰੇਕ ਦੋ ਮਹੀਨਿਆਂ ਵਿੱਚ 15 ਨੌਜਵਾਨਾਂ ਦਾ ਸਮੂਹ ਪੰਜਾਬ ਆਵੇਗਾ, ਜਿਸ ਵਿੱਚ ਵੱਖ-ਵੱਖ ਮੁਲਕਾਂ ਦੇ ਨੌਜਵਾਨ ਸ਼ਾਮਲ ਹੋਣਗੇ। ਇਸ ਪ੍ਰੋਗਰਾਮ ਲਈ ਸੂਬਾ ਸਰਕਾਰ ਨੇ ਬਜਟ ਦਾ ਉਪਬੰਧ ਕੀਤਾ ਹੈ। ਸਰਕਾਰ ਵੱਲੋਂ ਨੌਜਵਾਨਾਂ ਦੇ ਪਹਿਲੇ ਤਿੰਨ ਗਰੁੱਪ ਬਰਤਾਨੀਆ ਤੋਂ ਲਿਆਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਅਰਜ਼ੀਕਰਤਾ ਨੂੰ ਭਾਰਤ ਆਉਣ-ਜਾਣ ਦਾ ਖ਼ਰਚ ਖ਼ੁਦ ਸਹਿਣਾ ਹੋਵੇਗਾ ਜਦੋਂਕਿ ਪੰਜਾਬ ਵਿੱਚ ਰਹਿਣ-ਸਹਿਣ, ਆਉਣ-ਜਾਣ ਤੇ ਵੱਖ-ਵੱਖ ਥਾਵਾਂ ਦੇਖਣ ਦਾ ਖ਼ਰਚਾ ਪੰਜਾਬ ਸਰਕਾਰ ਦਾ ਜਾਵੇਗਾ। ਇਸ ਸਕੀਮ ਨੂੰ ਅੱਗੇ ਲਿਜਾਣ ਦਾ ਜ਼ਿੰਮਾ ਐਨ.ਆਰ.ਆਈ. ਮਾਮਲਿਆਂ ਦੇ ਸਕੱਤਰ ਨੂੰ ਸੌਂਪਿਆ ਗਿਆ ਹੈ। ਇਸ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਫੇਸਬੁਕ ’ਤੇ ਵੀ ਪੇਜ ਬਣਾਇਆ ਗਿਆ ਹੈ। ਇਸ ਪ੍ਰੋਗਰਾਮ ਵਿੱਚ ਦਿਲਚਸਪੀ ਰੱਖਣ ਵਾਲੇ ਨੌਜਵਾਨ ਈ-ਮੇਲ connect-with-your-roots@punjab.gov.in ਰਾਹੀਂ ਜੁੜ ਸਕਦੇ ਹਨ।



## ਰਾਹੁਲ ਦਾ ਬਿਆਨ ਤੋੜ ਮਰੋੜ ਕੇ ਪੇਸ਼ ਕਰਨ ਦੀ ਨਿੰਦਾ

ਦਿੱਲੀ ਯੂਨੀਵਰਸਿਟੀ ਵਿਦਿਆਰਥੀ ਚੋਣਾਂ ਵਿੱਚ ਨੈਸ਼ਨਲ ਸਟੂਡੈਂਟਸ ਯੂਨੀਅਨ ਆਫ ਇੰਡੀਆ (ਐਨ.ਐਸ.ਯੂ.ਆਈ.) ਦੀ ਜਿੱਤ ਦਾ ਸਵਾਗਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੇ ਵੰਸ਼ਵਾਦ ਸਬੰਧੀ ਬਿਆਨ ਨੂੰ ਤੋੜ-ਮਰੋੜ ਕੇ ਪੇਸ਼ ਕਰਨ ’ਤੇ ਉਨ੍ਹਾਂ ਦੇ ਸਿਆਸੀ ਵਿਰੋਧੀਆਂ ਦੀ ਆਲੋਚਨਾ ਕੀਤੀ ਹੈ। ਲੰਡਨ ਵਿੱਚ ਕੁਝ ਟੀ.ਵੀ. ਚੈਨਲਾਂ ਨੂੰ ਦਿੱਤੀ ਇੰਟਰਵਿਊ ਦੌਰਾਨ ਮੁੱਖ ਮੰਤਰੀ ਨੇ ਰਾਹੁਲ ਗਾਂਧੀ ਦੇ ਬਿਆਨ ਨੂੰ ਗ਼ਲਤ ਢੰਗ ਨਾਲ ਪੇਸ਼ ਕਰਨ ਲਈ ਸਿਆਸਤਦਾਨਾਂ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਉਹ ਜਾਣਬੁੱਝ ਕੇ ਅਜਿਹਾ ਕਰ ਰਹੇ ਹਨ।

## ਪਿੰਡ ਮਹਿਰਾਜ ਦੇ ਸਕੂਲ ’ਚ ਚੜ੍ਹਿਆ ਸ਼ਾਹੀ ਰੰਗ, ਪਾੜ੍ਹੇ 4, ਅਧਿਆਪਕ 5

**ਬਠਿੰਡਾ/ਬਿਊਰੋ ਨਿਊਜ਼ :** ਸਰਕਾਰੀ ਸਕੂਲ ਮਹਿਰਾਜ ਪੰਜਾਬ ਦਾ ਇਕਲੌਤਾ ਸਕੂਲ ਹੈ ਜਿਥੇ ਬੱਚੇ ਘੱਟ ਤੇ ਅਧਿਆਪਕ ਵੱਧ ਹਨ। ਹਕੂਮਤ ਬਦਲਣ ਮਗਰੋਂ ਬਠਿੰਡਾ ਦੇ ਪਿੰਡ ਮਹਿਰਾਜ ਵਿਚ ਇਹ ਬਾਦਸ਼ਾਹੀ ਰੰਗ ਦਿਖੇ ਹਨ। ਸੀਨੀਅਰ ਪੱਤਰਕਾਰ ਚਰਨਜੀਤ ਭੁੱਲਰ ਦੀ ਰਿਪੋਰਟ ਅਨੁਸਾਰ ਸਿੱਖਿਆ ਮਹਿਕਮੇ ਨੇ ਸਾਰੇ ਨਿਯਮ ਛਿੱਕੇ ਟੰਗ ਦਿੱਤੇ ਹਨ ਕਿਉਂਕਿ ਮਹਿਰਾਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁਰਖਿਆਂ ਦਾ ਪਿੰਡ ਹੈ। ਸਰਕਾਰੀ ਮਿਡਲ ਸਕੂਲ ਪੱਤੀ ਸੰਦਲੀ, ਮੱਲੂਆਣਾ (ਮਹਿਰਾਜ) ਵਿਚ ਇਸ ਵੇਲੇ ਚਾਰ ਬੱਚੇ ਪੜ੍ਹਦੇ ਹਨ ਪਰ ਅਧਿਆਪਕ ਪੰਜ ਹਨ। ਪੰਜਾਬ ਸਰਕਾਰ ਇਸ ਸਕੂਲ ਦੇ ਹਰ ਬੱਚੇ ’ਤੇ ਤਕਰੀਬਨ 43 ਹਜ਼ਾਰ ਰੁਪਏ ਪ੍ਰਤੀ ਮਹੀਨਾ ਖ਼ਰਚ ਰਹੀ ਹੈ। ਪੰਜਾਬ ਦੇ ਬਹੁਤੇ ਸਰਕਾਰੀ ਸਕੂਲਾਂ ਵਿਚ ਵਿਦਿਆਰਥੀ ਜ਼ਿਆਦਾ ਹਨ ਪਰ ਅਧਿਆਪਕ ਨਹੀਂ ਹਨ।

ਜਾਣਕਾਰੀ ਅਨੁਸਾਰ ਇਸ ਮਿਡਲ ਸਕੂਲ ਵਿਚ ਪਹਿਲਾਂ ਤਿੰਨ ਅਧਿਆਪਕ (ਇੱਕ ਹਿੰਦੀ, ਇੱਕ ਪੰਜਾਬੀ ਤੇ ਇੱਕ ਪੀਟੀਆਈ) ਸਨ ਅਤੇ ਦੋ ਅਧਿਆਪਕਾਂ ਨੇ ਹੁਣ ਜੁਆਇਨ ਕੀਤਾ ਹੈ। ਇਸ ਸਰਕਾਰੀ ਸਕੂਲ ਦੀ ਛੇਵੀਂ ਤੇ ਸੱਤਵੀਂ ਕਲਾਸ ਵਿਚ ਇੱਕ ਇੱਕ ਵਿਦਿਆਰਥੀ ਹੈ ਜਦੋਂ ਕਿ ਅੱਠਵੀਂ ਵਿਚ ਦੋ ਵਿਦਿਆਰਥੀ ਹਨ। ਬੱਚਿਆਂ ਦੀ ਗਿਣਤੀ ਵਧਾਉਣ ਲਈ ਅਧਿਆਪਕ ਘਰੋਂ ਘਰ ਵੀ ਗਏ ਪਰ ਨਿਆਣੇ ਸਰਕਾਰੀ ਸਕੂਲ ਵੱਲ ਮੂੰਹ ਨਹੀਂ ਕਰ ਰਹੇ। ਇਹ ਸਕੂਲ ਪਿੰਡ ਦੀ ਫਿਰਨੀ ਤੋਂ ਦੋ ਕਿਲੋਮੀਟਰ ਤੋਂ ਵੀ ਘੱਟ ਦੂਰ ਹੈ। ਇੱਥੋਂ ਦੇ ਸਰਕਾਰੀ ਪ੍ਰਾਇਮਰੀ ਸਕੂਲ (ਮੱਲੂਆਣਾ) ਮਹਿਰਾਜ ਵਿੱਚ ਤਕਰੀਬਨ ਪੰਜ ਬੱਚੇ ਹਨ ਤੇ ਅਧਿਆਪਕ ਦੋ ਹਨ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਬਠਿੰਡਾ ਮਨਿੰਦਰ ਕੌਰ ਨੇ ਕਿਹਾ ਕਿ ਇਸ ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ ਬਾਰੇ ਵਿਭਾਗ ਨੂੰ ਪਹਿਲਾਂ ਹੀ ਜਾਣੂ ਕਰਾ ਦਿੱਤਾ ਸੀ ਅਤੇ ਹੁਣ ਦੋ ਹੋਰ ਅਧਿਆਪਕ ਇਸ ਸਕੂਲ ਵਿਚ ਭੇਜੇ ਗਏ ਹਨ, ਜਿਨ੍ਹਾਂ ਨੂੰ ਜਲਦੀ ਕਿਧਰੇ ਹੋਰ ਅਡਜਸਟ ਕੀਤਾ ਜਾਵੇਗਾ। ਮਹਿਰਾਜ ਪਿੰਡ ਦਾ ਇੱਕ ਹੋਰ ਸਰਕਾਰੀ ਪ੍ਰਾਇਮਰੀ ਸਕੂਲ ਕੋਠੇ ਪਿੱਪਲੀ ਹੈ ਜਿਥੇ ਬੱਚਿਆਂ ਦੀ ਗਿਣਤੀ ਡੇਢ ਦਰਜਨ ਹੈ ਜਦੋਂ ਕਿ ਦੋ ਅਧਿਆਪਕ ਹਨ। ਇਵੇਂ ਹੀ ਮਹਿਰਾਜ ਦੇ ਕੋਠੇ ਰੱਥੜੀਆਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਬੱਚੇ 27 ਤੇ ਅਧਿਆਪਕ ਦੋ ਹਨ।

# ਕੈਪਟਨ ਸਰਕਾਰ ਦਾ 6 ਮਹੀਨਿਆਂ ਦਾ ਰਿਪੋਰਟ ਕਾਰਡ ‘ਨਿੱਲ’

### *ਕੈਪਟਨ ਬੋਲੇ- ਸਾਡੇ ਕੋਲ ਸਭ ਕੁਝ ਠੀਕ ਕਰਨ ਲਈ ਜਾਦੂ ਦੀ ਛੜੀ ਨਹੀਂ*

**ਚੰਡੀਗੜ੍ਹ/ਬਿਊਰੋ ਨਿਊਜ਼ :** ਕਾਂਗਰਸ ਨੇ ਬੀਤੇ ਮਾਰਚ ਵਿੱਚ ਸ਼ਾਨਦਾਰ ਜਿੱਤ ਹਾਸਲ ਕਰਦਿਆਂ ਪੰਜਾਬ ਦੀ ਸੱਤਾ ਸੰਭਾਲੀ ਸੀ ਤਾਂ ਬਹੁਤੇ ਲੋਕਾਂ ਨੂੰ ਸੂਬੇ ਵਿੱਚ ਇਕ ਨਵੀਂ ਸ਼ੁਰੂਆਤ ਹੋਣ ਦੀ ਆਸ ਬੱਝੀ ਸੀ। ਪਰ ਹੁਣ ਛੇ ਮਹੀਨੇ ਬੀਤਣ ਤੋਂ ਬਾਅਦ ਲੋਕਾਂ ਨੂੰ ਜਾਪਣ ਲੱਗਾ ਹੈ ਕਿ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਜੋ ਵਾਅਦੇ ਕੀਤੇ ਸਨ, ਉਨਾਂ ਨੂੰ ਉਸ ਰਫ਼ਤਾਰ ਨਾਲ ਬੂਰ ਨਹੀਂ ਪੈ ਰਿਹਾ, ਜਿਸ ਦੀ ਤਵੱਕੋ ਸੀ। ਇਸ ਕਾਰਨ ਉਹ ਨਿਰਾਸ਼ ਤੇ ਹਤਾਸ਼ ਹੋ ਰਹੇ ਹਨ। ਸਰਕਾਰ ਨੇ ਕਈ ਪ੍ਰਸ਼ਾਸਕੀ ਸੁਧਾਰ ਕਰਨ ਦੀ ਕੋਸ਼ਿਸ਼ ਤਾਂ ਕੀਤੀ ਪਰ ਇਨ੍ਹਾਂ ਵਿੱਚੋਂ ਕਈ ਅੱਗੇ ਨਹੀਂ ਵਧ ਸਕੇ।

ਉਧਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਲੋਚਕਾਂ ’ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੂੰ ਸੱਤਾ ਵਿਚ ਆਏ ਅਜੇ ਮੁਸ਼ਕਲ ਨਾਲ 6 ਮਹੀਨੇ ਹੋਏ ਹਨ ਤੇ ਸਰਕਾਰ ਨੇ ਨਾ ਸਿਰਫ਼ ਬਹੁਤੇ ਚੋਣ ਵਾਅਦਿਆਂ ਨੂੰ ਲਾਗੂ ਕਰ ਦਿੱਤਾ ਹੈ, ਸਗੋਂ ਸੂਬੇ ਦੀ ਡਾਵਾਂਡੋਲ ਆਰਥਿਕਤਾ ਨੂੰ ਲੀਹ ’ਤੇ ਲਿਆਉਣ ਦੀ ਪ੍ਰਕਿਰਿਆ ਤੇਜ਼ੀ ਨਾਲ ਸ਼ੁਰੂ ਕਰ ਦਿੱਤੀ ਹੈ। ਲੰਡਨ ਤੋਂ ਬਿਆਨ ਜਾਰੀ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਕੋਲ ਕੋਈ ਜਾਦੂ ਦੀ ਛੜੀ ਨਹੀਂ ਹੈ ਕਿ ਸਭ ਕੁਝ ਏਨੀ ਜਲਦੀ ਠੀਕ ਹੋ ਜਾਵੇਗਾ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਵਿੱਤ ਮੰਤਰੀ ਇਸ ਲਈ ਜੀਐਸਟੀ ਤੋਂ ਇਲਾਵਾ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਪਾਏ ਗਏ ਮਾਲੀ ਘਚੋਲੇ ਨੂੰ ਜ਼ਿੰਮੇਵਾਰ ਦੱਸਦੇ ਹਨ। ਲੋਕ ਇਸ ਗੱਲੋਂ ਦੁਖੀ ਹਨ ਕਿ ਕਿਸਾਨੀ ਕਰਜ਼ੇ ਵਾਅਦੇ ਮੁਤਾਬਕ ਮੁਆਫ਼ ਨਹੀਂ ਕੀਤੇ ਗਏ, ਤਨਖ਼ਾਹਾਂ ਤੇ ਸਮਾਜਿਕ ਸੁਰੱਖਿਆ ਪੈਨਸ਼ਨਾਂ ਨਿਯਮਤ ਢੰਗ ਨਾਲ ਨਹੀਂ ਦਿੱਤੀਆਂ ਜਾ ਰਹੀਆਂ, ਵਿਕਾਸ ਕੰਮ ਰੁਕੇ ਹੋਏ ਹਨ।

ਜੇ ਸਰਕਾਰ ਦੇ ਕੰਮਾਂ ਦਾ ਚੰਗਾ ਪੱਖ ਦੇਖੀਏ ਤਾਂ ਏਡੀਜੀਪੀ ਹਰਪ੍ਰੀਤ ਸਿੱਧੂ ਦੀ ਅਗਵਾਈ ਹੇਠ ਕਾਇਮ ਨਸ਼ਿਆਂ ਖ਼ਿਲਾਫ਼ ਟਾਸਕ ਫ਼ੋਰਸ ਦਾ ਅਸਰ ਦਿਖਾਈ ਦਿੱਤਾ ਹੈ। ਮੁੱਖ ਮੰਤਰੀ ‘ਹਿੱਤਾਂ ਦੇ ਟਕਰਾਅ’ ਦੀ ਰੋਕਥਾਮ ਲਈ ਕਾਨੂੰਨ ਲਿਆਉਣ ਲਈ ਵੀ ਦ੍ਰਿੜ੍ਹ ਸੰਕਲਪ ਜਾਪਦੇ ਹਨ ਤੇ ਇਸ ਸਬੰਧੀ ਬਿਲ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਸਨਅਤੀ ਇਕਾਈਆਂ ਲਈ ਬਿਜਲੀ ਦਰ ਘਟਾ ਕੇ 5 ਰੁਪਏ ਸੀਮਤ ਕੀਤੇ ਜਾਣ ਨਾਲ ਸਨਅਤਾਂ ਨੂੰ 1500 ਕਰੋੜ ਰੁਪਏ ਦਾ ਫ਼ਾਇਦਾ ਹੋਵੇਗਾ ਤੇ ਇਸ ਨਾਲ ਪੰਜਾਬ ਵਿਚ ਨਿਵੇਸ਼ ਵਧੇਗਾ। ਦੂਜੇ ਪਾਸੇ ਸਰਕਾਰ ਆਪਣੇ ਮੁੱਖ ਚੋਣ ਵਾਅਦੇ ਭਾਵ ਕਿਸਾਨ ਕਰਜ਼ ਮੁਆਫ਼ੀ ਪੱਖੋਂ ਮਾਰ ਖਾ ਗਈ ਹੈ। ਗੱਲ 10.4 ਲੱਖ ਕਿਸਾਨਾਂ ਦਾ ਕਰੀਬ 9500 ਕਰੋੜ ਰੁਪਏ ਦਾ ਸਾਰਾ ਕਰਜ਼ ਮੁਆਫ਼ ਕਰਨ ਤੋਂ ਤੁਰਨ ਪਿੱਛੋਂ ਘਟ ਕੇ ਮਹਿਜ਼ ਦੋ ਲੱਖ ਰੁਪਏ ਤੱਕ ਦੀ ‘ਰਾਹਤ’ ਤੱਕ ਆ ਗਈ ਹੈ।




ਸਰਕਾਰ ਨੇ ਸਾਰੀਆਂ ਗ਼ੈਰਕਾਨੂੰਨੀ ਚੱਲਦੀਆਂ ਬੱਸਾਂ ਨੂੰ ਰੋਕਣ ਦੀ ਮੁਹਿੰਮ ਸ਼ੁਰੂ ਕੀਤੀ ਸੀ ਪਰ ਹੁਣ ਮਾਮਲਾ ਅਦਾਲਤ ਵਿੱਚ ਹੈ। ਸਰਕਾਰ ‘ਭ੍ਰਿਸ਼ਟ’ ਅਕਾਲੀਆਂ ਨੂੰ ਜੇਲ੍ਹੀਂ ਡੱਕਣ ਦਾ ਵਾਅਦਾ ਭੁੱਲ ਚੁੱਕੀ ਜਾਪਦੀ ਹੈ। ਸਰਕਾਰ ਦੀ ਸਭ ਤੋਂ ਮਾੜੀ ਕਾਰਗੁਜ਼ਾਰੀ ਰੇਤ ਮਾਫ਼ੀਆ ਨੂੰ ਕਾਬੂ ਕਰਨ ਪੱਖੋਂ ਰਹੀ ਹੈ। ਜਦ ਕਿ ਕੈਪਟਨ ਅਮਰਿੰਦਰ ਸਿੰਘਦਾ ਕਹਿਣਾ ਹੈ ਕਿ ਸੂਬੇ ਨੂੰ ਗੰਭੀਰ ਵਿੱਤੀ ਸੰਕਟ ਵਿੱਚ ਸੁੱਟਣ ਤੋਂ ਬਾਅਦ ਹੁਣ ਅਕਾਲੀ ਆਗੂ ਕਾਂਗਰਸ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਵਜੋਂ ਘਟੀਆ ਸਿਆਸਤ ’ਤੇ ਉਤਰ ਆਏ ਹਨ। ਇਸੇ ਤਰ੍ਹਾਂ ਹੀ ਆਮ ਆਦਮੀ ਪਾਰਟੀ ਵੱਲੋਂ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕੋਲ ਕੋਈ ਜਾਦੂ ਦੀ ਛੜੀ ਨਹੀਂ ਹੈ, ਪਰ ਇਸ ਦੇ ਬਾਵਜੂਦ ਸਰਕਾਰ ਨੇ ਪਿਛਲੇ 6 ਮਹੀਨਿਆਂ ਦੌਰਾਨ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ।

ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਲਈ ਪਹਿਲਾਂ ਹੀ ਸ਼ੁਰੂ ਕੀਤੀ ਪ੍ਰਕਿਰਿਆ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਐਫਆਰਬੀਐਮ) ਐਕਟ, 2003 ਵਿੱਚ ਢਿੱਲ ਦਿੱਤੇ ਜਾਣ ਅਤੇ ਕਰਜ਼ੇ ਦੀ ਹੱਦ ਵਿੱਚ ਵਾਧਾ ਕੀਤੇ ਜਾਣ ਸਬੰਧੀ ਕੇਂਦਰ ਵੱਲੋਂ ਦਿੱਤੀ ਜਾਣ ਵਾਲੀ ਸਹਾਇਤਾ ਦਾ ਇੰਤਜ਼ਾਰ ਕਰ ਰਹੀ ਹੈ ਤਾਂ ਜੋ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਪੂਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਮੁੱਦਾ ਪਹਿਲਾਂ ਹੀ ਪ੍ਰਧਾਨ ਮੰਤਰੀ ਕੋਲ ਉਠਾਇਆ ਜਾ ਚੁੱਕਿਆ ਹੈ। ਸਰਕਾਰੀ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਵਿੱਚ ਹੋਈ ਦੇਰੀ ’ਤੇ ਅਫ਼ਸੋਸ ਪ੍ਰਗਟਾਉਂਦਿਆਂ ਕੈਪਟਨ ਨੇ ਕਿਹਾ ਕਿ ਜੀਐਸਟੀ ਬਾਰੇ ਕੇਂਦਰ ਸਰਕਾਰ ਦਾ ਹਿੱਸਾ ਜੋ ਜੂਨ ਵਿੱਚ ਪ੍ਰਾਪਤ ਹੋਣਾ ਸੀ, ਨੂੰ ਸਤੰਬਰ ਤੱਕ ਪਿੱਛੇ ਪਾ ਦਿੱਤਾ ਗਿਆ ਹੈ। ਇਸ ਕਾਰਨ ਤਨਖ਼ਾਹਾਂ ਦਾ ਭੁਗਤਾਨ ਵੀ ਅੱਗੇ ਪਾਉਣਾ ਪਿਆ। ਕੈਪਟਨ ਨੇ ਕਿਹਾ ਕਿ ਬਦਕਿਸਮਤੀ ਨਾਲ ਸੂਬੇ ਦਾ ਖ਼ਜ਼ਾਨਾ ਖਾਲੀ ਹੈ ਅਤੇ ਸੂਬਾ ਸਰਕਾਰ ਆਪਣੇ ਖ਼ਜ਼ਾਨੇ ਵਿਚੋਂ ਤਨਖ਼ਾਹਾਂ ਦੇਣ ਦੀ ਸਥਿਤੀ ਵਿੱਚ ਨਹੀਂ ਹੈ। ਨਸ਼ਿਆਂ ਅਤੇ ਬੇਰੁਜ਼ਗਾਰੀ ਦੇ ਮੁੱਦੇ ’ਤੇ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਗਠਿਤ ਵਿਸ਼ੇਸ਼ ਟਾਸਕ ਫੋਰਸ ਨੂੰ 6 ਮਹੀਨਿਆਂ ਦੌਰਾਨ ਨਸ਼ਾ ਮਾਫ਼ੀਆ ਦਾ ਲੱਕ ਤੋੜਨ ਵਿੱਚ ਸਫ਼ਲਤਾ ਹਾਸਲ ਹੋਈ ਹੈ ਤੇ ਉਨ੍ਹਾਂ ਦੀ ਸਰਕਾਰ ਨੇ ਬੇਰੁਜ਼ਗਾਰ ਨੌਜਵਾਨਾਂ ਲਈ ਤਿੰਨ ਲੱਖ ਦੇ ਕਰੀਬ ਨੌਕਰੀਆਂ ਪੈਦਾ ਕਰ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਸਰਕਾਰ ਦੀ ਸਫ਼ਲਤਾ ਜਾਂ ਅਸਫ਼ਲਤਾ ਨੂੰ ਮਾਪਣ ਲਈ ਛੇ ਮਹੀਨਿਆਂ ਦਾ ਸਮਾਂ ਕਾਫ਼ੀ ਨਹੀਂ ਹੈ।






# ਕਿਸ ਭਾਰਤ ਲਈ ਮੋਦੀ ਲਿਆ ਰਹੇ ਨੇ ਬੁਲੇਟ ਟਰੇਨ ?



**ਸਾਨੂੰ ਜਾਣਨਾ ਚਾਹੀਦਾ ਹੈ ਕਿ ਇਸ ਵਿਚ ਲਾਗਤ ਦੀ ਜੋ ਰਕਮ ਹੈ, ਉਹ ਭਾਰਤ ਦੇ ਸਿਹਤ ਬਜਟ ਦਾ 3 ਗੁਣਾ ਹੈ। ਭਾਰਤ ਉਹ ਮੁਲਕ ਹੈ, ਜਿੱਥੋਂ ਦੇ 38 ਫ਼ੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਤੇ 2 ਸਾਲ ਦੀ ਉਮਰ ਵਿਚ ਹੀ ਉਨ੍ਹਾਂ ਦਾ ਸਰੀਰਕ ਵਿਕਾਸ ਰੁਕ ਜਾਂਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਇਹ ਬੱਚੇ ਤੰਦਰੁਸਤ ਬੱਚਿਆਂ ਦੇ ਮੁਕਾਬਲੇ ਸਰੀਰਕ ਤੇ ਬੌਧਿਕ ਤੌਰ 'ਤੇ ਕਮਜ਼ੋਰ ਹੋਣਗੇ ਤੇ ਕਦੇ ਵੀ ਇਨ੍ਹਾਂ ਦਾ ਜੀਵਨ ਸੰਪੂਰਨ ਨਹੀਂ ਹੋਵੇਗਾ।**

**ਆਕਾਰ ਪਟੇਲ**

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਜਪਾਨ ਦੇ ਪ੍ਰਧਾਨ ਮੰਤਰੀ ਸ਼ਿਜੋ ਆਬੇ ਨਾਲ 14 ਸਤੰਬਰ ਨੂੰ ਮੁੰਬਈ-ਅਹਿਮਦਾਬਾਦ ਬੁਲੇਟ ਟਰੇਨ ਯੋਜਨਾ ਦਾ ਨੀਂਹ ਪੱਥਰ ਰੱਖਿਆ। ਮੋਦੀ ਦੀ ਇਹ ਵੱਡੇ ਸੁਪਨੇ ਵਾਲੀ ਯੋਜਨਾ ਹੈ।

ਅਹਿਮਦਾਬਾਦ ਤੋਂ ਮੁੰਬਈ ਦਰਜਨਾਂ ਰੇਲ ਗੱਡੀਆਂ ਜਾਂਦੀਆਂ ਹਨ। ਪਹਿਲੀ ਟਰੇਨ ਅੱਧੀ ਰਾਤ ਤੋਂ ਠੀਕ ਬਾਅਦ ਤੇ ਆਖ਼ਰੀ ਅੱਧੀ ਰਾਤ ਤੋਂ ਠੀਕ ਪਹਿਲਾਂ। ਅਹਿਮਦਾਬਾਦ ਤੋਂ ਮੁੰਬਈ ਦੀ ਦੂਰ 524 ਕਿਲੋਮੀਟਰ ਹੈ ਤੇ ਇਸ ਨੂੰ ਪੂਰਾ ਕਰਨ ਲਈ ਦਿਨ ਭਰ ਗੱਡੀਆਂ ਜਾਂਦੀਆਂ ਹਨ। ਅਹਿਮਦਾਬਾਦ ਵਿਚ ਇਕ ਏਅਰਪੋਰਟ ਹੈ ਤੇ ਇਥੋਂ ਹਰ ਦਿਨ 10 ਉਡਾਨਾਂ ਹਨ। 6 ਲੇਨ ਦੀ ਐਕਸਪ੍ਰੈੱਸ ਵੇਅ ਦੇ ਨਾਲ ਅਹਿਮਦਾਬਾਦ ਤੇ ਮੁੰਬਈ ਰਾਜਮਾਰਗੀ ਨੈੱਟਵਰਕ ਦਾ ਹਿੱਸਾ ਹੈ। ਟਰੇਨ ਦੇ ਮੁਕਾਬਲੇ ਰੋਡ ਰਾਹੀਂ ਅਹਿਮਦਾਬਾਦ ਤੋਂ ਮੁੰਈ ਘੱਟ ਸਮੇਂ ਪਹੁੰਚਿਆ ਜਾ ਸਕਦਾ ਹੈ। ਸ਼ਾਇਦ ਭਾਰਤ ਦਾ ਇਹ ਸਭ ਤੋਂ ਬਿਹਤਰ ਰੂਟ ਹੈ।

ਮੈਂ ਇਹ ਸਭ ਇਸ ਲਈ ਲਿਖ ਰਿਹਾ ਹਾਂ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਪਾਨ ਦੇ ਪ੍ਰਧਾਨ ਮੰਤਰੀ ਨਾਲ ਬੁਲੇਟ ਟਰੇਨ ਪ੍ਰੋਜੈਕਟ ਦਾ ਨੀਂਹ ਪੱਥਰ ਰੱਖ ਚੁੱਕੇ ਹਨ। ਬੁਲੇਟ ਟਰੇਨ ਅਹਿਮਦਾਬਾਦ ਤੋਂ ਮੁੰਬਈ ਦੌੜੇਗੀ ਤੇ ਕੁਝ ਦਿਨਾਂ ਵਿਚ ਇਸ ਦੇ ਡਿਜ਼ਾਈਨ ਦਾ ਕੰਮ ਸ਼ੁਰੂ ਹੋ ਜਾਵੇਗਾ। ਇਸ ਪ੍ਰੋਜੈਕਟ 'ਤੇ ਕੁਲ ਲਾਗਤ ਇਕ ਲੱਖ ਕਰੋੜ ਦੀ ਆਏਗੀ। ਅਧਿਕਾਰਤ ਤੌਰ ਇਸ ਦੀ ਲਾਗਤ 97,636 ਕਰੋੜ ਦੱਸੀ ਗਈ ਹੈ ਪਰ ਰਿਪੋਰਟ ਮੁਤਾਬਕ 10 ਹਜ਼ਾਰ ਕਰੋੜ ਵਾਧੂ ਖਰਚਾ ਹੋ ਸਕਦਾ ਹੈ।

ਸਾਨੂੰ ਜਾਣਨਾ ਚਾਹੀਦਾ ਹੈ ਕਿ ਇਸ ਵਿਚ ਲਾਗਤ ਦੀ ਜੋ ਰਕਮ ਹੈ, ਉਹ ਭਾਰਤ ਦੇ ਸਿਹਤ ਬਜਟ ਦਾ 3 ਗੁਣਾ ਹੈ। ਭਾਰਤ ਉਹ ਮੁਲਕ ਹੈ, ਜਿੱਥੋਂ ਦੇ 38 ਫ਼ੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਤੇ 2 ਸਾਲ ਦੀ ਉਮਰ ਵਿਚ ਹੀ ਉਨ੍ਹਾਂ ਦਾ ਸਰੀਰਕ ਵਿਕਾਸ ਰੁਕ ਜਾਂਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਇਹ ਬੱਚੇ ਤੰਦਰੁਸਤ ਬੱਚਿਆਂ ਦੇ ਮੁਕਾਬਲੇ ਸਰੀਰਕ ਤੇ ਬੌਧਿਕ ਤੌਰ 'ਤੇ ਕਮਜ਼ੋਰ ਹੋਣਗੇ ਤੇ ਕਦੇ ਵੀ ਇਨ੍ਹਾਂ ਦਾ ਜੀਵਨ ਸੰਪੂਰਨ ਨਹੀਂ ਹੋਵੇਗਾ।

ਬੁਲੇਟ ਟਰੇਨ ਦੀ ਜੋ ਲਾਗਤ ਹੋਵੇਗੀ, ਉਹ ਭਾਰਤ ਵਿਚ ਹਰ ਸਾਲ ਸਿੱਖਿਆ 'ਤੇ ਖ਼ਰਚ ਹੋਣ ਵਾਲੇ ਬਜਟ ਦੀ ਰਕਮ ਨਾਲੋਂ ਜ਼ਿਆਦਾ ਹੈ। ਦੁਨੀਆ ਵਿਚ ਭਾਰਤ ਦਾ ਨਾਂ ਉਨ੍ਹਾਂ ਮੁਲਕਾਂ ਵਿਚ ਸ਼ੁਮਾਰ ਹੈ, ਜਿਥੋਂ ਦੀ ਸਾਖ਼ਰਤਾ ਦਰ ਸਭ ਤੋਂ ਹੇਠਲੇ ਪੱਧਰ 'ਤੇ ਹੈ। ਇਸ ਦੇ ਨਾਲ ਹੀ ਸਾਡੇ ਇਥੇ ਸਿੱਖਿਆ ਦੀ ਗੁਣਵੱਤਾ ਵੀ ਬੇਹੱਦ ਖ਼ਰਾਬ ਹੈ। ਆਵਾਜਾਈ ਉਦਯੋਗ ਅੰਦਰ ਵੀ ਕਈ ਪਹਿਲੂ ਹਨ। ਸਾਡਾ ਨਿਵੇਸ਼ ਉਥੇ ਨਹੀਂ ਹੈ, ਜਿਥੋਂ ਲੋਕਾਂ ਨੂੰ ਸਭ ਤੋਂ ਜ਼ਿਆਦਾ ਜ਼ਰੂਰਤ ਹੈ। 2005 ਵਿਚ ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੀ ਭਾਜਪਾ ਸਰਕਾਰ ਨੇ ਸੂਬਾਈ ਟਰਾਂਸਪੋਰਟ ਦੀਆਂ ਬੱਸਾਂ ਬੰਦ ਕਰ ਦਿੱਤੀਆਂ। ਇਨ੍ਹਾਂ ਸਰਕਾਰਾਂ ਦਾ ਤਰਕ ਸੀ ਕਿ ਬੱਸਾਂ ਤੋਂ ਮੁਨਾਫ਼ਾ ਨਹੀਂ ਹੋ ਰਿਹਾ ਸੀ। ਪਰ ਗ਼ਰੀਬਾਂ ਕੋਲ ਬਦਲ ਕੀ ਹੈ ? ਜ਼ਾਹਰ ਹੈ ਬੁਲੇਟ ਟਰੇਨ ਤੇ ਦੂਸਰੇ ਪ੍ਰੋਜੈਕਟਾਂ ਤੋਂ ਵੀ ਮੁਨਾਫ਼ੇ ਦੀ ਉਮੀਦ ਨਹੀਂ ਹੈ। ਅਹਿਮਦਾਬਾਦ ਤੇ ਮੁੰਬਈ ਵਿਚ ਵੱਲਭ ਭਾਈ ਪਟੇਲ ਤੇ ਛਤਰਪਤੀ ਸ਼ਿਵਾਜੀ ਦੀਆਂ ਵਿਸ਼ਾਲ ਮੂਰਤੀਆਂ ਕੌਮੀ ਮਾਣ ਲਈ ਹਨ। ਇਨ੍ਹਾਂ ਵਿਚੋਂ ਕੋਈ ਮੁਨਾਫ਼ਾ ਨਹੀਂ ਹੋਣ ਜਾ ਰਿਹਾ।

ਬੁਲੇਟ ਟਰੇਨ ਦੇ ਪੱਖ ਵਿਚ ਤਰਕ ਦਿੱਤਾ ਜਾ ਰਿਹਾ ਹੈ ਕਿ ਦੋ ਹੋਰਨਾਂ ਗੁਜਰਾਤੀ ਸ਼ਹਿਰਾਂ ਵਿਚ ਵੀ ਇਸ ਦੀ ਸੇਵਾ ਮਿਲੇਗੀ। ਇਸੇ ਰੂਟ ਵਿਚ ਸੂਰਤ ਤੇ ਵੜੋਦਰਾ ਵੀ ਆਉਣਗੇ। ਵੜੋਦਰਾ ਦੀ ਦੂਰੀ ਅਹਿਮਦਾਬਾਦ ਤੋਂ 110 ਕਿਲੋਮੀਟਰ ਹੈ। ਵੜੋਦਰਾ ਤੋਂ ਮੁੰਬਈ ਲਈ ਬਹੁਤ ਉਡਾਣਾਂ ਹਨ। ਮੇਰੇ ਮਾਤਾ-ਪਿਤਾ ਸੂਰਤ ਵਿਚ ਰਹਿੰਦੇ ਹਨ, ਇਸ ਲਈ ਮੈਂ ਉਥੇ ਅਕਸਰ ਜਾਂਦਾ ਹਾਂ। ਪਹਿਲਾਂ ਬੰਗਲੁਰੂ ਤੋਂ ਇਥੋਂ ਲਈ ਮਹਿਜ਼ ਇਕ ਉਡਾਣ ਸੀ ਤੇ ਹੁਣ ਇਕ ਵੀ ਨਹੀਂ ਹੈ। 6 ਨਵੰਬਰ 2014 ਨੂੰ ਸੂਰਤ ਏਅਰਪੋਰਟ 'ਤੇ ਸਪਾਈਸਟੇਜ ਬੋਇੰਗ ਫਲਾਈਟ ਹਾਦਸੇ ਦਾ ਸ਼ਿਕਾਰ ਹੋ ਗਈ ਸੀ। ਰਿਪੋਰਟ ਮੁਤਾਬਕ ਰਨਵੇ 'ਤੇ ਇਕ ਮੱਝ ਟਹਿਲ ਰਹੀ ਸੀ ਤੇ ਜਹਾਜ਼ ਉਸ ਨਾਲ ਟਕਰਾ ਗਿਆ। ਮੱਝ ਰਨਵੇ 'ਤੇ ਇਸ ਲਈ ਆ ਗਈ ਸੀ ਕਿਉਂਕਿ ਏਅਰਪੋਰਟ ਦੀ ਚਾਰ ਦੀਵਾਰੀ ਟੁੱਟੀ ਹੋਈ ਸੀ। ਬੋਇੰਗ 737 ਜਹਾਜ਼ ਦੇ ਇੰਜਣ ਨੂੰ ਨੁਕਸਾਨ ਪਹੁੰਚਿਆ ਸੀ। ਇਸ ਵਿਚ ਮੱਝ ਮਾਰੀ ਗਈ ਸੀ।

ਰਿਪੋਰਟ ਮੁਤਾਬਕ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਇਸ ਮਾਮਲੇ ਵਿਚ ਜਾਂਚ ਦਾ ਹੁਕਮ ਦਿੱਤਾ। ਇਸ ਜਾਂਚ ਵਿਚ ਮੰਤਰਾਲੇ ਦੇ ਅਧਿਕਾਰੀ ਤੇ ਏਅਰਪੋਰਟ ਅਥਾਰਟੀ ਆਫ਼ ਇੰਡੀਆ ਨੂੰ ਸ਼ਾਮਲ ਕੀਤਾ ਗਿਆ। ਦੇਸ਼ ਭਰ ਦੇ ਏਅਰਪੋਰਟ ਦੀ ਸੁਰੱਖਿਆ ਦੀ ਸਮੀਖਿਆ ਹੋਈ। ਸ਼ਹਿਰੀ ਹਵਾਬਾਜ਼ੀ ਮੰਤਰੀ ਗਜਪਤੀ ਰਾਜੂ ਨੇ 2 ਘੰਟੇ ਦੀ ਮੀਟਿੰਗ ਕਰਕੇ ਇਹ ਆਦੇਸ਼ ਦਿੱਤਾ ਸੀ। ਸੂਤਰਾਂ ਦਾ ਕਹਿਣਾ ਹੈ ਕਿ ਦੇਸ਼ ਦੇ ਸਾਰੇ ਏਅਰਪੋਰਟ ਦੀ ਚਾਰ ਦੀਵਾਰੀ ਕੰਕਰੀਟ ਹੋਣੀ ਚਾਹੀਦੀ ਹੈ ਨਾ ਕਿ ਇੱਟ ਦੀ ਦੀਵਾਰ।

ਅਜਿਹਾ ਲਗਦਾ ਹੈ ਕਿ ਸਰਕਾਰ ਸਿਰਫ਼ ਅਮੀਰਾਂ ਦੇ ਟਰਾਂਸਪੋਰਟ ਸਿਸਟਮ 'ਤੇ ਖ਼ਰਚ ਕਰਨਾ ਚਾਹੁੰਦੀ ਹੈ। ਅਜਿਹੀ ਧਾਰਨਾ ਹੈ ਕਿ ਅਰਥ ਵਿਵਸਥਾ ਵਧੇਗੀ ਤਾਂ ਇਸ ਦਾ ਦੇਸ਼ ਨੂੰ ਲਾਭ ਹੋਵੇਗਾ। ਜੇਕਰ ਅਜਿਹਾ ਹੈ ਤਾਂ ਸਾਨੂੰ ਸੂਰਤ ਦੇ ਏਅਰਪੋਰਟ ਨੂੰ ਸੁਰੱਖਿਅਤ ਬਣਾਉਣਾ ਚਾਹੀਦਾ ਹੈ ਤਾਂ ਕਿ ਬਾਕੀ ਦੁਨੀਆ ਨਾਲ ਸੰਪਰਕ ਆਸਾਨੀ ਨਾਲ ਹੋ ਸਕੇ ਨਾ ਕਿ ਕੇਵਲ ਮੁੰਬਈ ਲਈ ਬੁਲੇਟ ਟਰੇਨ ਚਲਾਈ ਜਾਵੇ।

ਇਸ ਮੱਝ ਕਾਂਡ ਨਾਲ ਭਾਰਤ ਦੀ ਅਸਮਰੱਥਾ ਸਾਹਮਣੇ ਆਉਂਦੀ ਹੈ। 10 ਹਜ਼ਾਰ ਕਰੋੜ ਦੀ ਵਾਧੂ ਰਕਮ ਐਲੀਵੇਟਡ ਕਾਰੀਡੋਰ ਲਈ ਹੈ। ਇਸ ਦਾ ਮਤਲਬ ਇਹ ਹੋਇਆ ਕਿ ਬੁਲੇਟ ਟਰੇਨ ਭਾਰਤ ਦੀ ਅਰਥ ਵਿਵਸਥਾ ਤੋਂ ਉਪਰ ਹੋਵੇਗੀ। ਇਹ ਪ੍ਰੋਜੈਕਟ ਦਿਖਾਵੇ ਲਈ ਹੈ। ਇਹ ਪੈਸੇ ਦੀ ਬਰਬਾਦੀ ਹੈ, ਜਿਸ ਦਾ ਇਸਤੇਮਾਲ ਸਿਹਤ ਤੇ ਸਿੱਖਿਆ 'ਤੇ ਕੀਤਾ ਜਾ ਸਕਦਾ ਸੀ।

ਜ਼ਾਹਰ ਹੈ ਬੁਲੇਟ ਟਰੇਨ ਦਾ ਇਸਤੇਮਾਲ ਭਾਰਤ ਦੀ ਬਹੁਸੰਖਿਅਕ ਆਬਾਦੀ ਨਹੀਂ ਕਰੇਗੀ। ਇਸ ਬੁਲੇਟ ਟਰੇਨ ਦਾ ਇਸਤੇਮਾਲ ਮੁੰਬਈ ਤੇ ਅਹਿਮਦਾਬਾਦ ਵਿਚਾਲੇ ਰਹਿਣ ਵਾਲੇ ਲਕੋ ਵੀ ਨਹੀਂ ਕਰ ਸਕਣਗੇ ਕਿਉਂਕਿ ਇਹ ਹਿੱਸਾ ਬਾਕੀ ਭਾਰਤ ਨਾਲੋਂ ਪਹਿਲਾਂ ਤੋਂ ਹੀ ਸ਼ਾਨਦਾਰ ਤਰੀਕੇ ਨਾਲ ਜੁੜਿਆ ਹੋਇਆ ਹੈ।

## ਰਿਆਨ ਕਤਲ ਕੇਸ: ਸੀ.ਬੀ.ਆਈ. ਕਰੇਗੀ ਜਾਂਚ, 3 ਮਹੀਨਿਆਂ ਲਈ ਹਰਿਆਣਾ ਸਰਕਾਰ ਨੇ ਟੇਕਓਵਰ ਕੀਤਾ ਸਕੂਲ

**ਗੁਰੂਗ੍ਰਾਮ/ਬਿਊਰੋ ਨਿਊਜ਼** : ਇਥੋਂ ਦੇ ਰਿਆਨ ਇੰਟਰਨੈਸ਼ਨਲ ਸਕੂਲ ਵਿਚ 7 ਸਾਲਾ ਬੱਚੇ ਦੇ ਕਤਲ ਕੇਸ ਵਿਚ ਹਰਿਆਣਾ ਸਰਕਾਰ ਨੇ ਅੱਜ ਸੀਬੀਆਈ ਜਾਂਚ ਦੀ ਸਿਫ਼ਾਰਸ਼ ਕੀਤੀ ਹੈ। ਪਿਛਲੇ ਸ਼ੁੱਕਰਵਾਰ ਨੂੰ ਪ੍ਰਦਯੁਮਨ ਠਾਕੁਰ ਸਕੂਲ ਦੇ ਪਖਾਨੇ ਵਿਚੋਂ ਮ੍ਰਿਤਕ ਮਿਲਿਆ ਸੀ ਤੇ ਉਸ ਦੀ ਗਰਦਨ ਤੇਜ਼ਧਾਰ ਹਥਿਆਰ ਨਾਲ ਵੱਢੀ ਹੋਈ ਸੀ। ਪੀੜਤ ਪਰਿਵਾਰ ਨੂੰ ਮਿਲਣ ਬਾਅਦ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਇਹ ਐਲਾਨ ਕੀਤਾ।



ਸਕੂਲ ਖ਼ਿਲਾਫ਼ ਕਾਰਵਾਈ ਬਾਰੇ ਪੁੱਛਣ 'ਤੇ ਮੁੱਖ ਮੰਤਰੀ ਨੇ ਦੱਸਿਆ ਕਿ ਸਰਕਾਰ ਨੇ ਇਸ ਸਕੂਲ ਦਾ ਪ੍ਰਬੰਧ 3 ਮਹੀਨਿਆਂ ਲਈ ਆਪਣੇ ਹੱਥ ਵਿਚ ਲੈਣ ਦਾ ਫ਼ੈਸਲਾ ਕੀਤਾ ਹੈ। ਗੁਰੂਗ੍ਰਾਮ ਦੇ ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਸਕੂਲ ਦਾ ਪ੍ਰਬੰਧ ਚਲਾਇਆ ਜਾਵੇਗਾ।

ਉਨ੍ਹਾਂ ਇਥੇ ਪੱਤਰਕਾਰਾਂ ਨੂੰ ਦੱਸਿਆ, 'ਇਹ ਘਟਨਾ ਬੇਹੱਦ ਮੰਦਭਾਗੀ ਹੈ। ਮੈਂ ਇਥੇ ਪਰਿਵਾਰ ਨੂੰ ਮਿਲ ਕੇ ਅਫ਼ਸੋਸ ਜ਼ਾਹਰ ਕਰਨ ਆਇਆ ਸੀ। ਹਰਿਆਣਾ ਪੁਲੀਸ ਨੇ ਇਸ ਮਾਮਲੇ ਵਿਚ ਨਿਰਪੱਖ ਤੇ ਢੁਕਵੀਂ ਜਾਂਚ ਕੀਤੀ ਹੈ ਪਰ ਇਸ ਦੇ ਬਾਵਜੂਦ ਪੀੜਤ ਪਰਿਵਾਰ ਦੀ ਮੰਗ 'ਤੇ ਇਸ ਕੇਸ ਦੀ ਜਾਂਚ ਸੀਬੀਆਈ ਨੂੰ ਸੌਂਪੀ ਜਾ ਰਹੀ ਹੈ। ਮੈਂ ਸੀਬੀਆਈ ਨੂੰ ਇਸ ਕੇਸ ਦੀ ਜਾਂਚ ਜਲਦੀ ਤੋਂ ਜਲਦੀ ਸਿਰੇ ਲਾਉਣ ਦੀ ਅਪੀਲ ਕਰਦਾ ਹਾਂ।' ਪ੍ਰਦਯੁਮਨ ਦੇ ਪਿਤਾ ਬਰੁਣ ਠਾਕੁਰ ਨੇ ਕਿਹਾ ਕਿ ਅਜਿਹੇ ਕੇਸਾਂ ਵਿਚ ਸਕੂਲ ਮੈਨੇਜਮੈਂਟ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ, 'ਭਵਿੱਖ ਵਿਚ ਸਕੂਲਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਨੱਕ ਥੱਲੇ ਅਜਿਹੀਆਂ ਹੌਲਨਾਕ ਘਟਨਾਵਾਂ ਨਾ ਹੋਣ।'

ਇਸ ਦੌਰਾਨ ਸਕੂਲੀ ਬੱਚਿਆਂ ਨੂੰ ਜਿਨਸੀ ਸ਼ੋਸ਼ਣ ਤੇ ਕਤਲ ਤੋਂ ਬਚਾਉਣ ਲਈ 'ਗ਼ੈਰ-ਸਮਝੌਤਾਯੋਗ' ਸ਼ਰਤਾਂ ਤਿਆਰ ਕਰਨ ਤੇ ਦਿਸ਼ਾ ਨਿਰਦੇਸ਼ ਲਾਗੂ ਕਰਨ ਬਾਰੇ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਕੇਂਦਰ ਤੇ ਸਾਰੀਆਂ ਸੂਬਾਈ ਸਰਕਾਰਾਂ ਤੋਂ ਜਵਾਬ ਮੰਗਿਆ ਹੈ। ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਬੈਂਚ ਨੇ ਨੋਟਿਸ ਜਾਰੀ ਕਰਦਿਆਂ ਕੇਂਦਰੀ ਮਨੁੱਖੀ ਵਸੀਲੇ ਵਿਕਾਸ ਮੰਤਰਾਲੇ, ਸਾਰੇ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ 3 ਹਫ਼ਤਿਆਂ ਅੰਦਰ ਜਵਾਬ ਮੰਗਿਆ ਹੈ।

## ਬੁਲੇਟ ਟਰੇਨ ਨਾਲ ਉਜੜੇਗੀ ਇਨ੍ਹਾਂ ਦੀ ਜ਼ਿੰਦਗੀ...

**ਅਸ਼ਵਿਨ ਅਘੋਰ**

ਜਿਸ ਵਕਤ ਅਹਿਮਦਾਬਾਦ ਵਿਚ ਭਾਰਤ ਦੀ ਪਹਿਲੀ ਬੁਲੇਟ ਟਰੇਨ ਦਾ ਨੀਂਹ ਪੱਥਰ ਰੱਖਿਆ ਜਾ ਰਿਹਾ ਸੀ, ਉਸ ਵਕਤ ਮਹਾਰਾਸ਼ਟਰ, ਦਾਦਰਾ ਨਗਰ ਹਵੇਲੀ ਤੇ ਗੁਜਰਾਤ ਦੇ ਕੁਝ ਹਿੱਸਿਆਂ ਵਿਚ ਇਸ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਹੋ ਰਹੇ ਸਨ। ਬੁਲੇਟ ਟਰੇਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਸੁਪਨਸਾਜ਼' ਯੋਜਨਾ ਹੈ। ਜਿਥੇ ਇਕ ਪਾਸੇ ਇਸ ਪ੍ਰੋਜੈਕਟ ਬਾਰੇ ਸੁਨਹਿਰੀ ਗੱਲਾਂ ਕਹੀਆਂ ਜਾ ਰਹੀਆਂ ਸਨ, ਉਧਰ ਦੂਜੇ ਪਾਸੇ ਇਸ ਕਾਰਨ ਹੋਣ ਵਾਲੇ ਨੁਕਸਾਨ ਨੂੰ ਅਣਦੇਖਿਆ ਕੀਤਾ ਜਾ ਰਿਹਾ ਸੀ।

ਸਰਕਾਰ ਦਾਅਵੇ ਕਰ ਰਹੀ ਹੈ ਕਿ ਮੁੰਬਈ ਤੇ ਅਹਿਮਦਾਬਾਦ ਵਿਚਾਲੇ ਚਲਾਈ ਜਾਣ ਵਾਲੀ ਇਸ ਬੁਲੇਟ ਟਰੇਨ ਨਾਲ ਗੁਜਰਾਤ ਤੇ ਮਹਾਂਰਾਸ਼ਟਰ ਵਿਚ ਉਦਯੋਗ ਵਧਣਗੇ, ਨੌਕਰੀਆਂ ਪੈਦਾ ਹੋਣਗੀਆਂ, ਲੋਕਾਂ ਦੇ ਜੀਵਨ ਪੱਧਰ ਵਿਚ ਵਾਧਾ ਹੋਵੇਗਾ ਪਰ ਇਸ ਦੇ ਨਾਲ ਹੀ ਬੁਲੇਟ ਟਰੇਨ ਦੇ ਰਸਤੇ ਵਿਚ ਪੈਣ ਵਾਲੇ ਆਦੀਵਾਸੀ ਇਲਾਕਿਆਂ ਤੋਂ ਵਿਰੋਧ ਦੇ ਸੁਰ ਉਠਣੇ ਸ਼ੁਰੂ ਹੋ ਗਏ ਹਨ। ਇਸ ਪ੍ਰੋਜੈਕਟ ਖ਼ਿਲਾਫ਼ ਮਹਾਂਰਾਸ਼ਟਰ, ਦਾਦਰਾ ਨਗਰ ਹਵੇਲੀ ਤੇ ਗੁਜਰਾਤ ਦੇ ਆਦਿਵਾਸੀ ਸਮਾਜ ਨੇ ਕਈ ਥਾਂ ਵਿਰੋਧ ਪ੍ਰਦਸ਼ਨ ਕੀਤੇ। ਹਾਲਾਂਕਿ ਕੇਂਦਰ ਤੇ ਕਿਸੇ ਹੋਰ ਵੀ ਸੂਬਾਈ ਸਰਕਾਰ ਨੇ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ 'ਤੇ ਫ਼ਿਲਹਾਲ ਕੁਝ ਨਹੀਂ ਕਿਹਾ ਹੈ।

ਇਹ ਦੋਸ਼ ਲੱਗਣੇ ਸ਼ੁਰੂ ਹੋ ਗੇ ਹਨ ਕਿ ਜੇਕਰ ਇਸ ਪ੍ਰੋਜੈਕਟ ਦੇ ਕਈ ਲਾਭ ਹਨ, ਤਾਂ ਇਸ ਤੋਂ ਹੋਣ ਵਾਲੇ ਨੁਕਸਾਨ ਲੁਕਾਏ ਵੀ ਜਾ ਰਹੇ ਹਨ। ਆਦਿਵਾਸੀ ਏਕਤਾ ਪ੍ਰੀਸ਼ੱਦ ਦੇ ਪਾਲਘਰ ਜ਼ਿਲ੍ਹਾ ਮੀਤ ਪ੍ਰਧਾਨ ਵਿਨੋਦ ਦੁਮੜਾ ਕਹਿੰਦੇ ਹਨ, 'ਮਹਾਂਰਾਸ਼ਟਰ, ਦਾਦਰਾ ਨਗਰ ਹਵੇਲੀ ਤੇ ਗੁਜਰਾਤ ਦੇ ਜਿਨ੍ਹਾਂ ਆਦਿਵਾਸੀ ਬਹੁਤਾਤ ਵਾਲੇ ਇਲਾਕਿਆਂ ਤੋਂ ਇਹ ਪ੍ਰੋਗੈਕਟ ਲੰਘੇਗਾ, ਉਹ ਅਨੁਸੂਚਿਤ ਇਲਾਕਾ ਹੈ। ਇਥੋਂ



ਦੀ ਜ਼ਮੀਨ ਅਨੁਸੂਚਿਤ ਹੈ ਤੇ ਇਥੋਂ ਦੇ ਨਿਵਾਸੀਆਂ ਦੀ ਆਗਿਆ ਦੇ ਬਿਨਾਂ ਕੋਈ ਵੀ ਯੋਜਨਾ ਸ਼ੁਰੂ ਨਹੀਂ ਕੀਤੀ ਜਾ ਸਕਦੀ। ਇਥੋਂ ਦੇ ਆਦਿਵਾਸੀ ਪਹਿਲਾਂ ਤੋਂ ਹੀ ਦਿੱਲੀ-ਮੁੰਬਈ ਫਰੇਟ ਕਾਰੀਡੋਰ ਦੀ ਮਾਰ ਝੱਲ ਰਹੇ ਹਨ, ਉਸ 'ਤੇ ਹੁਣ ਇਹ ਬੁਲੇਟ ਟਰੇਨ ਪ੍ਰੋਜੈਕਟ ਆਦਿਵਾਸੀਆਂ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਦਏਗਾ।'

ਮਹਾਂਰਾਸ਼ਟਰ, ਦਾਦਰਾ ਨਗਰ ਹਵੇਲੀ ਤੇ ਗੁਜਰਾਤ ਦੇ ਆਦਿਵਾਸੀ ਸਮਾਜ ਦੇ ਸਮਰਥਨ ਵਿਚ ਇਨ੍ਹਾਂ ਸੂਬਿਆਂ ਦੇ 24 ਵੱਖ ਵੱਖ ਸਮਾਜਿਕ ਸੰਗਠਨ ਨਾਲ ਆ ਕੇ ਇਸ ਪ੍ਰੋਜੈਕਟ ਦਾ ਵਿਰੋਧ ਕਰ ਰਹੇ ਹਨ। ਦਾਦਰਾ ਨਗਰ ਹਵੇਲੀ ਦੇ ਰਹਿਣ ਵਾਲੇ ਆਦਿਵਾਸੀ ਏਕਾਤ ਪ੍ਰੀਸ਼ੱਦ ਦੇ ਆਗੂ ਪ੍ਰਭੂ ਟੋਕਿਆ ਕਹਿੰਦੇ ਹਨ ਕਿ ਇਹ ਪ੍ਰੋਜੈਕਟ ਨਾ ਸਿਰਫ਼ ਆਦਿਵਾਸੀ ਬਲਕਿ ਬਾਕੀ ਸਮਾਜ ਦੇ ਲੋਕਾਂ ਦੀ ਵੀ ਜ਼ਿੰਦਗੀ ਉਜਾੜ ਦੇਵੇਗਾ।

ਉਹ ਕਹਿੰਦੇ ਹਨ, 'ਬੁਲੇਟ ਟਰੇਨ ਦੇ ਮਾਰਗ ਵਿਚ ਕੁੱਲ 72 ਆਦਿਵਾਸੀ ਪਿੰਡ ਹਨ, ਜਿਨ੍ਹਾਂ ਵਿਚੋਂ 12 ਪਿੰਡ ਪ੍ਰਭਾਵਤ ਹੋਣ ਵਾਲੇ ਹਨ। ਇਨ੍ਹਾਂ ਪਿੰਡਾਂ ਵਿਚ ਆਦਿਵਾਸੀਆਂ ਤੋਂ ਇਲਾਵਾ ਹੋਰਨਾਂ ਸਮਾਜ ਦੇ ਲੋਕ ਵੀ ਰਹਿੰਦੇ ਹਨ। ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਪ੍ਰੋਜੈਕਟ ਲਈ ਕਾਨੂੰਨ ਦਾ ਧੜੱਲੇ ਨਾਲ ਉਲੰਘਣ ਕੀਤਾ ਜਾ ਰਿਹਾ ਹੈ। ਇਨ੍ਹਾਂ ਪਿੰਡਾਂ ਦੀ ਗਰਾਮ ਸਭਾ ਦੀ ਆਗਿਆ ਤੋਂ ਬਿਨਾਂ ਕੋਈ ਵੀ ਪ੍ਰੋਜੈਕਟ ਸ਼ੁਰੂ ਨਹੀਂ ਕੀਤਾ ਜਾ ਸਕਦਾ। ਜਿਥੋਂ ਤਕ ਬੁਲੇਟ ਟਰੇਨ ਦਾ ਸਵਾਲ ਹੈ, ਤਾਂ ਇਸ ਲਈ ਕਿਸੇ ਵੀ ਗਰਾਮ ਸਭਾ ਦੀ ਆਗਿਆ ਨਹੀਂ ਲਈ ਗਈ ਹੈ।'

ਭਾਰਤੀ ਬੁਲੇਟ ਟਰੇਨ ਅਹਿਮਦਾਬਾਦ ਤੋਂ ਮੁੰਬਈ ਵਿਚਾਲੇ 500 ਕਿਲੋਮੀਟਰ ਦੀ ਦੂਰੀ 3 ਘੰਟੇ ਵਿਚ ਪੂਰੀ ਕਰੇਗੀ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਕਾਨੂੰਨ ਦਾ ਪਾਲਣ ਕਰਦਿਆਂ ਗਰਾਮ ਸਭਾ ਦੀ ਆਗਿਆ ਨਹੀਂ ਲਈ ਤਾਂ 16 ਨਵੰਬਰ ਨੂੰ ਇਕ ਲੱਖ ਆਦਿਵਾਸੀ ਦਾਦਰਾ ਨਗਰ ਹਵੇਲੀ ਵਿਚ ਇਸ ਖ਼ਿਲਾਫ਼ ਪ੍ਰਦਰਸ਼ਨ ਕਰਨਗੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੁਪਨੇ ਨੂੰ ਪੂਰਾ ਕਰਨ ਲਈ ਜਿਥੇ ਏਨੀਆਂ ਤਿਆਰੀਆਂ ਹੋ ਰਹੀਆਂ ਹਨ, ਉਧਰ ਮਹਾਂਰਾਸ਼ਟਰ ਦੇ ਪਾਲਘਰ ਤੋਂ ਲੈ ਕੇ ਗੁਜਰਾਤ ਦੇ ਵਾਪੀ ਤਕ ਆਦਿਵਾਸੀ ਪਿੰਡ ਇਸ ਯੋਜਨਾ ਦੀ ਲਪੇਟ ਵਿਚ ਹਨ। ਇਸ ਨਾਲ ਆਦਿਵਾਸੀਆਂ ਦੇ ਉਜਾੜੇ ਦਾ ਖ਼ਤਰਾ ਮੰਡਰਾ ਰਿਹਾ ਹੈ।

# ਮੋਦੀ ਤੇ ਆਬੇ ਨੇ ਬੁਲਟੇ ਟਰੇਨ ਦਾ ਰੱਖਿਆ ਨੀਂਹ ਪੱਥਰ

## ਅਹਿਮਦਾਬਾਦ ਤੋਂ ਮੁੰਬਈ ਤਕ ਚੱਲੇਗੀ ਟਰੇਨ

**ਅਹਿਮਦਾਬਾਦ/ਬਿਊਰੋ ਨਿਊਜ਼ :**
ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਜਪਾਨੀ ਹਮਰੁਤਬਾ ਸ਼ਿੰਜ਼ੋ ਆਬੇ ਨੇ ਇਥੇ ਦੇਸ਼ ਦੇ ਪਹਿਲੇ ਬੁਲੇਟ ਟਰੇਨ ਪ੍ਰਾਜੈਕਟ ਦਾ ਨੀਂਹ ਪੱਥਰ ਰੱਖ ਕੇ ਦੇਸ਼ ਦੇ ਰੇਲ ਖੇਤਰ ਵਿੱਚ ਨਵੇਂ ਯੁੱਗ ਦਾ ਮੁੱਢ ਬੰਨ੍ਹਿਆ। ਇਸ ਪ੍ਰਾਜੈਕਟ ਤਹਿਤ ਦੇਸ਼ ਦੀ ਪਹਿਲੀ ਬੁਲੇਟ ਟਰੇਨ ਗੁਜਰਾਤ ਦੇ ਪ੍ਰਮੁੱਖ ਸ਼ਹਿਰ ਅਹਿਮਦਾਬਾਦ ਤੋਂ ਦੇਸ਼ ਦੀ ਆਰਥਿਕ ਰਾਜਧਾਨੀ ਮੁੰਬਈ ਵਿਚਕਾਰ ਚੱਲੇਗੀ। ਇਸ ਤੋਂ ਪਹਿਲਾਂ ਇਥੇ ਦੋਵੇਂ ਪ੍ਰਧਾਨ ਮੰਤਰੀਆਂ ਨੇ ਵੱਖ-ਵੱਖ ਮੁੱਦਿਆਂ ਉਤੇ ਵਿਆਪਕ ਗੱਲਬਾਤ ਕੀਤੀ, ਜਿਸ ਦੌਰਾਨ ਡੋਕਲਾਮ ਦਾ ਮੁੱਦਾ ਵੀ ਉਠਿਆ। ਦੋਵੇਂ ਮੁਲਕਾਂ ਦਰਮਿਆਨ 15 ਸਮਝੌਤੇ ਵੀ ਸਹੀਬੰਦ ਕੀਤੇ ਗਏ। ਚੀਨ ਨੇ ਪ੍ਰਤੀਕਿਰਿਆ ਕਰਦਿਆਂ ਕਿਹਾ ਕਿ ਦੋਵਾਂ ਮੁਲਕਾਂ ਨੂੰ ਗੱਠਜੋੜ ਨਹੀਂ ਸਗੋਂ ਭਾਈਵਾਲੀ ਕਰਨੀ ਚਾਹੀਦੀ ਹੈ।

ਸ੍ਰੀ ਮੋਦੀ ਨੇ ਇਸ ਪ੍ਰਾਜੈਕਟ ਨੂੰ 'ਜਪਾਨ ਵੱਲੋਂ ਭਾਰਤ ਲਈ ਵੱਡੀ ਸੌਗ਼ਾਤ' ਕਰਾਰ ਦਿੱਤਾ। ਕਰੀਬ 1.10 ਲੱਖ ਕਰੋੜ ਰੁਪਏ ਦੀ ਲਾਗਤ ਵਾਲਾ ਇਹ ਪ੍ਰਾਜੈਕਟ ਕਰੀਬ ਪੰਜ ਸਾਲਾਂ ਵਿੱਚ 2022 ਤੱਕ ਮੁਕੰਮਲ ਹੋਣ ਦੇ ਆਸਾਰ ਹਨ, ਜਿਸ ਨਾਲ ਦੋਵਾਂ ਸ਼ਹਿਰਾਂ ਦਰਮਿਆਨ 500 ਕਿਲੋਮੀਟਰ ਤੋਂ ਵੱਧ ਦਾ ਸਫ਼ਰ ਸੱਤ ਘੰਟਿਆਂ ਤੋਂ ਘਟ ਕੇ ਮਹਿਜ਼ ਤਿੰਨ ਘੰਟੇ ਦਾ ਰਹਿ ਜਾਵੇਗਾ। ਇਸ ਸਬੰਧੀ ਸਾਬਰਮਤੀ ਸਥਿਤ ਅਥਲੈਟਿਕਸ ਸਟੇਡੀਅਮ ਵਿੱਚ ਹੋਈ ਜਨਤਕ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸ੍ਰੀ ਆਬੇ ਨੇ ਭਾਰਤ ਤੇ ਜਪਾਨ ਦੀ ਭਾਈਵਾਲੀ ਨੂੰ ਖ਼ਾਸ, ਰਣਨੀਤਕ ਤੇ ਆਲਮੀ ਕਰਾਰ ਦਿੱਤਾ। ਉਨ੍ਹਾਂ ਕਿਹਾ, "ਮਜ਼ਬੂਤ ਭਾਰਤ ਜਪਾਨ ਦੇ ਹਿੱਤ ਵਿਚ ਹੈ ਤੇ ਮਜ਼ਬੂਤ ਜਪਾਨ ਵੀ ਭਾਰਤ ਦੇ ਹਿੱਤ ਵਿੱਚ ਹੈ।" ਦੋਵੇਂ ਆਗੂਆਂ ਨੇ ਬਟਨ ਦਬਾ ਕੇ ਉਦਘਾਟਨੀ ਪੱਥਰ ਤੋਂ ਪਰਦਾ ਹਟਾਉਂਦਿਆਂ ਪ੍ਰਾਜੈਕਟ ਦਾ ਰਸਮੀ ਨੀਂਹ ਪੱਥਰ ਰੱਖਿਆ। ਸ੍ਰੀ ਆਬੇ ਨੇ ਕਿਹਾ, "ਮੇਰੇ ਦੋਸਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਕ ਦੂਰਅੰਦੇਸ਼ ਆਗੂ ਹਨ। ਉਨ੍ਹਾਂ ਭਾਰਤ ਵਿੱਚ ਤੇਜ਼ ਰਫ਼ਤਾਰ ਰੇਲ ਲਿਆਉਣ ਦਾ ਫ਼ੈਸਲਾ ਦੋ ਸਾਲ ਪਹਿਲਾਂ ਲਿਆ ਸੀ ਤਾਂ ਕਿ ਇਕ ਨਵਾਂ ਭਾਰਤ ਸਿਰਜਿਆ ਜਾ ਸਕੇ।" ਉਨ੍ਹਾਂ ਕਿਹਾ ਕਿ ਜਦੋਂ ਉਹ ਕੁਝ ਸਾਲਾਂ ਮਗਰੋਂ ਮੁੜ ਭਾਰਤ ਆਉਣਗੇ ਤਾਂ ਇਸ ਬੁਲੇਟ ਟਰੇਨ ਦੀ ਖਿੜਕੀ ਵਿੱਚੋਂ 'ਭਾਰਤ ਦੇ ਖ਼ੂਬਸੂਰਤ ਨਜ਼ਾਰੇ' ਦੇਖਣ ਦੇ ਖ਼ਾਹਿਸ਼ਮੰਦ ਹਨ। ਉਨ੍ਹਾਂ ਕਿਹਾ ਕਿ ਜਪਾਨ ਦੀ ਸ਼ਿੰਕਨਸੇਨ ਟੈਕਨਾਲੋਜੀ ਦਾ ਇਹ ਪ੍ਰਾਜੈਕਟ ਭਾਰਤੀ ਸਮਾਜ ਤੇ ਲੋਕਾਂ ਦੀ ਜ਼ਿੰਦਗੀ ਵਿੱਚ ਨਵੀਂ ਤਬਦੀਲੀ ਲਿਆਵੇਗਾ।




ਗੁਜਰਾਤ ਦੀ ਰਾਜਧਾਨੀ ਗਾਂਧੀਨਗਰ ਵਿੱਚ ਭਾਰਤ-ਜਪਾਨ ਸਾਲਾਨਾ ਸਿਖਰ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਜਪਾਨੀ ਹਮਰੁਤਬਾ ਸ਼ਿੰਜ਼ੋ ਆਬੇ ਇਕਰਾਰਨਾਮੇ ਸਬੰਧੀ ਦਸਤਾਵੇਜ਼ ਵਟਾਉਂਦੇ ਹੋਏ।

ਇਸ ਮੌਕੇ ਦੇਸ਼ ਵਾਸੀਆਂ ਨੂੰ ਮੁਬਾਰਕਬਾਦ ਦਿੰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਦੇਸ਼ ਵਿੱਚ ਬੁਲੇਟ ਟਰੇਨ ਚਲਾਉਣ ਦੇ 'ਚਿਰੋਕਣੇ ਸੁਪਨੇ ਨੂੰ ਪੂਰਾ ਕਰਨ ਪੱਖੋਂ ਇਹ ਇਕ ਵੱਡਾ ਕਦਮ' ਹੈ। ਇਸ ਮੌਕੇ ਜਪਾਨ ਦੀ ਸ਼ਲਾਘਾ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਇਹ ਮੁਲਕ ਭਾਰਤ ਦਾ ਇੰਨਾ ਚੰਗਾ ਦੋਸਤ ਹੈ ਕਿ ਇਸ ਨੇ ਪ੍ਰਾਜੈਕਟ ਲਈ 88 ਹਜ਼ਾਰ ਕਰੋੜ ਦਾ ਕਰਜ਼ਾ ਮਹਿਜ਼ 0.1 ਫ਼ੀਸਦੀ ਵਿਆਜ ਉਤੇ ਦਿੱਤਾ ਹੈ। ਇਸ ਮੌਕੇ ਵਿਰੋਧੀ ਧਿਰ 'ਤੇ ਤਨਜ਼ ਕੱਸਦਿਆਂ ਉਨ੍ਹਾਂ ਕਿਹਾ, "ਜਦੋਂ ਮੈਂ ਪਹਿਲਾਂ ਬੁਲੇਟ ਟਰੇਨ ਦੀ ਗੱਲ ਕਰਦਾ ਸਾਂ ਤਾਂ ਉਹ (ਵਿਰੋਧੀ) ਇਸ ਨੂੰ ਖ਼ਿਆਲੀ ਗੱਲਾਂ ਆਖਦੇ ਸਨ ਤੇ ਹੁਣ ਜਦੋਂ ਇਹ ਆ ਰਹੀ ਹੈ ਤਾਂ ਉਹ ਆਖ ਰਹੇ ਹਨ ਕਿ ਇਸ ਦੀ ਕੀ ਲੋੜ ਹੈ।" ਉਨ੍ਹਾਂ ਕਿਹਾ ਕਿ ਜਪਾਨ ਨੇ 1964 ਵਿੱਚ ਬੁਲੇਟ ਟਰੇਨ ਸ਼ੁਰੂ ਕੀਤੀ ਸੀ, ਜੋ ਹੁਣ 15 ਮੁਲਕਾਂ ਵਿੱਚ ਹੈ। ਉਨ੍ਹਾਂ ਕਿਹਾ, "ਯੂਰੋਪ ਤੋਂ ਚੀਨ ਤੱਕ, ਬੁਲੇਟ ਟਰੇਨ ਕਿਤੇ ਵੀ ਦੇਖੀ ਜਾ ਸਕਦੀ ਹੈ। ਇਨ੍ਹਾਂ ਰੇਲਾਂ ਨੇ ਨਾ ਸਿਰਫ਼ ਮਾਲੀ, ਸਗੋਂ ਸਮਾਜੀ ਤਬਦੀਲੀਆਂ ਵੀ ਲਿਆਂਦੀਆਂ ਹਨ।"

ਸਰਕਾਰ ਅਹਿਮਦਾਬਾਦ-ਮੁੰਬਈ ਹਾਈ ਸਪੀਡ ਰੇਲ ਨੈੱਟਵਰਕ ਦਾ ਉਦਘਾਟਨ 15 ਅਗਸਤ, 2022 ਨੂੰ ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮੌਕੇ ਕਰਨ ਦਾ ਇਰਾਦਾ ਰੱਖਦੀ ਹੈ। ਦੋਵਾਂ ਪ੍ਰਧਾਨ ਮੰਤਰੀਆਂ ਨੇ ਇਸ ਮੌਕੇ ਇਕ ਇੰਸਟੀਚਿਊਟ ਦਾ ਵੀ ਨੀਂਹ ਪੱਥਰ ਰੱਖਿਆ, ਜੋ ਵਡੋਦਰਾ ਵਿੱਚ ਬਣਾਇਆ ਜਾਵੇਗਾ। ਇਸ ਵਿੱਚ ਕਰੀਬ 4000 ਲੋਕਾਂ ਨੂੰ ਬੁਲੇਟ ਟਰੇਨ ਪ੍ਰਾਜੈਕਟ ਸਬੰਧੀ ਸਿਖਲਾਈ ਦਿੱਤੀ ਜਾਵੇਗੀ। ਸਮਾਗਮ ਵਿੱਚ ਰੇਲ ਮੰਤਰੀ ਪਿਯੂਸ਼ ਗੋਇਲ ਅਤੇ ਗੁਜਰਾਤ ਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਵਿਜੇ ਰੂਪਾਣੀ ਤੇ ਦੇਵੇਂਦਰ ਫੜਨਵੀਸ ਵੀ ਹਾਜ਼ਰ ਸਨ। ਸ੍ਰੀ ਆਬੇ ਜੋ ਆਪਣੀ ਦੋ-ਰੋਜ਼ਾ ਫੇਰੀ 'ਤੇ ਬੀਤੇ ਦਿਨ ਇਥੇ ਆਏ ਸਨ, ਨੇ ਆਪਣਾ ਭਾਸ਼ਣ ਜਪਾਨੀ ਭਾਸ਼ਾ ਵਿੱਚ ਦਿੱਤਾ, ਜਿਸ ਦਾ ਹਿੰਦੀ ਤਰਜਮਾ ਕੀਤਾ ਗਿਆ। ਸ੍ਰੀ ਮੋਦੀ ਵੀ ਹਿੰਦੀ ਵਿੱਚ ਬੋਲੇ। ਇਸ ਤੋਂ ਪਹਿਲਾਂ ਦੋਵੇਂ ਆਗੂਆਂ ਨੇ ਵੱਖ-ਵੱਖ ਦੁਵੱਲੇ, ਇਲਾਕਾਈ ਤੇ ਆਲਮੀ ਅਹਿਮੀਅਤ ਵਾਲੇ ਮੁੱਦਿਆਂ ਉਤੇ ਵਿਆਪਕ ਗੱਲਬਾਤ ਕੀਤੀ। ਜਾਣਕਾਰੀ ਮੁਤਾਬਕ ਇਸ ਮੌਕੇ ਭਾਰਤ ਤੇ ਚੀਨ ਦਰਮਿਆਨ ਪਿਛਲੇ ਦਿਨੀਂ ਰੇੜਕੇ ਦਾ ਕਾਰਨ ਬਣਿਆ ਰਿਹਾ ਡੋਕਲਾਮ ਮੁੱਦਾ ਵੀ ਉਠਿਆ, ਪਰ ਗੱਲਬਾਤ ਤੋਂ ਬਾਅਦ ਜਾਰੀ ਸਾਂਝੇ ਬਿਆਨ ਵਿੱਚ ਇਸ ਦਾ ਜ਼ਿਕਰ ਨਹੀਂ ਕੀਤਾ ਗਿਆ। ਸਾਂਝੇ ਬਿਆਨ ਵਿੱਚ ਦੱਖਣੀ ਚੀਨ ਸਾਗਰ ਦਾ ਵੀ ਜ਼ਿਕਰ ਨਹੀਂ ਆਇਆ, ਜਦੋਂਕਿ 2016 ਵਿੱਚ ਸ੍ਰੀ ਮੋਦੀ ਦੀ ਜਪਾਨ ਫੇਰੀ ਦੌਰਾਨ ਦੋਵੇਂ ਪ੍ਰਧਾਨ ਮੰਤਰੀਆਂ ਦੀ ਸਿਖਰ ਵਾਰਤਾ ਪਿੱਛੋਂ ਜਾਰੀ ਸਾਂਝੇ ਬਿਆਨ ਵਿੱਚ ਦੱਖਣੀ ਚੀਨ ਸਾਗਰ ਸਬੰਧੀ 'ਵਿਵਾਦ ਦਾ ਹੱਲ ਪੁਰਅਮਨ ਢੰਗ ਨਾਲ' ਕਰਨ 'ਤੇ ਜ਼ੋਰ ਦਿੱਤਾ ਗਿਆ ਸੀ। ਇਸ ਸਬੰਧੀ ਇਕ ਸਵਾਲ ਦੇ ਜਵਾਬ ਵਿੱਚ ਵਿਦੇਸ਼ ਸਕੱਤਰ ਐਸ. ਜੈਸ਼ੰਕਰ ਨੇ ਕਿਹਾ ਕਿ ਗੱਲਬਤ ਦੌਰਾਨ ਸਾਰੇ 'ਖੇਤਰੀ ਤੇ ਆਲਮੀ ਮੁੱਦੇ' ਵਿਚਾਰੇ ਗਏ ਹਨ। ਗੱਲਬਾਤ ਤੋਂ ਬਾਅਦ ਸ੍ਰੀ ਆਬੇ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਦੋਵੇਂ ਮੁਲਕਾਂ ਦੀ 'ਭਾਈਵਾਲੀ ਸਿਰਫ਼ ਦੁਵੱਲੇ ਤੇ ਇਲਾਕਾਈ ਮੁੱਦਿਆਂ 'ਤੇ ਹੀ ਆਧਾਰਤ ਨਹੀਂ ਹੈ, ਸਗੋਂ ਉਹ ਆਲਮੀ ਮੁੱਦਿਆਂ 'ਤੇ ਵੀ ਕਰੀਬੀ ਮਿਲਵਰਤਣ' ਦੇ ਹਾਮੀ ਹਨ। ਇਸ ਦੌਰਾਨ ਦੋਵਾਂ ਮੁਲਕਾਂ ਨੇ 15 ਅਹਿਮ ਇਕਰਾਰਨਾਮਿਆਂ 'ਤੇ ਦਸਤਖ਼ਤ ਕੀਤੇ, ਜੋ ਦਹਿਸ਼ਤਗਰਦੀ ਦੇ ਖ਼ਾਤਮੇ, ਰੱਖਿਆ, ਸ਼ਹਿਰੀ ਪਰਮਾਣੂ ਊਰਜਾ, ਸ਼ਹਿਰੀ ਹਵਾਬਾਜ਼ੀ ਤੇ ਵਪਾਰ ਆਦਿ ਵਰਗੇ ਅਹਿਮ ਖੇਤਰਾਂ ਸਬੰਧੀ ਹਨ। ਦੋਵੇਂ ਮੁਲਕਾਂ ਦਰਮਿਆਨ ਪਰਮਾਣੂ ਊਰਜਾ ਸਹਿਯੋਗ ਵਧਾਉਣ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਸ੍ਰੀ ਆਬੇ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਭਾਰਤ ਦੇ ਐਨਐਸਜੀ ਸਮੇਤ ਹੋਰ ਆਲਮੀ ਪਰਮਾਣੂ ਗਰੁੱਪਾਂ ਵਿੱਚ ਦਾਖ਼ਲੇ ਲਈ ਭਾਰਤ ਨਾਲ ਮਿਲ ਕੇ ਕੰਮ ਕਰਦਾ ਰਹੇਗਾ।

### ਕਾਂਗਰਸ ਨੇ ਕਿਹਾ-ਮੋਦੀ ਚਲਾ ਰਹੇ ਨੇ 'ਚੋਣ ਬੁਲੇਟ' :

ਅਹਿਮਦਾਬਾਦ/ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੁਲੇਟ ਟਰੇਨ ਪ੍ਰਾਜੈਕਟ ਲਈ ਵਿਰੋਧੀਆਂ ਤੇ ਹਮਾਇਤੀਆਂ ਦੀ ਮੁਖ਼ਾਲਫ਼ਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਇਸ ਨੂੰ 'ਚੋਣ ਬੁਲੇਟ ਟਰੇਨ' ਕਰਾਰ ਦਿੱਤਾ। ਪਾਰਟੀ ਆਗੂ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਸ੍ਰੀ ਮੋਦੀ ਹਰ ਚੋਣ ਵਾਂਗ ਹੀ ਇਹ ਸਭ ਕੁਝ ਗੁਜਰਾਤ ਵਿਧਾਨ ਸਭਾ ਚੋਣਾਂ ਲਈ ਕਰ ਰਹੇ ਹਨ।

### ਪਾਲਘਰ ਦੇ ਕਿਸਾਨਾਂ ਵਲੋਂ ਬੁਲਟ ਟਰੇਨ ਦਾ ਵਿਰੋਧ :

ਪਾਲਘਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਅਹਿਮਦਾਬਾਦ-ਮੁੰਬਈ ਬੁਲਟ ਟਰੇਨ ਪ੍ਰੋਜੈਕਟ ਸ਼ੁਰੂ ਕੀਤੇ ਜਾਣ ਨੂੰ ਲੈ ਕੇ ਪਾਲਘਰ ਜ਼ਿਲ੍ਹੇ ਦੇ ਬੋਇਸਰ ਦੇ ਕਿਸਾਨਾਂ ਦੇ ਇਕ ਸੰਗਠਨ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਜੇਕਰ ਉਨ੍ਹਾਂ ਦੀ ਖੇਤੀਯੋਗ ਜ਼ਮੀਨ ਨੂੰ ਇਸ ਪ੍ਰੋਜੈਕਟ ਲਈ ਵਰਤਿਆਂ ਗਿਆ ਤਾਂ ਉਹ ਇਸ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰਨਗੇ।

### ਸ਼ਿਵਸੈਨਾ ਦਾ ਵਾਰ-ਮੋਦੀ ਦਾ ਸੁਪਨਾ ਅਮੀਰਾਂ ਲਈ :

ਮੁੰਬਈ : ਬੁਲੇਟ ਟਰੇਨ ਪ੍ਰੋਜੈਕਟ ਦੀ ਆਲੋਚਨਾ ਕਰਦਿਆਂ ਐਨ.ਡੀ.ਏ. ਸਰਕਾਰ ਦੀ ਭਾਈਵਾਲ ਸ਼ਿਵ ਸੈਨਾ ਨੇ ਕਿਹਾ ਕਿ ਇਹ ਪ੍ਰੋਜੈਕਟ ਆਮ ਆਦਮੀ ਦਾ ਸੁਪਨਾ ਨਹੀਂ ਸਗੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਹੈ। ਇਹ ਅਮੀਰ ਤੇ ਵੱਡੇ ਕਾਰੋਬਾਰੀਆਂ ਲਈ ਬਣੇਗੀ, ਆਮ ਬੰਦੇ ਲਈ ਨਹੀਂ। ਉਨ੍ਹਾਂ ਕਿਹਾ ਕਿ ਸਾਨੂੰ ਪੁੱਛੇ ਬਗੈਰ ਬੁਲੇਟ ਟਰੇਨ ਮਿਲ ਰਹੀ ਹੈ, ਅਸੀਂ ਨਹੀਂ ਜਾਣਦੇ ਇਸ ਨਾਲ ਕਿਹੜੀ ਸਮੱਸਿਆ ਹੱਲ ਹੋਵੇਗੀ।

# ਵਿਵਾਦਾਂ 'ਚ ਘਿਰੇ ਸਰਦਾਰ ਸਰਵੋਰ ਡੈਮ ਦਾ ਮੋਦੀ ਨੇ ਕੀਤਾ ਉਦਘਾਟਨ

*• ਡੈਮ 'ਚ ਸਮਾ ਜਾਣਗੇ ਕਸਬਾ ਤੇ 192 ਪਿੰਡ • ਮੇਧਾਪਾਟਕਰ ਵਲੋਂ ਅੰਦੋਲਨ ਜਾਰੀ*

**ਦਭੋਈ (ਗੁਜਰਾਤ)/ਬਿਊਰੋ ਨਿਊਜ਼ :**
ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਰਮਦਾ ਨਦੀ ਉੱਤੇ ਸਥਿਤ ਕਈ ਸਾਲਾਂ ਤੋਂ ਵਿਵਾਦਾਂ ਵਿੱਚ ਘਿਰੇ ਸਰਦਾਰ ਸਰੋਵਰ ਡੈਮ ਦਾ ਇੱਥੇ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਦੁਨੀਆਂ ਦੇ ਵਿੱਚ ਅਜਿਹਾ ਕੋਈ ਹੋਰ ਪ੍ਰਾਜੈਕਟ ਨਹੀਂ ਜਿਸ ਨੇ ਇੰਜਨੀਅਰਿੰਗ ਦੇ ਇਸ ਚਮਤਕਾਰ ਜਿੰਨੇ ਅੜਿੱਕਿਆਂ ਦਾ ਸਾਹਮਣਾ ਕੀਤਾ ਹੋਵੇ। ਬਹੁਤ ਸਾਰੇ ਲੋਕਾਂ ਨੇ ਇਸ ਨੂੰ ਰੋਕਣ ਲਈ ਸਾਜ਼ਿਸ਼ਾਂ ਰਚੀਆਂ। ਉਨ੍ਹਾਂ ਕਿਹਾ ਕਿ ਡੈਮ ਬਣਾਉਣ ਦਾ ਵਿਚਾਰ ਕਰੀਬ ਛੇ ਦਹਾਕੇ ਪਹਿਲਾਂ ਉਪਜਿਆ। ਇਹ ਸਰਦਾਰ ਪਟੇਲ ਦਾ ਸੁਫ਼ਨਾ ਸੀ। ਇਹ ਡੈਮ ਦੇਸ਼ ਦੇ ਉਭਰਦੇ ਹੁਨਰ ਦਾ ਪ੍ਰਤੀਕ ਬਣੇਗਾ ਅਤੇ ਖੇਤਰ ਦੇ ਵਿਕਾਸ ਵਿੱਚ ਤੇਜ਼ੀ ਲਈ ਸਹਾਇਕ ਹੋਵੇਗਾ।

ਡੈਮ ਵਾਲੀ ਥਾਂ ਤੋਂ 55 ਕਿਲੋਮੀਟਰ ਦੂਰ ਵਡੋਦਰਾ ਜ਼ਿਲ੍ਹੇ ਦੇਇੱਕ ਵੱਡੀ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਦੁਨੀਆਂ ਵਿੱਚ ਅਜਿਹਾ ਕੋਈ ਹੋਰ ਪ੍ਰਾਜੈਕਟ ਨਹੀ ਜਿਸ ਨੂੰ ਸਰਦਾਰ ਸਰੋਵਰ ਡੈਮ ਪ੍ਰਾਜੈਕਟ ਜਿੰਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੋਵੇ ਪਰ ਅਸੀਂ ਡੈਮ ਨੂੰ ਸਿਰੇ ਚਾੜ੍ਹਨ ਲਈ ਦ੍ਰਿੜ ਨਿਸਚਾ ਕਰ ਲਿਆ ਸੀ। ਆਪਣੇ 67ਵੇਂ ਜਨਮ ਦਿਨ ਮੌਕੇ ਰਾਸ਼ਟਰ ਨੂੰ ਡੈਮ ਸਮਰਪਿਤ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਸਰਦਾਰ ਸਰੋਵਰ ਭਾਰਤ ਦੀ ਨਵੀਂ ਅਤੇ ਉਭਰਦੀ ਸ਼ਕਤੀ ਦਾ ਪ੍ਰਤੀਕ ਸਿੱਧ ਹੋਵੇਗਾ। ਇਸ ਦੇ ਨਾਲ ਇਸ ਖਿੱਤੇ ਵਿੱਚ ਵੱਡੇ ਪੱਧਰ ਉੱਤੇ ਖੁਸ਼ਹਾਲੀ ਆਵੇਗੀ।

ਪ੍ਰਧਾਨ ਮੰਤਰੀ ਨੇ ਡੈਮ ਵਿੱਚ ਅੜਿੱਕੇ ਪਾਉਣ ਵਾਲੇ ਲੋਕਾਂ ਨੂੰ ਅਸਿੱਧੇ ਤੌਰ ਉੱਤੇ ਰਗੜੇ ਲਾਏ ਅਤੇ ਕਿਹਾ ਕਿ ਉਹ ਸਭ ਦੇ ਕੱਚੇ ਚਿੱਠੇ ਜਾਣਦੇ ਹਨ ਪਰ ਉਨ੍ਹਾਂ ਦੇ ਨਾਂ ਨਹੀ ਲੈਣਗੇ ਕਿਉਂਕ ਉਹ ਉਨ੍ਹਾਂ ਵਾਲੇ ਰਸਤੇ ਉੱਤੇ ਨਹੀਂ ਚੱਲਣਾ ਚਾਹੁੰਦੇ। ਉਨ੍ਹਾਂ ਕਿਹਾ ਕਿ ਜਦੋਂ ਵਿਸ਼ਵ ਬੈਂਕ ਨੇ ਸਰਦਾਰ ਸਰੋਵਰ ਯੋਜਨਾ ਲਈ ਰਾਸ਼ੀ ਨਾ ਦਿੱਤੀ ਤਾਂ ਗੁਜਰਾਤ ਦੇ ਮੰਦਰਾਂ ਨੇ ਦਾਨ ਦਿੱਤਾ।

ਡੈਮ ਕਾਰਨ ਉਜੜੇ ਕਬਾਇਲੀ ਲੋਕਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਦੇ ਵਿਕਾਸ ਲਈ ਉਨ੍ਹਾਂ ਵੱਲੋਂ ਦਿੱਤੀ ਕੁਰਬਾਨੀ ਨੂੰ ਦੇਸ਼ ਯਾਦ ਰੱਖੇਗਾ। ਮੋਦੀ ਨੇ ਕਿਹਾ ਕਿ ਇਸ ਪ੍ਰਾਜੈਕਟ ਵਿਰੁੱਧ ਵੱਡੇ ਪੱਧਰ ਉੱਤੇ ਗੁਮਰਾਹਕੁਨ ਮੁਹਿੰਮ ਚਲਾਈ ਗਈ। ਵਿਸ਼ਵ ਬੈਂਕ ਜੋ ਪਹਿਲਾਂ ਫੰਡ ਦੇਣ ਲਈ ਰਾਜ਼ੀ ਹੋ ਗਿਆ ਸੀ, ਨੇ ਡੈਮ ਦੀ ਉਸਾਰੀ ਨਾਲ ਵਾਤਾਵਰਣ ਫਿਕਰਮੰਦੀਆਂ ਨੂੰ ਸਾਹਮਣੇ ਰੱਖਦਿਆਂ ਕਰਜ਼ ਦੇਣ ਤੋਂ ਇਨਕਾਰ ਕਰ ਦਿੱਤਾ ਪਰ ਅਸੀਂ ਆਪਣੇ ਬਲਬੂਤੇ ਜਿਵੇਂ ਕਿਵੇਂ ਇਸ ਪ੍ਰਾਜੈਕਟ ਨੂੰ ਸਿਰੇ ਲਾ ਦਿੱਤਾ। ਸਰਦਾਰ ਵੱਲਭ ਭਾਈ ਪਟੇਲ ਅਤੇ ਡਾਕਟਰ ਬੀਆਰ ਅੰਬੇਦਕਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਜਦੋਂ ਸਰਦਾਰ ਸਰੋਵਰ ਦਾ ਉਦਘਾਟਨ ਹੋ ਗਿਆ ਹੈ ਤਾਂ ਸਰਦਾਰ ਪਟੇਲ ਦੀ ਆਤਮਾ ਵੀ ਖੁਸ਼ ਹੋਵੇਗੀ। ਉਨ੍ਹਾਂ ਨੇ 75 ਸਾਲ ਪਹਿਲਾਂ ਇਸ ਡੈਮ ਦੀ ਉਸਾਰੀ ਦਾ ਸੁਪਨਾ ਲਿਆ ਸੀ। ਉਨ੍ਹਾਂ ਕਿਸਾਨਾਂ ਦੀ ਬਿਹਤਰੀ ਬਾਰੇ ਸੋਚਿਆ ਸੀ।

ਉਨ੍ਹਾਂ ਕਿਹਾ ਕਿ ਇਸ ਡੈਮ ਦੇ ਨਾਲ 700 ਕਿਲੋਮੀਟਰ ਦੂਰ ਪਾਕਿਸਤਾਨ ਦੀ ਸਰਹੱਦ ਤੱਕ ਪਾਣੀ ਜਾਵੇਗਾ। ਡੈਮ ਨਾਲ ਨਾ ਸਿਰਫ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਗੁਜਰਾਤ ਦੇ ਕਿਸਾਨਾਂ ਨੂੰ ਪਾਣੀ ਮਿਲੇਗਾ ਸਗੋਂ ਇਹ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਦੀ ਵੀ ਪਿਆਸ ਬੁਝਾਏਗਾ। ਉਨ੍ਹਾਂ ਕਿਹਾ ਕਿ ਪੱਛਮੀ ਭਾਰਤ ਵਿੱਚ ਪਾਣੀ ਦੀ ਘਾਟ ਹੈ, ਪੂਰਬ ਵਿੱਚ ਬਿਜਲੀ ਅਤੇ ਗੈਸ ਸਪਲਾਈ ਦੀ ਕਿਲਤ ਹੈ ਅਤੇ ਉਹ ਇਨ੍ਹਾਂ ਥੁੜ੍ਹਾਂ ਦੀ ਪੂਰਤੀ ਲਈ ਸਰਗਰਮ ਹਨ। ਸਰਦਾਰ ਸਰੋਵਰ 9633 ਪਿੰਡਾਂ ਦੀ ਪਿਆਸ ਬੁਝਾਏਗਾ।



ਕੇਵਾੜੀਆ ਵਿੱਚ ਸਰਦਾਰ ਸਰੋਵਰ ਡੈਮ ਦੇ ਉਦਘਾਟਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ।

### 'ਮੈਂ ਛੋਟਾ ਸੁਪਨਾ ਨਹੀਂ ਲੈਂਦਾ'

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਨਾ ਛੋਟੇ ਸੁਪਨੇ ਲੈਂਦੇ ਹਨ, ਨਾ ਛੋਟਾ ਸੋਚਦੇ ਹਨ। ਉਨ੍ਹਾਂ ਦੇ ਨਾਲ ਦੇਸ਼ ਦੇ ਸਵਾ ਅਰਬ ਲੋਕ ਹਨ। ਉਹ ਛੋਟੀ ਸੋਚ ਨਹੀਂ ਰੱਖ ਸਕਦੇ।

### ਮੇਧਾ ਦਾ ਸਤਿਆਗ੍ਰਹਿ ਜਾਰੀ

ਬਰਵਾਨੀ (ਮੱਧ ਪ੍ਰਦੇਸ਼) : ਨਰਮਦਾ ਬਚਾਓ ਅੰਦੋਲਨ ਦੀ ਬਾਨੀ ਮੇਧਾ ਪਾਟੇਕਰ ਵੱਲੋਂ ਡੈਮ ਦੀ ਉਸਾਰੀ ਕਾਰਨ ਉਜੜਨ ਵਾਲੇ 40, 000 ਲੋਕਾਂ ਦੇ ਮੁੜ ਵਸੇਬੇ ਲਈ ਸ਼ੁਰੂ ਕੀਤਾ ਅੰਦੋਲਨ ਜਾਰੀ ਹੈ। ਡੈਮ ਦੇ ਵਿਰੋਧ ਵਿੱਚ ਕਈ ਥਾਵਾਂ ਉੱਤੇ ਮੱਧ ਪ੍ਰਦੇਸ਼ ਵਿੱਚ ਮੁਜ਼ਾਹਰੇ ਹੋਏ। ਇਹ ਅੰਦਾਜ਼ਾ ਹੈ ਕਿ ਸਰਦਾਰ ਸਰੋਵਰ ਵਿੱਚ ਪਾਣੀ ਵਧਣ ਦੇ ਨਾਲ ਡੈਮ ਵਾਲੇ ਇਲਾਕੇ ਵਿੱਚ ਇੱਕ ਕਸਬਾ ਅਤੇ 192 ਪਿੰਡ ਡੈਮ ਵਿੱਚ ਸਮਾ ਜਾਣਗੇ। ਇਨ੍ਹਾਂ ਪਿੰਡਾਂ ਦੇ 40 ਹਜ਼ਾਰ ਲੋਕਾਂ ਨੂੰ ਉਜੜਨਾ ਪਵੇਗਾ। ਪਾਟੇਕਰ ਨੇ ਦੋਸ਼ ਲਾਇਆ ਹੈ ਕਿ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਡੈਮ ਕਾਰਨ ਉਜੜਨ ਵਾਲਿਆਂ ਦੇ ਮੁੜ ਵਸੇਬੇ ਲਈ ਕੋਈ ਯਤਨ ਨਹੀਂ ਕੀਤੇ ਗਏ ਅਤੇ ਨਾ ਹੀ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਗਿਆ ਹੈ। ਉਨ੍ਹਾਂ ਵਿਕਾਸ ਨੂੰ ਬਦਕਿਸਮਤ ਕਰਾਰ ਦਿੰਦਿਆਂ ਕਿਹਾ ਕਿ ਲੋਕਾਂ ਦੇ ਮੁੜ ਵਸੇਬੇ ਤਕ ਡੈਮ ਵਿੱਚ ਪਾਣੀ ਰੋਕ ਦੇਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਗੁਜਰਾਤ ਚੋਣਾਂ ਲਈ ਮੱਧ ਪ੍ਰਦੇਸ਼ ਦੇ ਹਜ਼ਾਰਾਂ ਲੋਕਾਂ ਦਾ ਜੀਵਨ ਜ਼ੋਖਮ ਵਿੱਚ ਪਾ ਦਿੱਤਾ ਗਿਆ ਹੈ।

# ਮੋਦੀ ਦਾ ਜਨਮ ਦਿਨ ਤੇ ਇਨ੍ਹਾਂ ਲੋਕਾਂ ਦਾ ਮਰਨ ਦਿਨ...

**ਸੁਭਾਸ਼ਿਨੀ ਸਹਿਗਲ ਅਲੀ**

ਜਿਸ ਨਰਮਦਾ 'ਤੇ ਬਣੇ ਬੰਨ੍ਹ ਦਾ ਪ੍ਰਧਾਨ ਮੰਤਰੀ ਨੇ ਉਦਘਾਟਨ ਕੀਤਾ, ਉਸ ਨਦੀ ਵਿਚ ਆਪਣੇ ਪੁਨਰਵਾਸ ਨੂੰ ਲੈ ਕੇ ਮੱਧ ਪ੍ਰਦੇਸ਼ ਦੇ ਸੈਂਕੜੇ ਲੋਕ ਜਲ ਸਤਿਆਗ੍ਰਹਿ ਕਰ ਰਹੇ ਹਨ। 17 ਸਤੰਬਰ ਨੂੰ ਨਰਿੰਦਰ ਮੋਦੀ ਦਾ ਜਨਮ ਦਿਨ ਸੀ। ਇਸ ਨੂੰ ਮਨਾਉਣ ਦਾ ਵੱਡਾ ਪਰਪੰਚ ਰਚਿਆ ਗਿਆ। ਉਨ੍ਹਾਂ ਦੇ ਗ੍ਰਹਿ ਰਾਜ ਗੁਜਰਾਤ ਵਿਚ ਨਰਮਦਾ ਦੇ ਕਿਨਾਰੇ ਇਹ ਪ੍ਰੋਗਰਾਮ ਕੀਤਾ ਗਿਆ। ਭਗਵਾਧਾਰੀ ਸਾਧੂ-ਸੰਤਾਂ ਦੀ ਮੌਜੂਦਗੀ ਵਿਚ ਨਰਮਦਾ ਨਦੀ ਦਾ ਪਾਣੀ ਗੁਜਰਾਤ ਲਿਆਂਦਾ ਜਾ ਰਿਹਾ ਹੈ। ਗਵਾਂਢ ਦੇ ਮੱਧ ਪ੍ਰਦੇਸ਼ ਵਿਚ ਕੁਝ ਲੋਕ ਮੋਦੀ ਦੇ ਜਨਮ ਦਿਨ ਨੂੰ ਆਪਣੇ ਮਰਨ ਦਿਨ ਵਜੋਂ ਦੇਖ ਰਹੇ ਹਨ। ਨਿਮਾੜ ਖੇਤਰ ਦੇ ਹਜ਼ਾਰਾਂ ਪੇਂਡੂ ਪਰਿਵਾਰ ਆਪਣੇ ਘਰਾਂ ਤੇ ਜੀਵਨ ਨਿਰਵਾਹ ਦੀ ਮੌਤ ਦੇਖਣ ਲਈ ਮਜਬੂਰ ਕੀਤੇ ਜਾ ਰਹੇ ਹਨ।

ਇਹ ਉਹ ਲੋਕ ਹਨ ਜਿਨ੍ਹਾਂ ਲਈ ਸਦੀਆਂ ਤੋਂ ਮਾਂ ਨਰਮਦਾ ਇਕ ਦਿਆਲੂ ਦੇਵੀ ਰਹੀ ਹੈ। ਨਦੀ ਦੇ ਤਟ 'ਤੇ, ਉਨ੍ਹਾਂ ਦੀ ਸ਼ਰਧਾ ਵਿਚ, ਸੈਂਕੜੇ ਮੱਠ, ਮੰਦਿਰ, ਮਸਜਿਦ ਤੇ ਮਜ਼ਾਰ ਬਣਾਏ ਗਏ ਹਨ। ਪਿੰਡਾਂ ਤੇ ਛੋਟੀਆਂ ਆਬਾਦੀਆਂ ਦੇ ਲੋਕਾਂ ਨੇ ਘਾਟਾਂ ਦਾ ਨਿਰਮਾਣ ਕੀਤਾ ਹੈ ਤੇ ਬੜੇ ਪਿਆਰ ਨਾਲ ਉਨ੍ਹਾਂ ਦਾ ਰੱਖ-ਰਖਾਵ ਕਰਦੇ ਹਨ। ਇਨ੍ਹਾਂ ਘਾਟਾਂ 'ਤੇ ਰੋਜ਼ ਆਰਤੀ ਹੁੰਦੀ ਹੈ ਤੇ ਨਰਮਦਾ ਦੇ ਨਾਂ ਪੂਜਾ ਕੀਤੀ ਜਾਂਦੀ ਹੈ।

ਇਹੀ ਨਹੀਂ, ਇਨ੍ਹਾਂ ਘਾਟਾਂ 'ਤੇ ਤਮਾਮ ਕਿਸ਼ਤੀਆਂ ਬੰਨ੍ਹਦੀਆਂ, ਖੁੱਲ੍ਹਦੀਆਂ ਰਹਿੰਦੀਆਂ ਹਨ। ਇਹ ਅਣਗਿਣਤ ਮਛਵਾਰਿਆਂ ਦੇ ਘਰ ਹਨ, ਜਿਨ੍ਹਾਂ ਦਾ ਜੀਵਨ ਕਿਸ਼ਤੀ 'ਤੇ ਲੋਕਾਂ ਨੂੰ ਇਕ ਘਾਟ ਤੋਂ ਦੂਸਰੇ ਤਕ ਪਹੁੰਚਾਉਣ ਤੇ ਮੱਛੀ ਦਾ ਸ਼ਿਕਾਰ ਕਰਨ 'ਤੇ ਟਿਕਿਆ ਹੈ। ਨਰਮਦਾ ਦੇ ਤਟ 'ਤੇ ਵਸੇ ਇਸ ਖੇਤਰ ਦੇ ਪਿੰਡ ਤੇ ਕਸਬੇ ਕਾਫ਼ੀ ਖ਼ੁਸ਼ਹਾਲ ਹਨ। ਇਸੇ ਰਾਜ ਦੇ ਉਹ ਇਲਾਕੇ ਜੋ ਸੋਕਾਗ੍ਰਸਤ ਰਹਿੰਦੇ ਹਨ ਤੇ ਉਹ ਇਲਾਕੇ ਵੀ ਜੋ ਨਦੀ ਦੇ ਉਪਰੀ ਹਿੱਸੇ ਦੇ ਦੋਹਾਂ ਪਾਸਿਆਂ 'ਤੇ ਵਸੇ ਹੋਏ ਹਨ, ਜਿਨ੍ਹਾਂ ਨੂੰ ਇਸ ਨਦੀ ਦੇ ਪਾਣੀ ਤੋਂ ਹੀ ਵਾਂਝਾ ਰੱਖਿਆ ਜਾ ਰਿਹਾ ਹੈ, ਇਨ੍ਹਾਂ ਸਾਰਿਆਂ ਦੀ ਤੁਲਨਾ ਵਿਚ ਨਿਮਾੜ ਦਾ ਇਹ ਇਲਾਕਾ ਨਰਮਦਾ ਮਾਂ ਦੀ ਕ੍ਰਿਪਾ ਨਾਲ ਖ਼ੁਸ਼ਹਾਲ ਹੈ। ਉਪਰੀ ਇਲਾਕੇ ਦਾ ਪਾਣੀ ਹੁਣ ਉਥੇ ਰਹਿਣ ਵਾਲਿਆਂ ਤੋਂ ਜਬਰੀ ਖੋਹ ਕੇ ਦੂਰ ਦੂਰ ਪਹੁੰਚਾਇਆ ਜਾ ਰਿਹਾ ਹੈ, ਵੱਡੇ ਪੂੰਜੀਵਾਦੀ ਘਰਾਣਿਆਂ ਨੂੰ ਵੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਪਾਣੀ ਦੇ ਇਸ ਤਬਾਦਲੇ ਦੇ ਪੱਖ ਵਿਚ ਇਹ ਕਿਹਾ ਗਿਆ ਸੀ ਕਿ ਇਸ ਦਾ ਇਸਤੇਮਾਲ ਬਿਜਲੀ ਘਰਾਂ ਨੂੰ ਬਣਾਉਣ ਤੇ ਇਨ੍ਹਾਂ ਵਿਚੋਂ ਪੈਦਾ ਕੀਤੀ ਜਾਣ ਵਾਲੀ ਬਿਜਲੀ, ਇਥੋਂ ਦੇ ਕਿਸਾਨਾਂ ਦੇ ਕੰਮ ਆਏਗੀ। ਪਰ ਜੋ ਬਿਜਲੀ ਘਰ ਬਣੇ ਉਹ ਨਿੱਜੀ ਮਾਲਕਾਂ ਦੇ ਹਨ।

ਉਨ੍ਹਾਂ ਦੀ ਬਿਜਲੀ ਉਚੇ ਦਰਾਂ 'ਤੇ ਸਰਕਾਰ ਖ਼ਰੀਦਦੀ ਹੈ। ਇਹ ਮਹਿੰਗੀ ਬਿਜਲੀ ਉਨ੍ਹਾਂ ਕਿਸਾਨਾਂ ਦੇ, ਜੋ ਪਾਣੀ ਦੀ ਕਮੀ ਕਾਰਨ ਸੁੱਕੇ ਖੇਤਾਂ ਦੇ ਮਾਲਕ ਬਣ ਗਏ ਹਨ, ਪਹੁੰਚ ਤੋਂ ਬਾਹਰ ਹੈ। ਅੱਜ ਨਿਮਾੜ ਵਿਚ ਰਹਿਣ ਵਾਲੇ ਪੇਂਡੂ ਲੋਕਾਂ ਅੱਗੇ ਉਨ੍ਹਾਂ ਦੀ ਖ਼ੁਸ਼ਹਾਲੀ ਹੀ ਨਹੀਂ ਬਲਕਿ ਉਨ੍ਹਾਂ ਦੀ ਹੋਂਦ ਨੂੰ ਹੀ ਨਿਗਲ ਜਾਣ ਵਾਲੀ ਆਫ਼ਤ ਮੂੰਹ ਅੱਡੀ ਖੜ੍ਹੀ ਹੈ।

ਇਸ ਖੇਤਰ ਦੀ ਉਪਜਾਊ ਕਾਲੀ ਧਰਤੀ ਨਰਮਦਾ ਦੇ ਪਾਣੀ ਵਿਚ ਨਹਾ ਕੇ ਕਪਾਹ, ਦੂਰ-ਦੂਰ ਤਕ ਮਸ਼ਹੂਰ ਪਪੀਤਾ, ਵੱਖ ਵੱਖ ਤਰ੍ਹਾਂ ਦੀਆਂ ਸਬਜ਼ੀਆਂ ਤੇ ਤਮਾਮ ਅਨਾਜ ਪੈਦਾ ਕਰਦੀਆਂ ਹਨ। ਪਰ ਇਹੀ ਉਹ ਇਲਾਕਾ ਹੈ, ਜੋ ਪਿਛਲੇ 2 ਦਹਾਕਿਆਂ ਤੋਂ 'ਡੁੱਬਣ' ਦੇ ਡਰ ਨਾਲ ਘਿਰੀ ਜ਼ਿੰਦਗੀ ਬਿਤਾ ਰਿਹਾ ਹੈ ਤੇ ਉਸ ਖ਼ਿਲਾਫ਼ ਲਗਾਤਾਰ ਮੁਕਤੀ ਹਾਸਲ ਕਰਨ ਦੀ ਲੜਾਈ ਵੀ ਲੜ ਰਿਹਾ ਹੈ।

2006 ਵਿਚ ਹੀ ਇਸ ਇਲਾਕੇ ਨੂੰ ਡੁੱਬ ਜਾਣਾ ਚਾਹੀਦਾ ਸੀ ਪਰ ਆਖ਼ਰੀ ਪਲਾਂ ਵਿਚ ਸੁਪਰੀਮ ਕੋਰਟ ਨੇ ਦਖ਼ਲ ਦੇ ਕੇ ਉਸ ਨੂੰ ਬਚਾ ਲਿਆ। ਅਦਾਲਤ ਬੰਨ੍ਹ ਦੀ ਉਚਾਈ 'ਤੇ ਰੋਕ ਨਹੀਂ ਲਗਾ ਰਿਹਾ ਸੀ ਪਰ ਉਹ ਡੋਬੇ ਕਾਰਨ ਪ੍ਰਭਾਵਤ ਹੋਣ ਵਾਲੇ ਲੋਕਾਂ ਦੇ ਪੁਨਰਵਾਸ ਨੂੰ ਲੈ ਕੇ ਚਿੰਤਤ ਸੀ। ਉਸ ਦਾ ਕਹਿਣਾ ਸੀ ਕਿ ਪੁਰਨਵਾਸ ਤੇ ਮੁਆਵਜ਼ੇ ਦਾ ਇੰਤਜ਼ਾਮ ਪਹਿਲਾਂ ਕਰੋ, ਫਿਰ ਇਲਾਕੇ ਨੂੰ ਪਾਣੀ ਦੇ ਹਵਾਲੇ ਕਰੋ। ਇਹ ਦਖ਼ਲ ਇਲਾਕੇ ਦੇ ਲੋਕਾਂ ਦੇ ਅਣਮਿੱਥੇ ਸੰਘਰਸ਼ ਦਾ ਨਤੀਜਾ ਸੀ, ਇਕ ਅਜਿਹਾ ਸੰਘਰਸ਼ ਜਿਸ ਦੀਆਂ ਅਗਲੀਆਂ ਕਤਾਰਾਂ ਵਿਚ ਕਿਸਾਨ, ਮਜ਼ਦੂਰ, ਮਛਵਾਰੇ ਘਰਾਂ ਦੀਆਂ ਔਰਤਾਂ ਸਨ। ਆਪਣੀ ਜ਼ਮੀਨ, ਆਪਣਾ ਜੀਵਨ ਨਿਰਵਾਹ, ਆਪਣੇ ਸਮਾਜ ਤੇ ਆਪਣੇ ਸਭਿਆਚਾਰ ਨੂੰ ਬਚਾਉਣ ਲਈ ਉਨ੍ਹਾਂ ਨੇ ਜੋ ਆਪਣੀ ਕਮਰ ਕੱਸੀ ਤਾਂ ਫਿਰ ਉਹ ਦਹਾਕਿਆਂ ਤਕ ਕੱਸੀ ਹੀ ਰਹੀ ਹੈ। ਇਸ ਅੰਦੋਲਨ ਦੀ ਅਗਵਾਈ ਨਰਮਦਾ ਬਚਾਓ ਅੰਦੋਲਨ ਤੇ ਉਸ ਦੀ ਸਮਰਪਿਤ ਤੇ ਨਿਡਰ ਨੇਤਾ ਮੇਧਾ ਪਾਟਕਰ ਕਰ ਰਹੀ ਸੀ। ਇਹ ਸੰਘਰਸ਼ ਅੱਜ ਤਕ ਚੱਲ ਰਿਹਾ ਹੈ ਪਰ ਅੱਜ ਉਸ ਦੀ ਹੋਂਦ ਖ਼ਤਰੇ ਵਿਚ ਹੈ। ਪੁਨਰਵਾਸ ਤੇ ਮੁਆਵਜ਼ਾ ਅੱਜ ਤਕ ਦੂਰ ਦਾ ਸੁਪਨਾ ਹੀ ਹੈ। ਉਨ੍ਹਾਂ ਦੀ ਥਾਂ ਲੋਕਾਂ ਨੂੰ ਝੂਠੇ ਵਾਅਦੇ-ਦਾਅਵੇ ਤੇ ਜ਼ਮੀਨੀ ਹਕੀਕਤਾਂ ਦੀ ਝੂਠੀ ਤਸੱਲੀ ਹੀ ਹੱਥ ਲੱਗੀ ਹੈ।

ਸੂਬਾ ਤੇ ਕੇਂਦਰ ਸਰਕਾਰਾਂ ਦੇ ਦਾਅਵਿਆਂ ਤੋਂ ਅਦਾਲਤ ਵੀ ਅਸੰਤੁਸ਼ਟ ਹੈ। ਉਨ੍ਹਾਂ ਨੇ ਵਾਰ ਵਾਰ ਦਿੱਤੇ ਗਏ ਮੁਆਵਜ਼ਿਆਂ ਤੇ ਕੀਤੇ ਗਏ ਪੁਨਰਵਾਸ ਦਾ ਸਬੂਤ ਮੰਗਿਆ ਹੈ। ਇਸ ਗੱਲ ਦੀ ਲਗਾਤਾਰ ਉਮੀਦ ਕੀਤੀ ਗਈ ਕਿ ਲੋਕਾਂ ਨੂੰ ਉਨ੍ਹਾਂ ਦੇ ਸੰਘਰਸ਼ ਤੇ ਇਸ ਦੇ ਨਾਲ ਜਾਰੀ ਉਨ੍ਹਾਂ ਦੀ ਹੱਡ-ਭੰਨਵੀਂ ਮਿਹਨਤ ਦਾ ਜਾਇਜ਼ ਫਲ ਮਿਲੇਗਾ, ਉਸ ਤੋਂ ਬਾਅਦ ਹੀ ਉਨ੍ਹਾਂ ਨੂੰ ਡੋਬੇ ਦਾ ਸਾਹਮਣਾ ਕਰਨਾ ਪਏਗਾ।

ਪਰ ਸਾਡੇ ਪ੍ਰਧਾਨ ਮੰਤਰੀ ਜਲਦੀ ਵਿਚ ਰਹਿੰਦੇ ਹਨ। ਇਹੀ ਨਹੀਂ, ਉਨ੍ਹਾਂ ਦੇ ਜਨਮ ਦਿਨ ਨੂੰ ਮਨਾਉਣਾ ਜ਼ਰੂਰੀ ਹੈ। ਨਾਲ ਹੀ ਮੱਧ ਪ੍ਰਦੇਸ਼ ਦਾ ਪਾਣੀ ਗੁਜਰਾਤ ਵਿਚ ਨਵੰਬਰ ਵਿਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਦਿਖਾਉਣਾ ਵੀ ਜ਼ਰੂਰੀ ਹੈ।

ਇਸ ਲਈ ਨਦੀ ਦੇ ਉਪਰੀ ਹਿੱਸੇ ਵਿਚ ਬੰਨ੍ਹ ਦੇ ਫਾਟਕਾਂ ਨੂੰ ਕੁਝ ਦਿਨ ਪਹਿਲਾਂ ਖੋਲ੍ਹ ਦਿੱਤਾ ਗਿਆ। ਜਿਸ ਪਾਣੀ ਦੀ ਉਥੇ ਬਹੁਤ ਜ਼ਿਆਦਾ ਜ਼ਰੂਰਤ ਸੀ, ਉਸ ਨੂੰ ਨਿਮਾੜ ਦਾ ਡੋਬਾ ਸ਼ੁਰੂ ਕਰਨ ਲਈ ਇਸਤੇਮਾਲ ਕੀਤਾ ਜਾਣ ਲੱਗਾ। ਇਸ ਡੋਬੇ ਮਗਰੋਂ ਹੀ ਗੁਜਰਾਤ ਵਿਚ ਚਮਤਕਾਰ ਸੰਭਵ ਹੁੰਦਾ ਪਰ ਇਸ ਪਾਣੀ ਦਾ ਲਾਭ ਗੁਜਰਾਤ ਦੇ ਕਿਸਾਨਾਂ ਨੂੰ ਵੀ ਨਹੀਂ ਹੋਣ ਵਾਲਾ ਹੈ। ਕੁਝ ਦਿਨ ਪਹਿਲਾਂ ਹੀ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਸੁਭਾਸ਼ ਮਹਿਤਾ ਜੋ ਭਾਜਪਾ ਦੇ ਹੀ ਹਨ, ਨੇ ਇਸ ਗੱਲ ਦਾ ਖ਼ੁਲਾਸਾ ਕੀਤਾ ਕਿ ਹੁਣ ਤਕ ਉਹ ਨਹਿਰਾਂ ਬਣੀਆਂ ਹੀ ਨਹੀਂ ਹਨ, ਜੋ ਕਿਸਾਨਾਂ ਦੇ ਖੇਤਾਂ ਨੂੰ ਪਾਣੀ ਪਹੁੰਚਾਉਣ ਲਈ ਜ਼ਰੂਰੀ ਹਨ।

ਤਾਂ ਇਹ ਪਾਣੀ ਗੁਜਰਾਤ ਦੇ ਕਿਸਾਨਾਂ ਦੇ ਸੁੱਕੇ ਖੇਤਾਂ ਨੂੰ ਹਰਾ ਭਰਿਆ ਬਣਾਉਣ ਦਾ ਕੰਮ ਨਾ ਕਰਕੇ ਕਈ ਪੂੰਜੀਪਤੀਆਂ ਤੇ ਠੰਢੇ ਜਲ ਘਰਾਂ ਦੇ ਉਤਪਾਦਕਾਂ ਨੂੰ ਮਾਲਾਮਾਲ ਬਣਾਉਣ ਲਈ ਉਪਯੋਗ ਵਿਚ ਲਿਆਂਦਾ ਜਾਵੇਗਾ।

ਜਨਮ ਦਿਨ 'ਤੇ ਹੋਣ ਵਾਲੇ ਚਮਤਕਾਰ ਦੀ ਤਿਆਰ ਦੌਰਾਨ ਨਿਮਾੜ ਵਿਚ ਨਦੀ ਦਾ ਪਾਣੀ ਕੁਝ ਦਿਨ ਪਹਿਲਾਂ ਉਮੜਨ ਲੱਗਾ ਹੈ। 15 ਸਤੰਬਰ ਨੂੰ ਮੀਂਹ ਪੈ ਗਿਆ। ਇਸ ਨਾਲ ਸਥਿਤੀ ਹੋਰ ਵੀ ਗੰਭੀਰ ਹੋ ਗਈ। ਉਸੇ ਦਿਨ ਡੋਬੇ ਖ਼ਿਲਾਫ਼ ਪ੍ਰਤੀਰੋਧ ਪੂਰੇ ਖੇਤਰ ਵਿਚ ਫੁੱਟ ਪਿਆ। 14 ਸਤੰਬਰ ਦੀ ਸ਼ਾਮ ਤੋਂ ਹੀ ਚਿਖਾਲਦਾ ਪਿੰਡ ਵਿਚ ਪਾਣੀ ਘਰਾਂ ਵਿਚ ਆਉਣ ਲੱਗਾ ਤੇ ਉਥੇ ਪੂਰਾ ਪਿੰਡ ਧਰਨੇ 'ਤੇ ਬੈਠ ਗਿਆ। 15 ਸਤੰਬਰ ਨੂੰ ਸਵੇਰ ਹੁੰਦਿਆਂ ਹੀ ਮੀਂਹ ਸ਼ੁਰੂ ਹੋ ਗਿਆ ਪਰ ਇਸ ਦਾ ਜ਼ਰਾ ਵੀ ਅਸਰ ਉਨ੍ਹਾਂ ਹਿੰਮਤੀ ਔਰਤਾਂ ਤੇ ਪੁਰਸ਼ਾਂ 'ਤੇ ਨਹੀਂ ਪਿਆ ਜੋ ਅੰਜਡ ਸ਼ਹਿਰ ਵਿਚ ਰੈਲੀ ਲਈ ਇਕੱਤਰ ਹੋਏ ਸਨ।

ਅੰਜਡ ਇਕ ਪ੍ਰਾਚੀਨ ਤੇ ਮਹੱਤਵਪੂਰਨ ਕਸਬਾ ਹੈ ਜੋ ਇਲਾਕੇ ਦੀ ਮਹੱਤਵਪੂਰਨ ਮੰਡੀ ਵੀ ਹੈ। ਇਥੋਂ ਦੇ ਵਪਾਰੀ ਜ਼ਮਾਨੇ ਤੋਂ ਭਾਜਪਾ ਦੇ ਸਮਰਥਕ ਹਨ ਪਰ 15 ਸਤੰਬਰ ਨੂੰ ਅੰਦੋਲਨ ਪ੍ਰਤੀ ਉਨ੍ਹਾਂ ਦੀ ਦ੍ਰਿੜਤਾ ਬੇਮਿਸਾਲ ਸੀ। ਲਗਾਤਾਰ ਵਰ੍ਹਦੇ ਪਾਣੀ ਵਿਚ 'ਨਰਮਦਾ ਬਚਾਓ, ਮਾਨਵਤਾ ਬਚਾਓ' ਦੇ ਨਾਅਰੇ ਲਗਾਉਂਦੇ ਹੋਏ ਹਜ਼ਾਰਾਂ ਔਰਤਾਂ-ਮਰਦ ਸ਼ਹਿਰ ਦੀਆਂ ਗਲੀਆਂ 'ਚੋਂ ਜਲੂਸ ਕੱਢ ਰਹੇ ਸਨ ਤੇ ਪੂਰਾ ਸ਼ਹਿਰ ਘਰ ਤੋਂ ਨਿਕਲ ਕੇ ਉਨ੍ਹਾਂ ਨਾਲ ਭਿੱਜਣ ਤੇ ਉਨ੍ਹਾਂ ਦਾ ਸਾਥ ਦੇਣ ਦਾ ਕੰਮ ਕਰ ਰਿਹਾ ਸੀ ਦੁਕਾਨਦਾਰ, ਵਪਾਰੀ, ਉਨ੍ਹਾਂ ਦੇ ਪਰਿਵਾਰ ਦੀਆਂ ਔਰਤਾਂ ਤੇ ਨੌਜਵਾਨ, ਸਭ ਘਰਾਂ ਦੇ ਬਾਹਰ ਸਨ। ਸ਼ਹਿਰ ਦੇ ਵਿਚਾਲੇ ਰੈਲੀ ਕੀਤੀ ਗਈ। ਇਸ ਨੂੰ ਮੇਧਾ ਤੇ ਅੰਦੋਲਨ ਦੇ ਵਰਕਰਾਂ ਨੇ ਸੰਬੋਧਨ ਕੀਤਾ।

ਭਾਰਤ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਵਲੋਂ ਮੈਂ ਵੀ ਉਨ੍ਹਾਂ ਦੇ ਨਾਲ ਆਪਣਾ ਭਾਈਚਾਰਾ ਤੇ ਸਮਰਥਨ ਜ਼ਾਹਰ ਕੀਤਾ। ਪਾਣੀ ਰੁਕਣ ਦਾ ਨਾਂ ਨਹੀਂ ਲੈ ਰਿਹਾ ਸੀ ਪਰ ਕਿਸੇ ਵਿਅਕਤੀ ਨੇ ਉਸ ਤੋਂ ਬਚਣ ਦੀ ਕੋਸ਼ਿਸ਼ ਨਹੀਂ ਕੀਤੀ। ਉਸ ਤੋਂ ਬਾਅਦ ਰੈਲੀ ਛੋਟਾ ਬੜਦਾ ਲਈ ਨਿਕਲੀ। ਇਹ ਪਿੰਡ ਵੀ ਡੋਬੇ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਪਿੰਡ ਦੇ ਬਾਹਰ ਲੋਕਾਂ ਨੇ ਵੱਡਾ ਬੈਨਰ ਟੰਗ ਦਿੱਤਾ ਹੈ, 'ਇਥੋਂ ਸਿਰਫ਼ ਭੂਤ-ਪ੍ਰੇਤ ਰਹਿੰਦੇ ਹਨ, ਕਿਉਂਕਿ ਸਰਕਾਰ ਅਨੁਸਾਰ ਪਿੰਡ ਖਾਲੀ ਹੋ ਚੁੱਕਾ ਹੈ, ਪਿੰਡ ਵਾਸੀਆਂ ਦਾ ਪੁਨਰਵਾਸ ਹੋ ਚੁੱਕਾ ਹੈ। ਪਰ ਪਿੰਡ ਦੇ ਲੋਕ ਤਾਂ ਉਥੇ ਮੌਜੂਦ ਸਨ ਤੇ ਉਹ ਵੀ ਰੈਲੀ ਵਿਚ ਸ਼ਾਮਲ ਹੋ ਗਏ।

ਜਲੂਸ ਪਿੰਡ ਵਿਚ ਨਾਅਰੇ ਲਾਉਂਦੇ ਹੋਏ ਘਾਟ ਪਹੁੰਚਿਆ। ਘਾਟ 'ਤੇ ਪਾਣੀ ਪਹੁੰਚ ਚੁੱਕਾ ਸੀ। ਉਸ ਤੋਂ ਹੇਠਾਂ ਜਾਣ ਵਾਲੀਆਂ ਪੌੜੀਆਂ ਕਦੇ ਦਿਖਾਈ ਦਿੰਦੀਆਂ ਕਦੇ ਲੁਕਦੀਆਂ ਸਨ। ਘਾਟ 'ਤੇ ਵੱਡੀ ਰੈਲੀ ਹੋਈ ਤੇ ਫਿਰ ਐਲਾਨ ਹੋਇਆ ਕਿ 24 ਘੰਟਿਆਂ ਦਾ 'ਜਲ ਸਤਿਆਗ੍ਰਹਿ' ਸ਼ੁਰੂ ਹੋ ਜਾਵੇਗਾ।

ਸਾਰੇ ਲੋਕ ਘਾਟ ਵੱਲ ਵਧੇ। ਉਥੇ ਮਾਂ ਨਰਮਦਾ ਦੀ ਉਸਤਤ ਵਿਚ ਗੀਤ ਗਾਏ ਗਏ। ਉਨ੍ਹਾਂ ਦੇ ਸੁਰ ਇਸ ਉਮੀਦ ਨਾਲ ਭਰੇ ਹੋਏ ਸਨ ਕਿ ਉਨ੍ਹਾਂ ਦੀ ਨਰਮਦਾ ਮਾਂ ਉਨ੍ਹਾਂ ਨੂੰ ਬਚਾਏਗੀ। ਉਨ੍ਹਾਂ ਨੂੰ ਜ਼ਿੰਦਾ ਰੱਖੇਗੀ, ਉਨ੍ਹਾਂ ਦੀ ਮੌਤ ਦਾ ਸਬਬ ਨਹੀਂ ਬਣੇਗੀ। ਉਹ ਪਲ ਕਿੰਨਾ ਭਾਵੁਕ ਸੀ, ਦੱਸਣਾ ਮੁਸ਼ਕਲ ਹੈ। ਉਸ ਤੋਂ ਬਾਅਦ, ਮੇਧਾ 40 ਔਰਤਾਂ ਨਾਲ ਘੱਟ 'ਤੇ ਬੈਠ ਗਈ। ਉਨ੍ਹਾਂ ਦੇ ਪੈਰ ਪਾਣੀ ਵਿਚ ਸਨ। ਇਨ੍ਹਾਂ ਵਿਚੋਂ ਕੁਝ ਔਰਤਾਂ ਕਾਫ਼ੀ ਉਮਰਦਰਾਜ਼ ਹਨ। ਕੁਝ ਕਾਫ਼ੀ ਕਮਜ਼ੋਰ ਹਨ। ਮੰਜੁਲਾ ਆਪਣੇ ਬਿਮਾਰ ਪਤੀ ਨੂੰ ਘਰ ਛੱਡ ਕੇ ਆਈ ਸੀ। ਪਤੀ ਨੇ ਕਿਹਾ, 'ਸੰਘਰਸ਼ ਹੈ ਤਾਂ ਜੀਵਨ ਹੈ, ਵਰਨਾ ਮਰਨਾ ਤਾਂ ਲਿਖਿਆ ਹੀ ਹੈ ਤਾਂ ਤੂੰ ਜਾ ਸੰਘਰਸ਼ ਕਰ। ਉਹ ਖ਼ੁਦ ਵੀ ਕੰਬ ਰਹੀ ਸੀ ਪਰ ਬੜੀ ਦ੍ਰਿੜਤਾ ਨਾਲ, ਪਾਣੀ ਵਿਚ ਬੈਠ ਗਈ। ਸ਼ਿਆਮਾ, ਭਗਵਤੀ ਤੇ ਉਨ੍ਹਾਂ ਵਰਗੀਆਂ ਹੋਰ ਤਮਾਮ ਔਰਤਾਂ ਜੋ ਤਮਾਮ ਸੰਘਰਸ਼ਾਂ ਦੀਆਂ ਲੜਾਕੂ ਹਨ, ਜਿਨ੍ਹਾਂ ਦੇ ਸਰੀਰ 'ਤੇ ਤਮਾਮ ਜ਼ਖ਼ਮਾਂ ਦੇ ਨਿਸ਼ਾਨ ਹਨ, ਉਹ ਸਾਰੀਆਂ ਵੀ ਪਾਣੀ ਵਿਚ ਬੈਠ ਗਈਆਂ। ਇਨ੍ਹਾਂ ਸੰਘਰਸ਼ਾਂ ਨੇ ਪਤੀ ਨਹੀਂ ਕਿਵੇਂ ਮਾਮੂਲੀ ਲੋਕਾਂ ਨੂੰ ਗੈਰ ਮਾਮੂਲੀ ਬਣਾ ਦਿੱਤਾ ਹੈ। ਨਦੀ ਦਾ ਪਾਣੀ ਸਤਿਆਗ੍ਰਹਿ 'ਤੇ ਬੈਠਣ ਵਾਲਿਆਂ ਦੀ ਕਮਰ ਤੋਂ ਉਪਰ ਚਲਾ ਗਿਆ। ਸਰਕਾਰ ਦੀ ਜ਼ਿੱਦ ਨੂੰ ਤੋੜਨ ਲਈ ਉਨ੍ਹਾਂ ਨੇ ਆਪਣਾ ਸਤਿਆਗ੍ਰਹਿ ਵਧਾ ਦਿੱਤਾ। ਤੇ ਸਤਿਆਗ੍ਰਹਿ 'ਤੇ ਬੈਠਣ ਵਾਲੀਆਂ ਔਰਤਾਂ ਦੀ ਸੰਖਿਆ 129 ਹੋ ਗਈ। ਸਮਰਥਨ ਕਰਨ ਵਾਲੇ ਹਜ਼ਾਰਾਂ ਦੀ ਸੰਖਿਆ ਵਿਚ ਇਕੱਤਰ ਹੋ ਗਏ। ਬੀਤੇ ਸ਼ਨਿੱਚਰਵਾਰ ਨੂੰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਹਿ ਦਿੱਤਾ ਕਿ ਉਹ ਮੋਦੀ ਜੀ ਦਾ ਜਨਮ ਦਿਨ ਮਨਾਉਣ ਗੁਜਰਾਤ ਨਹੀਂ ਜਾਣਗੇ। ਸ਼ਾਇਦ ਉਨ੍ਹਾਂ ਦੀ ਸਮਝ ਵਿਚ ਆ ਰਿਹਾ ਹੈ ਕਿ ਆਪਣੇ ਹੀ ਲੋਕਾਂ ਨਾਲ ਬੇਵਫ਼ਾਈ ਕਰਨਾ ਕਿੰਨਾ ਮਹਿੰਗਾ ਸਿੱਧ ਹੋ ਸਕਦਾ ਹੈ।

ਮੀਂਹ ਵੀ ਰੁਕ ਗਿਆ। ਪਾਣੀ ਦਾ ਵਧਣਾ ਵੀ ਰੁਕ ਗਿਆ। ਸ਼ਾਇਦ ਡੋਬੇ ਦਾ ਖ਼ਤਰਾ ਇਕ ਵਾਰ ਫਿਰ ਹਟ ਜਾਵੇਗਾ। ਇਕ ਫ਼ਸਲ ਹੋਰ ਬੀਜੀ ਜਾਵੇਗੀ, ਵੱਢੀ ਜਾਵੇਗੀ। ਸੰਘਰਸ਼ ਦੇ ਅਗਲੇ ਸੈਸ਼ਨ ਦੀ ਫਿਰ ਨਵੀਂ ਤਾਕਤ ਨਾਲ ਤਿਆਰੀ ਕੀਤੀ ਜਾਵੇਗੀ। ਉਨ੍ਹਾਂ ਦੇ ਇਸ ਸੰਘਰਸ਼ ਨੇ ਪਰ ਪ੍ਰਧਾਨ ਮੰਤਰੀ ਦਾ ਜਨਮ ਦਿਨ ਆਪਣਾ ਮਰਨ ਦਿਨ ਬਣਨ ਨਹੀਂ ਦਿੱਤਾ।



ਆਪਣੇ ਜਨਮ ਦਿਨ 'ਤੇ ਗੁਜਰਾਤ ਦੇ ਨਰਮਦਾ ਜ਼ਿਲ੍ਹੇ ਦੇ ਕੇਵੜੀਆ ਵਿਚ ਬਣੇ ਸਰਦਾਰ ਸਰੋਵਰ ਬੰਨ੍ਹ ਦੇ ਉਦਘਾਟਨ ਦੌਰਾਨ ਨਦੀ ਦੀ ਪੂਜਾ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ

## ਮੋਦੀ ਨੇ ਨਰਮਦਾ ਨਦੀ ਦੀ ਮੌਤ ਦਾ ਉਤਸਵ ਮਨਾਇਆ

**ਹਿਮਾਂਸ਼ੂ ਠੱਕਰ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਦਾਰ ਸਰੋਵਰ ਬੰਨ੍ਹ ਭਾਰਤ ਨੂੰ ਸਮਰਪਿਤ ਕਰ ਦਿੱਤਾ ਪਰ ਹਾਲੇ ਤਕ ਇਹ ਯੋਜਨਾ ਪੂਰੀ ਹੀ ਨਹੀਂ ਹੋਈ ਹੈ। ਨਹਿਰ ਦਾ ਢਾਂਚਾ ਮੁਸ਼ਕਲ ਨਾਲ 30 ਫ਼ੀਸਦੀ ਕਮਾਂਡ ਏਰੀਆ ਲਈ ਹੀ ਬਣਿਆ ਹੈ ਤੇ ਸਰੋਵਰ ਵੀ ਨਹੀਂ ਭਰਿਆ ਹੈ।

ਇਸ ਪ੍ਰੋਜੈਕਟ ਵਿਚ ਹਾਲੇ ਤਕ ਜਿੰਨੀ ਲਾਗਤ ਲੱਗ ਚੁੱਕੀ ਹੈ, ਓਨੀ ਹੀ ਹਾਲੇ ਹੋਰ ਲਗਣ ਦੀ ਸੰਭਾਵਨਾ ਹੈ। ਸਮੱਸਿਆ ਇਹ ਹੈ ਕਿ ਇਸ ਪ੍ਰੋਜੈਕਟ ਦੀ ਕੁੱਲ ਲਾਗਤ ਦਾ ਸਾਨੂੰ ਪਤਾ ਹੀ ਨਹੀਂ ਹੈ। ਮੋਟੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਇਸ ਪ੍ਰੋਜੈਕਟ ਨਾਲ ਨੁਕਸਾਨ ਹੀ ਜ਼ਿਆਦਾ ਹੋਇਆ ਹੈ ਜਦਕਿ ਨਫ਼ਾ ਬਹੁਤ ਘੱਟ ਹੈ।

**ਕਿਸ ਲਈ ਬਣੀ ਯੋਜਨਾ ?**

ਇਹ ਯੋਜਨਾ ਬਣੀ ਸੀ ਕੱਛ, ਸੌਰਾਸ਼ਟਰ ਤੇ ਉਤਰੀ ਗੁਜਰਾਤ ਲਈ। ਇਹ ਗੁਜਰਾਤ ਦੇ ਸੋਕਾਗ੍ਰਸਤ ਇਲਾਕੇ ਹਨ। ਇਥੇ ਪਾਣੀ ਦੇਣ ਲਈ ਇਕੋ-ਇਕ ਬਦਲ ਵਜੋਂ ਇਹ ਯੋਜਨਾ ਬਣੀ ਸੀ। ਪਰ ਅੱਜ ਤਕ ਇਨ੍ਹਾਂ ਇਲਾਕਿਆਂ ਵਿਚ ਪਾਣੀ ਨਹੀਂ ਪਹੁੰਚਿਆ ਹੈ।

ਜ਼ਿਆਦਾਤਰ ਪਾਣੀ ਮੱਧ ਗੁਜਰਾਤ ਜਿਵੇਂ ਅਹਿਮਦਾਬਾਦ, ਬੜੌਦਾ, ਖੇੜਾ, ਬਰੂਚ ਵਰਗੇ ਜ਼ਿਲ੍ਹਿਆਂ ਵਿਚ ਜਾ ਰਿਹਾ ਹੈ। ਅਹਿਮਦਾਬਾਦ ਵਿਚ ਜੋ ਸਾਬਰਮਤੀ ਨਦੀ ਵਹਿ ਰਹੀ ਹੈ, ਉਸ ਵਿਚ ਵੀ ਨਰਮਦਾ ਦਾ ਹੀ ਪਾਣੀ ਹੈ। ਇਸ ਲਈ ਹਾਲੇ ਤਕ ਤਾਂ ਇਸ ਯੋਜਨਾ ਨੂੰ ਨਫ਼ੇ ਵਜੋਂ ਨਹੀਂ ਦੇਖ ਸਕਦੇ, ਕਿਉਂਕਿ ਜਿਨ੍ਹਾਂ ਇਲਾਕਿਆਂ ਨੂੰ ਪਾਣੀ ਦੀ ਜ਼ਰੂਰਤ ਸੀ, ਉਥੇ ਤਾਂ ਪਾਣੀ ਨਹੀਂ ਪਹੁੰਚਿਆ ਤੇ ਜਿੱਥੇ ਪਹੁੰਚਿਆ ਹੈ, ਉਥੇ ਪਹਿਲਾਂ ਤੋਂ ਹੀ ਲੋੜੀਂਦੀ ਮਾਤਰਾ ਵਿਚ ਪਾਣੀ ਸੀ।

**ਕਿੰਨਾ ਨੁਕਸਾਨ ਹੋਇਆ...**

ਇਸ ਯੋਜਨਾ ਕਾਰਨ ਘੱਟੋ-ਘੱਟ 50 ਹਜ਼ਾਰ ਪਰਿਵਾਰਾਂ ਦਾ ਉਜਾੜਾ ਹੋਇਆ। ਨਰਮਦਾ ਨਦੀ ਖ਼ਤਮ ਹੋ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੋ ਉਤਸਵ ਮਨਾਇਆ, ਉਹ ਇਕ ਤਰ੍ਹਾਂ ਨਾਲ ਨਰਮਦਾ ਨਦੀ ਦੀ ਮੌਤ ਦਾ ਉਤਸਵ ਸੀ। ਕਿਉਂਕਿ ਬੰਨ੍ਹ ਹੇਠਾਂ ਜੋ 150 ਕਿਲੋਮੀਟਰ ਤਕ ਨਦੀ ਸੀ, ਉਹ ਵਹਿਣਾ ਬੰਦ ਹੋ ਗਈ ਹੈ। ਉਧਰ ਬੰਨ੍ਹ ਦੇ ਉਪਰ ਜੋ 200 ਕਿਲੋਮੀਟਰ ਤੋਂ ਲੰਬਾ ਸਰੋਵਰ ਏਰੀਆ ਬਣਿਆ ਹੈ, ਉਥੇ ਵੀ ਨਦੀ ਨਹੀਂ ਵਹਿ ਰਹੀ ਹੈ। ਨਦੀ ਦੇ ਹੇਠਲੇ ਇਲਾਕਿਆਂ ਵਿਚ ਜੋ 10 ਹਜ਼ਾਰ ਪਰਿਵਾਰ ਰਹਿ ਰਹੇ ਸਨ, ਉਹ ਮੱਛੀ ਪਾਲਣ 'ਤੇ ਨਿਰਭਰ ਸਨ। ਉਨ੍ਹਾਂ ਦਾ ਜੀਵਨ ਨਿਰਵਾਹ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਹੈ।

**ਯੋਜਨਾ ਦਾ ਉਦੇਸ਼ ਕੀ ਸੀ ?...**

ਸਾਨੂੰ ਇਹ ਸਮਝਣਾ ਪਏਗਾ ਕਿ ਇਸ ਯੋਜਨਾ ਨੂੰ ਕਿਸ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਸੀ। ਇਸ ਨਾਲ ਅਸਲ ਵਿਚ ਕਿੰਨਾ ਲਾਭ ਹੋਵੇਗਾ। ਤੇ ਅੰਤ ਵਿਚ ਇਹ ਵੀ ਦੇਖਣਾ ਹੋਵੇਗਾ ਕਿ ਇਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ ਕੀ ਇਹ ਯੋਜਨਾ ਸਭ ਤੋਂ ਬਿਹਤਰ ਬਦਲ ਸੀ।

ਜਦੋਂ ਅਸੀਂ ਇਨ੍ਹਾਂ 3 ਸਵਾਲਾਂ ਦੇ ਜਵਾਬ ਲੱਭਦੇ ਹਾਂ ਤਾਂ ਪਾਉਂਦੇ ਹਾਂ ਕਿ ਇਹ ਯੋਜਨਾ ਗੁਜਰਾਤ, ਉਥੇ ਦੇ ਸੋਕਾ ਪੀੜਤ ਇਲਾਕਿਆਂ ਤੇ ਦੇਸ਼ ਲਈ ਲਈ ਸਭ ਤੋਂ ਬਿਹਤਰ ਬਦਲ ਨਹੀਂ ਸੀ। ਕੁਝ ਦਿਨ ਪਹਿਲਾਂ ਮੋਦੀ ਨਾਲ ਬੁਲੇਟ ਟਰੇਨ ਦੀ ਸ਼ੁਰੂਆਤ ਕਰਨ ਵਾਲੇ ਜਪਾਨ ਨੇ ਹੀ ਸਭ ਤੋਂ ਪਹਿਲਾਂ ਇਸ ਯੋਜਨਾ ਤੋਂ ਆਪਣੇ ਹੱਥ ਖਿੱਚੇ ਸਨ। ਉਨ੍ਹਾਂ ਨੂੰ ਜਦੋਂ ਪਤਾ ਚਲਿਆ ਕਿ ਇਸ ਯੋਜਨਾ ਕਾਰਨ ਕਈ ਹਜ਼ਾਰ ਲੋਕਾਂ ਦਾ ਉਜਾੜਾ ਹੋ ਰਿਹਾ ਹੈ, ਤਾਂ ਉਹ ਪਿਛੇ ਹਟ ਗਏ। ਸਾਲ 1992 ਵਿਚ ਵਿਸ਼ਵ ਬੈਂਕ ਨੇ ਆਪਣੀ ਆਜ਼ਾਦ ਜਾਂਚ ਕਰਵਾਈ ਸੀ, ਤੇ ਉਸ ਵਿਚ ਪਾਇਆ ਸੀ ਕਿ ਇਸ ਯੋਜਨਾ ਨਾਲ ਬਹੁਤ ਜ਼ਿਆਦਾ ਨੁਕਸਾਨ ਹੋਵੇਗਾ, ਇਸ ਲਈ ਵਿਸ਼ਵ ਬੈਂਕ ਨੇ ਵੀ ਇਸ ਯੋਜਨਾ 'ਤੇ ਪੈਸਾ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ।

ਸਾਲ 1993-94 ਵਿਚ ਜਦੋਂ ਭਾਰਤ ਸਰਕਾਰ ਨੇ ਆਪਣੀ ਆਜ਼ਾਦ ਜਾਂਚ ਕਰਵਾਈ ਸੀ, ਉਸ ਵਿਚ ਵੀ ਇਸ ਯੋਜਨਾ ਨੂੰ ਅਸਫਲ ਦੱਸਿਆ ਗਿਆ ਸੀ। ਸਰਕਾਰ ਤਾਂ ਸਿਰਫ਼ ਆਪਣੇ ਨੇਤਾ ਦੀ ਗੱਲ ਦੇ ਅੱਗੇ ਠੱਪਾ ਲਾਉਣ ਦਾ ਕੰਮ ਕਰਦੀ ਹੈ। ਦੇਸ਼ ਦੀ ਬਦਕਿਸਮਤੀ ਹੈ ਕਿ ਇਥੋਂ ਦੇ ਨੌਕਰਸ਼ਾਹ ਆਜ਼ਾਦ ਫ਼ੈਸਲਾ ਨਹੀਂ ਲੈ ਸਕਦੇ।

**ਸਰਦਾਰ ਸਰੋਵਰ ਬੰਨ੍ਹ ਦੇ 5 ਵੱਡੇ ਨੁਕਸਾਨ...**

- ਕੱਛ, ਸੌਰਾਸ਼ਟਰ, ਉਤਰ ਗੁਜਰਾਤ ਨੂੰ ਲਾਭ ਨਹੀਂ ਹੋਵੇਗਾ
- ਨਰਮਦਾ ਨਦੀ ਖ਼ਤਮ ਹੋ ਗਈ
- ਘੱਟੋ-ਘੱਟ 50 ਹਜ਼ਾਰ ਪਰਿਵਾਰ ਉਜੜ ਗਏ, 10 ਹਜ਼ਾਰ ਮਛਵਾਰਾ ਪਰਿਵਾਰ ਦਾ ਜੀਵਨ ਨਿਰਵਾਹ ਖ਼ਤਮ ਹੋ ਗਿਆ

ਇਸ ਯੋਜਨਾ ਵਿਚ 50 ਹਜ਼ਾਰ ਕਰੋੜ ਖ਼ਰਚ ਹੋ ਚੁੱਕੇ ਹਨ ਤੇ ਏਨਾ ਹੀ ਹੋਰ ਖ਼ਰਚ ਆਏਗਾ ਇਹ ਯੋਜਨਾ ਪ੍ਰਸ਼ਾਸਨ ਦੀ ਅਸਫਲਤਾ ਹੈ, ਜਿਨ੍ਹਾਂ ਲੋਕਾਂ ਦਾ ਪੁਨਰਵਾਸ ਨਹੀਂ ਹੋਇਆ ਹੈ, ਉਨ੍ਹਾਂ ਦਾ ਨਿਆਂਪਾਲਿਕਾ ਤੋਂ ਭਰੋਸਾ ਘੱਟ ਹੋ ਗਿਆ ਹੈ।

(**ਬੀ.ਬੀ.ਸੀ. ਤੋਂ ਧੰਨਵਾਦ ਸਹਿਤ**)

ਅੰਮ੍ਰਿਤਸਰ ਟਾਈਮਜ਼
AMRITSAR TIMES
20 ਸਤੰਬਰ 2017 ਤੋਂ 26 ਸਤੰਬਰ 2017

## ਉੱਚੀ ਸ਼ਾਨ ਤੇ ਆਨ ਵਾਲਾ ਸਰਦਾਰ

ਭਾਰਤੀ ਹਵਾਈ ਫ਼ੌਜ ਦੇ ਸਾਬਕਾ ਮੁਖੀ ਸਰਦਾਰ ਅਰਜਨ ਸਿੰਘ ਦਾ ਅਕਾਲ ਚਲਾਣਾ ਆਪਣੇ ਆਪ ਵਿੱਚ ਬੜੀ ਵੱਡੀ ਘਟਨਾ ਹੈ। ਜਿਸ ਉਮਰੇ ਉਹ ਸਦੀਵੀ ਵਿਛੋੜਾ ਦੇ ਕੇ ਗਏ ਹਨ, ਉਹ ਉਦਾਸ ਹੋਣ ਵਾਲੀ ਘੜੀ ਨਹੀਂ ਬਲਕਿ ਵਾਹਿਗੁਰੂ ਦਾ ਸ਼ੁਕਰਾਨਾ ਕਰਨਾ ਬਣਦਾ ਹੈ ਕਿ ਉਹ ਇੰਨੀ ਸ਼ਾਨਦਾਰ ਅਤੇ ਮਾਣਮੱਤੀ ਜ਼ਿੰਦਗੀ ਤੋਂ ਵਿਦਾ ਹੋਏ ਹਨ। ਸ. ਅਰਜਨ ਸਿੰਘ ਨੇ ਆਪਣੀ ਕਾਬਲੀਅਤ, ਲਗਨ, ਦ੍ਰਿੜਤਾ ਅਤੇ ਬਹਾਦਰੀ ਸਦਕਾ ਅਮਲੀ ਰੂਪ ਵਿੱਚ ਹੀ ਨਹੀਂ ਬਲਕਿ ਸਹੀ ਮਾਅਨਿਆਂ ਵਿੱਚ "ਅਸਮਾਨਾਂ ਨੂੰ ਛੂਹਣ" ਤੋਂ ਵੀ ਅਗਾਂਹ "ਅਸਮਾਨਾਂ ਨੂੰ ਸਰ ਕੀਤਾ।" 'ਅਸਮਾਨਾਂ ਨੂੰ ਫਤਹਿ' ਕਰਨ ਦਾ ਸੱਚ ਉਨ੍ਹਾਂ ਨੇ ਭਾਰਤ ਦੇ ਗਵਾਂਢੀ ਮੁਲਕ ਪਾਕਿਸਤਾਨ ਨਾਲ ਸੰਨ 1965 ਦੀ ਲੜਾਈ ਦੌਰਾਨ ਸਾਰੀ ਦੁਨੀਆ ਨੂੰ ਵਾਪਰਦਾ ਵਿਖਾਇਆ। ਵੈਸੇ ਤਾਂ ਦੁਨੀਆ ਦੇ ਵੱਡੇ ਯੁੱਧਾਂ ਦਾ ਇਤਿਹਾਸ ਮਹਾਨ ਜਰਨੈਲਾਂ ਦੀ ਦੂਰਅੰਦੇਸ਼ੀ, ਬਹਾਦਰੀ ਅਤੇ ਜਿੱਤਾਂ ਦੇ ਕਾਰਨਾਮੇ ਸਾਂਭੀ ਚਲਿਆ ਆ ਰਿਹਾ ਹੈ ਪਰ ਸ. ਅਰਜਨ ਸਿੰਘ ਨੇ ਜਿਹੜੀਆਂ ਮੱਲ੍ਹਾਂ ਮਾਰੀਆਂ ਉਹ ਵਿਲੱਖਣ ਹੋਣ ਦੇ ਨਾਲ ਨਾਲ ਹੈਰਾਨਕੁਨ ਵੀ ਹਨ। ਮਹਿਜ਼ ਹਵਾਈ ਸੈਨਾ ਦੇ ਆਗੂ ਅਤੇ ਲੜਾਕੂ ਯੋਧੇ ਵਜੋਂ ਹੀ ਨਹੀਂ ਬਲਕਿ ਜ਼ਿੰਦਗੀ ਦੇ ਹੋਰਨਾਂ ਖੇਤਰਾਂ ਵਿੱਚ ਸ. ਅਰਜਨ ਸਿੰਘ ਨੇ ਜਿਹੜੀਆਂ ਮੱਲ੍ਹਾਂ ਮਾਰੀਆਂ ਉਹ ਵਿਲੱਖਣ ਹੋਣ ਦੇ ਨਾਲ ਨਾਲ ਹੈਰਾਨਕੁਨ ਵੀ ਹਨ।

ਵੇਖਿਆ ਜਾਵੇ ਤਾਂ ਭਾਰਤ ਨੂੰ ਆਜ਼ਾਦ ਕਰਵਾਉਣ ਵਿੱਚ ਜਿੰਨਾ ਯੋਗਦਾਨ ਸਿੱਖਾਂ ਦਾ ਹੈ, ਉਨਾਂ ਅੱਜ ਤੱਕ ਸ਼ਾਇਦ ਹੀ ਕਿਸੇ ਦਾ ਹੈ। ਭਾਰਤ ਦੇ ਆਜ਼ਾਦ ਹੋਣ ਬਾਅਦ ਦੇ ਇਤਿਹਾਸ ਵਿੱਚ ਵੀ ਸਿੱਖਾਂ ਦੀ ਦੇਣ ਬਹੁਤ ਅਹਿਮ ਅਤੇ ਮਾਣ ਕਰਨ ਵਾਲੀ ਹੈ। ਇਸ ਦਾ ਸਪਸ਼ਟ ਸਬੂਤ ਹੈ ਸੰਨ 1965 ਦੀ ਭਾਰਤ-ਪਾਕਿਸਤਾਨ ਜੰਗ। ਵੇਖਿਆ ਜਾਵੇ ਤਾਂ ਇਹ ਜੰਗ ਅਸਲ ਵਿੱਚ ਭਾਰਤ ਤੇ ਪਾਕਿਸਤਾਨ ਦੀ ਬਜਾਏ ਪੰਜਾਬ ਤੇ ਪਾਕਿਸਤਨ ਵਿਚਾਲੇ ਸੀ ਅਤੇ ਨਿਰਸੰਦੇਹ ਇਸ ਦੀ ਜਿੱਤ ਦਾ ਸਿਹਰਾ ਹੋਰਨਾਂ ਦੇ ਮੁਕਾਬਲੇ ਸਿੱਖਾਂ ਦੇ ਸਿਰ ਹੀ ਬੱਝਦਾ ਹੈ। ਬੇਸ਼ੱਕ ਇਸ ਵਿੱਚ ਵੀ ਹੋਰਨਾਂ ਲੜਾਈਆਂ ਵਾਂਗ ਪੰਜਾਬ ਦਾ ਬਹੁਤ ਜਾਨੀ ਤੇ ਮਾਲੀ ਨੁਕਸਾਨ ਹੋਇਆ ਪਰ ਸਦੀਆਂ ਤੋਂ ਇਸ ਖਿੱਤੇ ਦਾ ਰਖਵਾਲਾ ਬਣਦੇ ਰਹੇ ਪੰਜਾਬੀਆਂ ਨੇ ਭਾਰਤ ਦੀ ਸਰਜ਼ਮੀਨ ਤੋਂ ਦੁਸ਼ਮਣ ਦੀਆਂ ਫ਼ੌਜਾਂ ਨੂੰ ਜਿਹੜੀ ਕਰਾਰੀ ਹਾਰ ਦਿੱਤੀ, ਉਸ ਵਿੱਚ ਅਰਜਨ ਸਿੰਘ ਦਾ ਬਹੁਤ ਅਹਿਮ ਰੋਲ ਸੀ। ਭਾਰਤੀ ਹਵਾਈ ਫ਼ੌਜ ਦੇ ਮੁਖੀ ਹੁੰਦਿਆਂ ਇਸ ਜਾਂਬਾਜ਼ ਜਰਨੈਲ ਨੇ ਜਿਹੜੀ ਰਣਨੀਤੀ ਅਪਣਾਈ, ਉਹ ਪਾਕਿਸਤਾਨੀ ਹਵਾਈ ਫ਼ੌਜ ਕੋਲ ਅਤਿ ਆਧੁਨਿਕ ਲੜਾਕੂ ਜਹਾਜ਼, ਸਿਖਲਾਈਯਾਫ਼ਤਾ ਪਾਇਲਟ ਅਤੇ ਹੋਰ ਸਾਜ਼ੋ-ਸਾਮਾਨ ਦੇ ਬਾਵਜੂਦ ਉਸ ਦਾ ਲੱਕ ਤੋੜਣ ਵਾਲੀ ਸਿੱਧ ਹੋਈ।

ਅਰਜਨ ਸਿੰਘ ਬਚਪਨ ਤੋਂ ਹੀ ਹੋਣਹਾਰ ਤੇ ਵਿਲੱਖਣ ਪ੍ਰਤਿਭਾ ਵਾਲੇ ਸਨ। 15 ਅਪਰੈਲ 1919 ਨੂੰ ਲਾਇਲਪੁਰ (ਹੁਣ ਪਾਕਿਸਤਾਨ) ਵਿੱਚ ਜਨਮੇ ਅਰਜਨ ਸਿੰਘ ਨੇ ਮੁੱਢਲੀ ਪੜ੍ਹਾਈ ਮਿੰਟਗੁੰਮਰੀ ਤੋਂ ਪ੍ਰਾਪਤ ਕਰਨ ਬਾਅਦ ਸੰਨ 1938 ਵਿੱਚ ਰਾਇਲ ਏਅਰ ਫੋਰਸ ਕਾਲਜ ਕਰਾਨਵੈੱਲ ਵਿੱਚ ਦਾਖ਼ਲਾ ਲਿਆ ਤੇ ਦਸੰਬਰ 1939 ਵਿੱਚ ਪਾਇਲਟ ਅਫ਼ਸਰ ਵਜੋਂ ਚੁਣੇ ਗਏ। 1944 ਵਿੱਚ ਅਰਾਕਾਨ ਮੁਹਿੰਮ ਦੌਰਾਨ ਉਨ੍ਹਾਂ ਨੇ ਨੰਬਰ 1 ਸਕੁਐਡਰਨ ਦੀ ਕਮਾਂਡ ਦੀ ਅਗਵਾਈ ਕਰਦਿਆਂ ਪਹਿਲਾ ਸਨਮਾਨ ਡੀਐਫਸੀ ਪ੍ਰਾਪਤ ਕੀਤਾ। ਉਸ ਤੋਂ ਬਾਅਦ ਅਣਗਿਣਤ ਪ੍ਰਾਪਤੀਆਂ ਤੇ ਤਮਗ਼ੇ ਪ੍ਰਾਪਤ ਕਰਨ ਵਾਲੇ ਇਸ ਉੱਚੇ ਲੰਮੇ ਸਰਦਾਰ ਨੇ ਪਹਿਲੀ ਅਗਸਤ 1964 ਤੋਂ ਜੁਲਾਈ 1969 ਤੱਕ ਭਾਰਤੀ ਹਵਾਈ ਫੌਜ ਦੇ ਮੁਖੀ ਵਜੋ ਇਸ ਨੂੰ ਰਣਨੀਤਕ ਤੇ ਨੈਤਿਕ ਪੱਖੋਂ ਬੁਲੰਦੀਆਂ ਤੱਕ ਪਹੁੰਚਾਉਣ ਵਿੱਚ ਇਤਿਹਾਸਕ ਯੋਗਦਾਨ ਪਾਇਆ। ਭਾਰਤੀ ਹਵਾਈ ਸੈਨਾ ਦਾ ਹੋਰ ਕੋਈ ਵੀ ਮੁਖੀ ਏਅਰ ਮਾਰਸ਼ਲ ਅਰਜਨ ਸਿੰਘ ਦੀ ਰਣਨੀਤੀ ਤੇ ਸੁਚੱਜੀ ਅਗਵਾਈ ਦੇਣ ਦੇ ਨੇੜੇ ਨਹੀਂ ਢੁੱਕ ਸਕਿਆ। ਇਸੇ ਲਈ ਸਰਕਾਰ ਨੇ ਆਰਮੀ ਚੀਫ ਦੇ ਚਾਰ-ਸਿਤਾਰਾ ਜਨਰਲ ਦੇ ਬਰਾਬਰ ਦੇ ਰੈਂਕ-ਏਅਰ ਚੀਫ ਮਾਰਸ਼ਲ ਦਾ ਅਹੁਦਾ ਦੇ ਕੇ ਉਨ੍ਹਾਂ ਦਾ ਆਦਰ-ਮਾਣ ਕੀਤਾ। ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਅਰਜਨ ਸਿੰਘ ਵਲੋਂ ਪੰਜ ਸਿਤਾਰਾ "ਮਾਰਸ਼ਲ ਆਫ਼ ਏਅਰਜ਼" ਦੇ ਆਨਰੇਰੀ ਅਹੁਦੇ ਨਾਲ ਨਿਵਾਜ ਕੇ ਭਾਰਤੀ ਹਵਾਈ ਸੈਨਾ ਦਾ ਸਥਾਈ ਸਰਦਾਰ ਬਣਾਉਣਾ ਆਪਣੇ ਆਪ ਅਜਿਹਾ ਵੱਡਾ ਸਤਿਕਾਰ ਹੈ, ਜੋ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦਾ।

50 ਸਾਲ ਦੀ ਉਮਰੇ ਏਅਰ ਚੀਫ਼ ਮਾਰਸ਼ਲ ਵਜੋਂ ਰਿਟਾਇਰ ਹੋਣ ਬਾਅਦ ਸਰਕਾਰ ਨੇ ਉਨ੍ਹਾਂ ਦੀਆਂ ਸੇਵਾਵਾਂ ਦੇ ਮੱਦੇਨਜ਼ਰ ਪਹਿਲਾਂ ਸਵਿਟਜ਼ਰਲੈਂਡ ਤੇ ਫਿਰ ਕੀਨੀਆ ਵਿੱਚ ਸਫ਼ਾਰਤੀ ਅਹੁਦਿਆਂ ਉੱਤੇ ਨਿਯੁਕਤ ਕੀਤਾ। ਭਾਰਤ ਸਰਕਾਰ ਦੇ ਘੱਟ ਗਿਣਤੀਆਂ ਵਾਲੇ ਕਮਿਸ਼ਨ ਦੇ ਮੈਂਬਰ ਅਤੇ ਫਿਰ ਦਿੱਲੀ ਦੇ ਉਪ ਰਾਜਪਾਲ ਵਜੋਂ ਉਨ੍ਹਾਂ ਨੇ ਕੁਸ਼ਲ ਪ੍ਰਬੰਧਕ ਅਤੇ ਲੋਕ ਪੱਖੀ ਪ੍ਰਸ਼ਾਸਕ ਵਜੋਂ ਆਪਣੀ ਛਾਪ ਛੱਡੀ।

ਫ਼ੌਜੀ ਜੀਵਨ ਤੋਂ ਬਿਨਾਂ ਜਿੱਥੇ ਕਿੱਥੇ ਵੀ ਮੌਕਾ ਮਿਲਿਆ ਜਾਂ ਜੋ ਵੀ ਜ਼ਿੰਮੇਵਾਰੀ ਸੌਂਪੀ ਗਈ, ਅਰਜਨ ਸਿੰਘ ਨੇ ਆਪਣੀ ਨਿਮਰਤਾ, ਸਾਦਗੀ ਤੇ ਕਾਬਲੀਅਤ ਦਾ ਸਿੱਕਾ ਮਨਵਾਇਆ। ਆਮ ਜੀਵਨ ਵਿੱਚ ਉਹ ਬੇਹੱਦ ਮਿਲਣਸਾਰ, ਮਿਠਬੋਲੜੇ ਅਤੇ ਦਿਆਲੂ ਬਿਰਤੀ ਵਾਲੇ ਸਨ। ਉਨ੍ਹਾਂ ਨੇ ਹਰ ਪੜਾਅ ਉੱਤੇ ਮਾਨਵਤਾ ਦੀ ਸੇਵਾ ਨੂੰ ਪਹਿਲ ਦਿੱਤੀ। ਉਨ੍ਹਾਂ ਨੇ ਦਿੱਲੀ ਵਿਚਲਾ ਆਪਣਾ ਕਰੋੜਾਂ ਰੁਪਏ ਦਾ ਫਾਰਮ ਹਾਊਸ ਵੇਚ ਕੇ ਉਸ ਰਕਮ ਨਾਲ ਲੋਕ ਭਲਾਈ ਦਾ ਟਰੱਸਟ ਬਣਾ ਕੇ ਤਿਆਗ ਦੀ ਮਿਸਾਲ ਪੈਦਾ ਕੀਤੀ। ਅਜਿਹੇ ਬੇਦਾਗ਼, ਨਿਮਰ ਤੇ ਸੂਝਵਾਨ ਮਨੁੱਖ ਵਿਰਲੇ ਹੋਣ ਸਦਕਾ ਮਹਾਂਪੁਰਸ਼ ਦੇ ਰੁਤਬੇ ਦੇ ਹਾਣ ਦੇ ਹੁੰਦੇ ਹਨ।

ਬੇਸ਼ੱਕ ਇਤਿਹਾਸ ਬੜੇ ਵੱਡੇ ਤੇ ਮਹਾਨ ਸਿੱਖ ਸ਼ਾਸ਼ਕਾਂ, ਜੇਤੂ ਜਰਨੈਲਾਂ, ਯੋਧਿਆਂ ਅਤੇ ਉਘੀਆਂ ਸਖ਼ਸ਼ੀਅਤਾਂ ਦੀਆਂ ਪ੍ਰਾਪਤੀਆਂ ਨਾਲ ਭਰਿਆ ਪਿਆ ਹੈ ਪਰ ਸਰਦਾਰ ਅਰਜਨ ਸਿੰਘ ਨੇ ਸਿੱਖ ਵਜੋਂ ਜਿਸ ਆਨ ਤੇ ਸ਼ਾਨ ਨਾਲ ਆਪਣੇ ਹੋਣ ਅਤੇ ਜਿਉਣ ਦਾ ਅਹਿਸਾਸ ਕਰਵਾਇਆ, ਉਹ ਮੌਜੂਦਾ ਸਮਿਆਂ ਵਿੱਚ ਸਮੁੱਚੀ ਸਿੱਖ ਕੌਮ ਲਈ ਸਿਰ ਉੱਚਾ ਕਰਕੇ ਚੱਲਣ ਵਾਲਾ ਕਰਮ ਹੈ।

# ਬੋਧੀ ਰਾਸ਼ਟਰਵਾਦ ਕਿਵੇਂ ਬਣਿਆ ਮਿਆਂਮਾਰ ਵਿਚ ਰੋਹਿੰਗੀਆ ਮੁਸਲਮਾਨਾਂ ਦੇ ਕਾਤਲੇਆਮ ਦਾ ਕਾਰਨ ?

**ਜੇਕਰ ਮਿਆਂਮਾਰ 'ਚ ਮੌਜੂਦਾ ਹਾਲਤਾਂ ਨੂੰ ਅਸੀਂ ਭਾਰਤ ਨਾਲ ਮਿਲਾ ਕੇ ਦੇਖਣਾ ਹੋਵੇ ਤਾਂ ਸਿੱਖ ਕੌਮ ਦੀ ਭਾਰਤ 'ਚ ਉਹੀ ਹਾਲਤ ਹੈ ਜਿਹੜੀ ਮਿਆਂਮਾਰ 'ਚ ਰੋਹਿੰਗੀਆ ਮੁਸਲਮਾਨਾਂ ਦੀ ਹੈ। ਮਿਆਂਮਾਰ 'ਚ ਬੋਧੀ ਰਾਸ਼ਟਰਵਾਦ (ਬਰਮੀ ਰਾਸ਼ਟਰਵਾਦ) ਹੈ ਅਤੇ ਭਾਰਤ 'ਚ ਭਾਰਤੀ ਰਾਸ਼ਟਰਵਾਦ (ਹਿੰਦੂ ਰਾਸ਼ਟਰਵਾਦ) ਹੈ। ਜਿਸ ਤਰ੍ਹਾਂ ਰੋਹਿੰਗੀਆ ਮੁਸਲਮਾਨਾਂ ਦੀ ਵੱਖਰੀ ਪਛਾਣ, ਵੱਖਰੀ ਬੋਲੀ ਅਤੇ ਵੱਖਰਾ ਰਹਿਣ ਸਹਿਣ ਬੋਧੀ ਰਾਸ਼ਟਰਵਾਦੀਆਂ ਦੇ ਕੌਮ-ਉਸਾਰੀ ਦੇ ਅਮਲ' ਲਈ ਖ਼ਤਰਾ ਹੈ ਉਸੇ ਤਰ੍ਹਾਂ ਸਿੱਖਾਂ ਦੀ ਨਿਆਰੀ ਹਸਤੀ, ਪੰਜਾਬੀ ਬੋਲੀ ਅਤੇ ਵੱਖਰੀ ਜੀਵਨ ਜਾਂਚ ਭਾਰਤੀ ਰਾਸ਼ਟਰਵਾਦੀਆਂ ਦੇ ਇੱਕ ਭਾਰਤੀ ਕੌਮ' ਸਿਰਜਣ ਦੇ ਅਮਲ ਦੇ ਰਾਹ ਵਿਚ ਅੜਿੱਕਾ ਹੈ। ਇਹੀ ਕਾਰਨ ਹੈ ਸਾਡੇ ਪਾਣੀ ਲੁੱਟੇ ਜਾ ਰਹੇ ਹਨ, ਸਾਨੂੰ ਆਰਥਿਕ ਤੌਰ 'ਤੇ ਕਮਜ਼ੋਰ ਕੀਤਾ ਜਾ ਰਿਹਾ ਹੈ, ਸਾਡੀ ਬੋਲੀ ਅਤੇ ਸਭਿਆਚਾਰ ਨੂੰ ਭਾਰਤੀ ਸਭਿਆਚਾਰ 'ਚ ਜਜ਼ਬ ਕਰ ਲੈਣ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ।**



ਬੋਧੀ ਰਾਸ਼ਟਰਵਾਦ ਨੂੰ ਪ੍ਰਚਾਰਦੇ ਭਿਕਸ਼ੂ।



ਰੋਹਿੰਗੀਆ ਮੁਸਲਮਾਨਾਂ ਨੂੰ ਮਾਰਨ-ਕੁੱਟਣ ਲਈ ਨਿਕਲੇ ਬੋਧੀ ਰਾਸ਼ਟਰਵਾਦ ਦੇ ਹਮਾਇਤੀ।

**ਸਤਵੰਤ ਸਿੰਘ**



ਆਪਣੇ ਘਰ ਛੱਡਣ ਲਈ ਮਜਬੂਰ ਰੋਹਿੰਗੀਆ ਮੁਸਲਮਾਨਾਂ ਦੇ ਦੁਖਾਤ ਨੂੰ ਬਿਆਨਦੀ ਤਸਵੀਰ।

ਰਾਜ ਦੀ "ਨਸਲੀ ਸਫਾਈ" ਦੀ ਮੰਗ ਧਰਮ ਨਹੀਂ ਸਗੋਂ ਰਾਸ਼ਟਰਵਾਦ ਕਰਦਾ ਹੈ। ਮਿਆਂਮਾਰ (ਬਰਮਾ) ਵਿਚ ਅਰਾਕਾਨ ਵਾਦੀ (ਰਖਾਇਨ ਸੂਬੇ) ਵਿਚੋਂ ਰੋਹਿੰਗੀਆ ਮੁਸਲਮਾਨਾਂ ਨੂੰ ਉਜਾੜਨ ਲਈ ਫੈਲੀ ਹਿੰਸਾ ਕੋਈ ਰਾਤੋ-ਰਾਤ ਨਹੀਂ ਫੈਲ ਗਈ ਸਗੋਂ ਇਸ ਪਿੱਛੇ ਇੱਕ ਮਿਆਂਮਾਰੀ ਬੋਧੀ ਕੌਮ' ਸਿਰਜਣ ਦਾ ਰਾਸ਼ਟਰਵਾਦੀ ਸੰਕਲਪ ਲੰਮੇ ਸਮੇਂ ਤੋਂ ਕੰਮ ਕਰ ਰਿਹਾ ਹੈ। ਇਸ ਲੇਖ ਵਿੱਚ "ਰਾਸ਼ਟਰੀਅਤਾ ਕਾਨੂੰਨ" (Nationality Law) ਪਿਛੋਕੜ ਬਾਰੇ ਗੱਲ ਕਰਾਂਗੇ। ਇਹ ਰਾਸ਼ਟਰੀਅਤਾ ਕਾਨੂੰਨ, ਜਿਹੜਾ ਕਿ 1982 ਵਿੱਚ ਹੋਂਦ ਵਿੱਚ ਆਇਆ ਸੀ, ਰਾਸ਼ਟਰਵਾਦ ਦਾ ਬਹੁਤ ਕਰੂਪ ਪੇਸ਼ ਕਰਦਾ ਹੈ।

ਬਰਮਾ, ਜੋ ਕਿ 4 ਜਨਵਰੀ 1948 ਨੂੰ ਅੰਗਰੇਜ਼ਾਂ ਤੋਂ ਆਜ਼ਾਦ ਹੋਇਆ ਸੀ, ਵਿਖੇ ਬੁੱਧ ਧਰਮ ਅਤੇ ਬਰਮੀ ਭਾਸ਼ਾ ਦੀ ਮਹੱਤਤਾ ਨੂੰ ਜ਼ੋਰ ਦਿੱਤਾ ਜਾਂਦਾ ਰਿਹਾ ਹੈ। ਬਰਮੀ ਰਾਸ਼ਟਰਵਾਦ, ਜਿਸ ਨੂੰ ਬੋਧੀ ਰਾਸ਼ਟਰਵਾਦ ਵੀ ਕਿਹਾ ਜਾਂਦਾ ਹੈ, ਦੀ ਤਸਵੀਰ ਅੰਗਰੇਜ਼ਾਂ ਦੇ ਬਸਤੀਵਾਦੀ ਰਾਜ ਸਮੇਂ ਹੀ ਸਾਫ਼ ਹੋਣ ਲੱਗ ਗਈ ਸੀ ਅਤੇ ਇਹੀ ਰਾਸ਼ਟਰਵਾਦੀ ਭਾਵਨਾ ਅੰਗਰੇਜ਼ਾਂ ਤੋਂ ਬਰਮਾ ਦੀ ਆਜ਼ਾਦੀ ਲਹਿਰ ਦਾ ਸਿਧਾਂਤਕ ਆਧਾਰ ਮੰਨੀ ਜਾਂਦੀ ਹੈ। ਇਸ ਤਹਿਤ ਆਜ਼ਾਦੀ ਲਈ ਸੰਘਰਸ਼ ਦੇ ਦੌਰਾਨ "ਇੱਕ ਬਰਮੀ ਕੌਮ" ਦੀ ਸਥਾਪਨਾ ਅਤੇ "ਇੱਕ ਬਰਮੀ ਸਭਿਆਚਾਰ" ਨੂੰ ਵਿਕਸਿਤ ਕਰਨ 'ਤੇ ਜ਼ੋਰ ਦਿੱਤਾ ਗਿਆ।

ਦੂਜੀ ਸੰਸਾਰ ਜੰਗ ਸਮੇਂ ਬਸਤੀਵਾਦੀ ਅੰਗਰੇਜ਼ ਹਾਕਮਾਂ ਨੂੰ ਬਰਮਾ ਵਿੱਚੋਂ ਬਾਹਰ ਕੱਢਣ ਦੀ ਲਹਿਰ ਨੇ ਜ਼ੋਰ ਫੜ ਲਿਆ ਅਤੇ ਆਧੁਨਿਕ ਬਰਮਾ ਦੇ ਪਿਤਾਮਾ ਮੰਨੇ ਜਾਂਦੇ ਜਨਰਲ ਆਂਗ ਸੈਨ ਨੇ 1941 ਤੋਂ 1945 ਤੱਕ ਅੰਗਰੇਜ਼ਾਂ ਅਤੇ ਜਪਾਨੀਆਂ ਖਿਲਾਫ਼ ਜ਼ੋਰਦਾਰ ਵਿਦਰੋਹ ਖੜ੍ਹਾ ਕਰ ਦਿੱਤਾ। ਆਖ਼ਰ 1948 ਵਿੱਚ ਅੰਗਰੇਜ਼ਾਂ ਨੂੰ ਬਰਮਾ ਛੱਡ ਕੇ ਜਾਣਾ ਪਿਆ।

ਬਰਮਾ ਦੀ ਆਜ਼ਾਦੀ ਤੋਂ ਬਾਅਦ ਸਮਾਜਿਕ ਅਤੇ ਰਾਜਨੀਤਿਕ ਪ੍ਰਕਿਰਿਆਵਾਂ ਦੌਰਾਨ ਫੌਜਦਾਰੀ ਰਾਜਨੀਤਿਕ ਤਾਨਾਸ਼ਾਹੀ ਸ਼ਾਸਨ ਨੇ ਜਨਮ ਲੈ ਲਿਆ। ਇਹ ਤਾਨਾਸ਼ਾਹੀ ਸ਼ਾਸਨ ਨੇ ਬਰਮਾ ਦੇ ਲੋਕਾਂ ਨੂੰ ਕਾਬੂ ਵਿੱਚ ਰੱਖਣ ਲਈ ਜ਼ੁਲਮ ਅਤੇ ਹਿੰਸਾ ਦੀ ਵਰਤੋਂ ਵੀ ਕੀਤੀ ਅਤੇ ਬਰਮਾ ਦੀ ਸਮਾਜਿਕ ਅਤੇ ਆਰਥਿਕ ਜ਼ਿੰਦਗੀ ਦਾ ਨਵੇਂ ਢੰਗ ਨਾਲ ਵਿਕਾਸ ਕੀਤਾ। ਜਨਰਲ ਨੇਅ ਵਿਨ ਦੀ ਅਗਵਾਈ ਵਿੱਚ 1962 'ਚ ਆਏ ਰਾਜ ਪਲਟੇ ਤੋਂ ਬਾਅਦ ਇਹ ਤਾਨਾਸ਼ਾਹੀ ਸ਼ਾਸਨ ਸਿਰਫ਼ ਬਰਮਾ ਦੇ ਲੋਕਾਂ ਨੂੰ ਦਾਬਾਅ ਕੇ ਰੱਖਣ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਵਿਦੇਸ਼ੀਆਂ ਦੇ ਬਰਮਾ ਵਿੱਚ ਦਾਖ਼ਲ ਹੋਣ 'ਤੇ ਵੀ ਪਾਬੰਦੀ ਲਾ ਦਿੱਤੀ ਗਈ।

ਇੱਕ ਮਜ਼ਬੂਤ ਅਤੇ ਵੱਖਵਾਦੀ ਕੌਮੀ ਭਾਵਨਾ ਦੇ ਨਾਲ, ਨੇਅ ਵਿਨ ਅਤੇ ਉਸ ਦੇ ਸ਼ਾਸਨ ਨੇ ਸਮਾਜਵਾਦੀ ਅਤੇ ਇੱਕਲਤਾਵਾਦੀ (ਵੱਖਵਾਦੀ) ਪ੍ਰੋਗਰਾਮ' ਸ਼ੁਰੂ ਕੀਤਾ, ਜਿਸ ਤਹਿਤ ਸਾਰੀਆਂ ਵਿਦੇਸ਼ੀ ਕੰਪਨੀਆਂ ਨੂੰ ਬਰਮਾ ਤੋਂ ਬਾਹਰ ਕੱਢਿਆ ਗਿਆ, ਸਾਰੇ ਨਿੱਜੀ ਸਕੂਲਾਂ ਨੂੰ ਬੰਦ ਕਰ ਦਿੱਤਾ ਗਿਆ ਅਤੇ ਸਾਰੀਆਂ ਪ੍ਰਮੁੱਖ ਕੰਪਨੀਆਂ ਅਤੇ ਉਦਯੋਗਾਂ ਦਾ ਰਾਸ਼ਟਰੀਕਰਨ ਕਰ ਦਿੱਤਾ ਗਿਆ। ਫਿਰ ਇਸ ਬਰਮੀ ਰਾਸ਼ਟਰਵਾਦ 'ਤੇ ਅਧਾਰਤ ਦੇਸ਼ ਦੇ ਸਵੈ-ਚਿੱਤਰ ਨੂੰ ਲਗਾਤਾਰ ਸਰਕਾਰੀ ਸਿੱਖਿਆ ਦੁਆਰਾ ਪ੍ਰਚਾਰਿਆ ਗਿਆ ਅਤੇ ਆਜ਼ਾਦੀ ਤੋਂ ਬਾਅਦ ਸਰਕਾਰੀ ਪ੍ਰਕਾਸ਼ਨ ਸਮਗਰੀ ਰਾਹੀਂ ਰਾਸ਼ਟਰੀ ਏਕਤਾ' ਦਾ ਪਾਠ ਪੜ੍ਹਾਇਆ ਗਿਆ। ਇਸ ਪ੍ਰੋਗਰਾਮ ਦੇ ਤਹਿਤ ਉਹਨਾਂ ਵਰਗਾਂ, ਜਿਨ੍ਹਾਂ ਦਾ ਧਰਮ ਬੋਧੀ ਤੇ ਭਾਸ਼ਾ ਬਰਮੀ ਨਹੀਂ ਸੀ ਅਤੇ ਜਿਨ੍ਹਾਂ ਦੀ ਬਰਮਾ ਦੀ ਧਰਤੀ ਨਾਲ ਸਦੀਆਂ ਪੁਰਾਣੀ ਜਜ਼ਬਾਤੀ ਸਾਂਝ' ਨਹੀਂ ਸੀ, ਉਹਨਾਂ ਦੀ ਅਲੱਗ ਤੋਂ ਘੇਰਾਬੰਦੀ ਕਰਕੇ ਉਹਨਾਂ ਨੂੰ ਬਰਮੀ ਕੌਮ ਨਾਲੋਂ ਵੱਖ ਕਰ ਦੇਣ ਦਾ ਸਿਲਸਲਾ ਸ਼ੁਰੂ ਹੋਇਆ। ਇਸੇ ਅਮਲ ਨੇ ਮੌਜੂਦਾ ਸਮੇਂ ਬਰਮਾ ਵਿੱਚ ਘੱਟਗਿਣਤੀਆਂ ਖਿਲਾਫ ਹੋ ਰਹੇ ਨਸਲੀ ਵਿਤਕਰੇ ਅਤੇ ਘੱਟ ਗਿਣਤੀ ਮੁਸਲਿਮ ਧਰਮ ਦੇ ਖਿਲਾਫ਼ ਵਿਆਪਕ ਪੱਧਰ 'ਤੇ ਹੋ ਰਹੀ ਹਿੰਸਾ ਨੂੰ ਜਨਮ ਦਿੱਤਾ ਹੈ।

ਇਸ ਪ੍ਰੋਗਰਾਮ ਤਹਿਤ ਇੱਕ ਰਾਸ਼ਟਰਵਾਦੀ ਬਰਮੀ ਕੌਮ ਸਿਰਜਣ ਲਈ ਸੰਨ 1982 ਵਿੱਚ ਇੱਕ ਕਾਨੂੰਨ ਬਣਾਇਆ ਗਿਆ, ਜਿਸ ਦਾ ਨਾਮ ਰਾਸ਼ਟਰੀਅਤਾ ਕਾਨੂੰਨ (Nationality Law) ਦੋ ਭਾਗਾਂ ਵਿੱਚ ਵੰਡ ਦਿੱਤਾ ਗਿਆ- ਜਿਹੜੇ ਸੰਨ 1823 ਤੋਂ ਪਹਿਲਾਂ ਬਰਮਾ ਵਿੱਚ ਰਹਿੰਦੇ ਸਨ, ਉਹਨਾਂ ਨੂੰ ਬਰਮਾ ਦੇ ਮੂਲ ਵਾਸੀ (indigenous) ਮੰਨਿਆ ਗਿਆ ਅਤੇ ਦੂਜੇ ਜਿਹੜੇ ਸੰਨ 1824 ਵਿੱਚ ਬਰਮਾ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਤੋਂ ਬਾਅਦ ਬਰਮਾ ਵਿਚ ਆਣ ਵਸੇ ਸਨ; ਇਨ੍ਹਾਂ ਨੂੰ ਬਰਮਾ ਦੇ ਗੈਰ ਮੂਲ-ਵਾਸੀ (non- indigenous) ਮੰਨਿਆ ਗਿਆ। ਗੈਰ ਮੂਲ-ਵਾਸੀ ਕਹੇ ਜਾਂਦੇ ਲੋਕਾਂ ਨੂੰ ਬਰਮਾਂ ਵਿਚ ਅਧੂਰੀ ਨਾਗਰਿਤਾ ਹਾਸਲ ਹੈ। ਉਹ ਬਰਮਾ ਦੇ ਸਰਕਾਰੀ ਪ੍ਰਸ਼ਾਸਨ ਵਿੱਚ ਨੌਕਰੀ ਨਹੀਂ ਕਰ ਸਕਦੇ ਅਤੇ ਉਹਨਾਂ ਨੂੰ ਵਿਗਿਆਨ, ਇੰਜੀਨੀਅਰਿੰਗ ਅਤੇ ਡਾਕਟਰੀ ਸਿੱਖਿਆ ਹਾਸਲ ਉੱਤੇ ਵੀ ਰੋਕ ਹੈ।

ਬਰਮਾ ਸਰਕਾਰ ਵੱਲੋਂ "ਰਾਸ਼ਟਰੀਅਤਾ ਕਾਨੂੰਨ 1982" ਤਹਿਤ ਜਿਨ੍ਹਾਂ 135 ਨਸਲਾਂ ਨੂੰ ਮਾਨਤਾ ਦਿੱਤੀ ਗਈ ਸੀ ਉਸ ਸੂਚੀ ਵਿੱਚ ਰੋਹਿੰਗੀਆ ਮੁਸਲਮਾਨਾਂ ਨੂੰ ਸ਼ਾਮਲ ਨਹੀਂ ਸੀ ਕੀਤਾ ਗਿਆ।

ਬਰਮਾ/ਮਿਆਂਮਾਰ ਸਰਕਾਰ ਅਤੇ ਬਰਮੀ ਲੋਕ ਇਹਨਾਂ ਰੋਹਿੰਗੀਆ ਮੁਸਲਮਾਨਾਂ ਨੂੰ ਬੰਗਲਾਦੇਸ਼ ਤੋਂ ਆਏ ਸ਼ਰਨਾਰਥੀ ਮੰਨਦੇ ਹਨ ਪਰ ਰੋਹਿੰਗੀਆ ਮੁਸਲਮਾਨ ਰਖਾਇਨ ਸੂਬੇ 'ਚ ਆਪਣਾ ਪੁਰਾਣਾ ਇਤਿਹਾਸ ਹੋਣ ਦਾ ਦਾਅਵਾ ਕਰਦੇ ਹਨ।

ਇਤਿਹਾਸ ਵਿਚ ਰੋਹਿੰਗੀਆ ਮੁਸਲਮਾਨਾਂ ਦੇ ਉੱਥੇ 15ਵੀਂ ਅਤੇ 18ਵੀਂ ਸਦੀ ਤੋਂ ਰਹਿੰਦੇ ਹੋਣ ਦੇ ਸਬੂਤ ਮਿਲਦੇ ਹਨ। 15ਵੀਂ ਸਦੀ 'ਚ ਰਾਜਾ ਮਿਨ ਸ਼ਾਅ ਮੂਨ ਦੇ ਸਮੇਂ ਬੰਗਾਲ ਤੋਂ ਆ ਕੇ ਕਾਫ਼ੀ ਗਿਣਤੀ 'ਚ ਮੁਸਲਮਾਨ ਅਰਾਕਾਨ ਵਾਦੀ ਵਿੱਚ ਆਣ ਵਸੇ ਸਨ ਅਤੇ ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਬੰਗਾਲ ਦੇ ਮੁਸਲਮਾਨ ਫਿਰ ਉਸੇ ਥਾਂ ਜਾ ਵਸੇ ਸਨ। ਉਹਨਾਂ ਸਮਿਆਂ 'ਚ ਅਰਾਕਾਨ ਵਾਦੀ 'ਚ ਮੁਸਲਮਾਨਾਂ ਦੀ ਗਿਣਤੀ ਬੋਧੀਆਂ ਦੇ ਮੁਕਾਬਲੇ ਵੱਧ ਗਈ ਸੀ। ਸੰਨ 1823 ਤੋਂ ਪੁਰਾਣੇ ਇਤਿਹਾਸਕ ਪਿਛੋਕੜ ਦੇ ਬਾਵਜੂਦ ਵੀ ਰੋਹਿੰਗੀਆ ਮੁਸਲਮਾਨਾਂ ਨੂੰ ਗੈਰ-ਮੂਲਵਾਸੀ ਵਰਗ ਵਿੱਚ ਵੀ ਸ਼ਾਮਲ ਕਰ ਦਿੱਤਾ ਗਿਆ।

ਇਹ ਤੱਥ ਵੀ ਜ਼ਿਕਰਯੋਗ ਹੈ ਕਿ ਬਾਮਰ ਜਾਤੀ

ਬਾਕੀ ਸਫ਼ਾ 32 'ਤੇ

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ ਜਿਨ੍ਹਾ ਪਿਆਰੇ ਨੇਹ ॥

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ



ਬਾਬਾ ਸ਼ੇਖ ਫਰੀਦ ਉਦ-ਦੀਨ ਮਸੂਦ ਗੰਜ-ਏ-ਸ਼ੱਕਰ ਜੀ

ਗੁਰੂ ਪਿਆਰੀ ਸਾਧ ਸੰਗਤ ਜੀਓ,

ਆਪ ਸਭ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ (1173-1266 ਏ. ਡੀ.) ਜੀ ਦਾ ਆਗਮਨ ਪੁਰਬ **ਗੁਰਦੁਆਰਾ ਸਾਹਿਬ ਫਰੀਮਾਂਟ, 300 ਗੁਰਦੁਆਰਾ ਰੋਡ, ਫਰੀਮਾਂਟ ਕੈਲੀਫੋਰਨੀਆ 94536**, ਫੋਨ ਨੰਬਰ (510) 790-0177 ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ।

## ਪ੍ਰੋਗਰਾਮ ਦਾ ਵੇਰਵਾ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ** : 22 ਸਤੰਬਰ 2017 ਦਿਨ ਸ਼ੁੱਕਰਵਾਰ, ਸਵੇਰੇ 10:00 ਵਜੇ

**ਭੋਗ ਸ੍ਰੀ ਆਖੰਡ ਪਾਠ ਸਾਹਿਬ** : 24 ਸਤੰਬਰ 2017 ਦਿਨ ਐਤਵਾਰ, ਸਵੇਰੇ 10.00 ਵਜੇ

ਉਪਰੰਤ ਪੰਥ ਪ੍ਰਸਿਧ ਰਾਗੀ ਜਥਿਆਂ ਵਲੋਂ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ ਜਾਵੇਗਾ।

## ਪਹੁੰਚ ਰਹੇ ਕੀਰਤਨੀ ਅਤੇ ਢਾਡੀ ਜਥੇ

*ਕੀਰਤਨੀ ਜੱਥਾ ਭਾਈ ਨਾਇਬ ਸਿੰਘ ਨਿਮਾਣਾ, ਬਾਬਾ ਫਰੀਦ ਸੰਗੀਤ ਅਕੈਡਮੀ, ਰਿਵਰਸਾਈਡ, ਐਲ ਏ ਵਾਲੇ, ਕੀਰਤਨੀ ਜੱਥਾ ਭਾਈ ਗੁਰਪ੍ਰੀਤ ਸਿੰਘ, ਬਠਿੰਡੇ ਵਾਲੇ, ਕਥਾਵਾਚਕ ਭਾਈ ਗੁਰਭੇਜ ਸਿੰਘ ਖਾਲਸਾ ਅਤੇ ਢਾਡੀ ਜੱਥਾ ਭਾਈ ਕੇਵਲ ਸਿੰਘ ਕੋਮਲ ਸੰਗਤਾਂ ਨੂੰ ਅੰਮ੍ਰਿਤਮਈ ਗੁਰਬਾਣੀ, ਗੁਰਬਾਣੀ ਵੀਚਾਰ ਅਤੇ ਗੁਰ ਇਤਿਹਾਸ ਸਰਵਣ ਕਰਵਾਉਣਗੇ।*

ਵਧੇਰੇ ਜਾਣਕਾਰੀ ਲੈਣ ਲਈ ਸੰਪਰਕ ਕਰੋ : ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ 408-368-2143, ਸਤਪਾਲ ਸਿੰਘ ਢਿੱਲਵਾਂ ਕਲਾਂ 510-952-6702 ਤਰਸੇਮ ਭਲਵਾਨ ਫਰੀਦਕੋਟ 510-258-9266, ਜਸਵੀਰ ਸਿੰਘ ਫਰੀਦਕੋਟ 510-303-8789 ਅਤੇ ਕਮਲ ਸਿੱਧੂ ਦੌਧਰ 510-717-9555

**ਵਲੋਂ : ਫਰੀਦਕੋਟ ਇਲਾਕਾ ਨਿਵਾਸੀ ਅਤੇ ਸਮੂਹ ਸਾਧ ਸੰਗਤ**

ਵੈਬਸਾਈਟ www.babafarid.net



# ਬਾਬਾ ਫਰੀਦ ਜੀ ਦੇ ਆਗਮਨ ਪੁਰਬ ਲਈ ਸੰਗਤਾਂ ਦੇ ਮਿਲ ਰਹੇ ਸਹਿਯੋਗ ਲਈ ਧੰਨਵਾਦ



# ਹੋਮਿਓਪੈਥੀ

ਕੁਦਰਤੀ, ਸੁੱਰਖਿਅਤ ਅਤੇ ਅਸਰਦਾਇਕ

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



ਬਾਬਾ ਸ਼ੇਖ ਫਰੀਦ ਉਦ-ਦੀਨ ਮਸੂਦ ਗੰਜ-ਏ-ਸ਼ੱਕਰ ਜੀ



**Harminder S Gill**
D.H.M.S.
Ex.Homeopathic Medical Officer Punjab Govt.

I offer homeopathic consultancy services pursuant to California SB-577 and sections 2053.5 and 2053.6 of California's Business and Professionals Code relating to health and medical practices.

ਤੁਸੀਂ ਸਾਡੀ ਦੂਜੀ ਲੋਕੇਸ਼ਨ 39210 State Street Suite 111, Fremont, CA 94538 ਵਿਖੇ ਵੀ ਸੇਵਾਵਾਂ ਲੈ ਸਕਦੇ ਹੋ।

**Homeopathic Vibes ਹੋਮਿਓਪੈਥਿਕ ਵਾਈਬਜ਼**

940, E. El Camino Real, Sunnyvale, CA 94087 Tel : (408) 737-7100

www.homeopathicvibes.com J info@homeopathicvibes.com

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ

# ਇੰਟਰਨੈਸ਼ਨਲ ਕਬੱਡੀ ਕੱਪ 2017



## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ

**Sikh Temple, 7676 Bradshaw Road, Sacramento, 95829**

**ਦੀਆਂ ਖੇਡ ਗਰਾਊਂਡਾਂ ਵਿਚ**

## 1 ਅਕਤੂਬਰ ਦਿਨ ਐਤਵਾਰ



**ਵਾਲੀਬਾਲ ਦੇ ਮੁਕਾਬਲੇ ਹੋਣਗੇ**



ਹੋਰ ਜਾਣਕਾਰੀ ਲਈ ਹੈਪੀ ਔਲਖ - 510-377-8306, ਪਰਮਜੀਤ ਲਾਡਾ -916-919-2769 ਅਤੇ ਗੁਰਨਾਮ ਸਿੰਘ ਗਰੇਵਾਲ - 916-275-8936 ਨੂੰ ਕਾਲ ਕਰੋ।

ਵਾਲੀਬਾਲ ਦਾ ਇਨਾਮ ਲੱਕੀ ਸਹੋਤਾ ਅਤੇ ਭਿੰਦਾ ਸੰਘੇੜਾ ਵੱਲੋਂ ਦਿੱਤਾ ਜਾਵੇਗਾ।

**ਬਾਸਕਟਬਾਲ ਦੇ ਮੁਕਾਬਲੇ ਹੋਣਗੇ**



ਹੋਰ ਜਾਣਕਾਰੀ ਲਈ ਪਾਲ ਵਰਿਆਨਾ -916-606-0142, ਹਰਦੀਪ ਢੀਂਡਸਾ-916-612-9262, ਮੱਖਣ ਵਿਰਕ - 916-996-5573 ਨੂੰ ਕਾਲ ਕਰੋ।

ਟੂਰਨਾਮੈਂਟ ਲਈ ਰੈਫਰੀ ਟੋਰਾਂਟੋ ’ਤੋਂ ਵਿਸ਼ੇਸ਼ ਤੌਰ ’ਤੇ ਬੁਲਾਏ ਗਏ ਹਨ।

ਕਬੱਡੀ ਦੇ ਬੈਸਟ ਸਟਾਪਰ ਅਤੇ ਰੇਡਰ ਨੂੰ ਸਰਦੂਲ ਢਿੱਲੋਂ ਅਤੇ ਹਰਜੀਤ ਸਵੈਚ ਵੱਲੋਂ ਸਨਮਾਨਿਤ ਕੀਤਾ ਜਾਵੇਗਾ।

**ਪਹਿਲਾ ਇਨਾਮ :$15000**
**ਚੜ੍ਹਦਾ ਪੰਜਾਬ ਕਲੱਬ, ਸੈਕਰਾਮੈਂਟੋ**



**ਦੂਸਰਾ ਇਨਾਮ :$14000**
**ਸੈਂਟਰ ਵੈਲੀ ਸਪੋਰਟਸ ਕਲੱਬ, ਮੋਡੇਸਟੋ।**



**ਸਹਿਯੋਗੀ ਕਲੱਬ**
- ਬੇਏਰੀਆ ਸਪੋਰਟਸ ਕਲੱਬ
- ਫਤਿਹ ਸਪੋਰਟਸ ਕਲੱਬ
- ਫਰਿਜ਼ਨੋ ਸਪੋਰਟਸ ਕਲੱਬ
- ਬਾਬਾ ਦੀਪ ਸਿੰਘ ਸਪੋਰਟਸ ਕਲੱਬ

**ਤੀਸਰਾ ਇਨਾਮ : $11000**
**Santa Rosa Brothers**



**ਚੌਥਾ ਇਨਾਮ: $10000**



Dalvir Singh Gill · Balraj Singh Dhillon · Balvir Singh Sohal · Gurmej Singh Gill · Sabhi Hayer

» ਸਕਿਉਰਿਟੀ ਪੁਲਿਸ ਦਾ ਖਾਸ ਪ੍ਰਬੰਧ ਹੋਵੇਗਾ।

**ਅੰਡਰ 25**
**ਪਹਿਲਾ ਇਨਾਮ $3100**
**ਰਾਜ ਬਰਾੜ**

**ਦੂਸਰਾ ਇਨਾਮ $2100**

CHICAGO'S PIZZA With A Twist
Home of the Authentic Indian Pizza

ਸਮੂਹ ਭਾਈਚਾਰੇ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋ ਰਹੇ ਖੇਡ ਮੇਲੇ ਦੌਰਾਨ ਕੋਈ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖ਼ਤ ਮਨ੍ਹਾ ਹੈ।

ਬੀਬੀਆਂ ਦੇ ਬੈਠਣ ਦਾ ਪ੍ਰਬੰਧ ਅਲੱਗ ਹੋਵੇਗਾ।

**ਕੁਮੈਂਟਰੀ**



ਆਸ਼ਾ ਸ਼ਰਮਾ · ਰਾਜਵਿੰਦਰ ਸਿੰਘ ਰੰਡਿਆਲਾ · ਇਕਬਾਲ ਗਾਲਿਬ · ਸੁਖਵਿੰਦਰ ਸੰਘੇੜਾ · ਮੱਖਣ ਅਲੀ · ਸੁਰਜੀਤ ਕਕਰਾਲੀ

Live Kabaddi.com ਅਤੇ ALFA ETC Dish Channel 735 ’ਤੇ ਕਬੱਡੀ ਦਾ ਸਿੱਧਾ ਪ੍ਰਸਾਰਨ ਹੋਵੇਗਾ।

ਇਸ ਖੇਡ ਮੇਲੇ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਇਹ ਟੂਰਨਾਮੈਂਟ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਦੇ ਸਹਿਯੋਗ ਨਾਲ ਹੋਵੇਗਾ ਅਤੇ ਫੈਡਰੇਸ਼ਨ ਦੇ ਸਾਰੇ ਰੂਲ ਲਾਗੂ ਹੋਣਗੇ।

**ਜਾਰੀ ਕਰਤਾ**

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ

**Sikh Temple, 7676 Bradshaw Road, Sacramento, 95829**

ਪ੍ਰਗਟ ਸਿੰਘ ਸੰਧੂ : 209-810-5667, ਗੁਰਮੀਤ ਸਿੰਘ ਵੜੈਚ : 916-240-0369, ਨਿੰਦੀ ਬਾਂਦੀ : 916-813-1442, ਧੀਰਾ ਨਿੱਝਰ : 916-416-9527


ਬਾਣੀ ਗੁਰੂ ਗੁਰੂ ਹੈ ਬਾਣੀ
ਸ੍ਰੀ ਗੁਰੂ ਅੰਗਦ ਦੇਵ ਜੀ,
ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ
ਗੁਰਤਾ ਗੱਦੀ ਦਿਵਸ ਨੂੰ ਸਮਰਪਿਤ
ਵਿਸ਼ੇਸ਼ ਗੁਰਮਤਿ ਸਮਾਗਮ
ਗੁਰਦੁਆਰਾ ਸਾਹਿਬ, ਫਰੀਮੌਂਟ ਵਿਖੇ
ਰੋਜ਼ਾਨਾ 27 ਤੋਂ 30 ਸਤੰਬਰ
ਸ਼ਾਮ 6:30 ਤੋਂ 9:30 ਵਜੇ
ਰਾਤ ਤੱਕ
ਕਥਾ ਵਾਚਕ
ਭਾਈ ਗੁਰਭੇਜ ਸਿੰਘ ਜੀ
ਰਾਗੀ ਜਥਾ
ਭਾਈ ਗੁਰਪ੍ਰੀਤ ਸਿੰਘ ਜੀ
ਬਠਿੰਡੇ ਵਾਲੇ
ਰਾਗੀ ਜਥਾ
ਭਾਈ ਇੰਦਰਜੀਤ ਸਿੰਘ ਜੀ
ਖ਼ਾਲਸਾ
ਸਮੂਹ ਸੰਗਤਾਂ ਨੂੰ ਗੁਰਬਾਣੀ ਕਥਾ ਅਤੇ ਕੀਰਤਨ ਦਾ ਲਾਹਾ ਲੈਣ ਲਈ, ਹੁੰਮ-ਹੁੰਮਾਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਕਰੋ
510.790.0177


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


NOW OPEN IN MODESTO/CERES
PANNU'S
LEGAL SERVICES (Regd. & Bonded)
G.S. Pannu
Immigration Consultant-LDA
510.677.5200
IMMIGRATION
ivisapass@gmail.com
• Family Petitions (Husband, Wife, Brother, Sister, Mother, Father, Son, Daughter)
• Green Card
• Citizenship
• Affidavit of Support
• Political Asylum
• Visas From India
• Tourist • Business • H1B
• Student • Relegious
... & related matters
Family Petitions
FREE
DIVORCE
• Petitions
• Child Support
• Child Visitation
• Child Custody
• Modification
...& related matters
LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
RADIO GAL PUNJAB DI USA
ਰੇਡੀਓ
Download on the App Store
ANDROID APP ON Google Play
Live on Facebook
Video on YouTube
www.radiogalpunjabdiusa.com
POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation
FREMONT
40757 GRIMMER BLVD, CA 94538
MODESTO/CERES
3810 EAU CLAIRE AVE, CA 95307

# 13ਵੇਂ ਵਿਸ਼ਵ ਕਬੱਡੀ ਕੱਪ ’ਚ ਬੇਏਰੀਆ ਸਪੋਰਟਸ ਕਲੱਬ ਦੀ ਝੰਡੀ

## ਯੁਨਾਈਟਡ ਸਪੋਰਟਸ ਕਲੱਬ ਨੂੰ ਦੂਜੇ ਸਥਾਨ ਉੱਤੇ ਕਰਨਾ ਪਿਆ ਸਬਰ

### *ਦਰਸ਼ਕਾਂ ਦੀ ਵੱਡੀ ਹਾਜ਼ਰੀ ਕੱਬਡੀ ਕੱਪ ਦੀ ਸਫਲਤਾ ਦਾ ਰਾਜ਼ : ਅਮੋਲਕ ਸਿੰਘ ਗਾਖਲ*



ਟੂਰਨਾਮੈਂਟ ਦਾ ਉਦਘਾਟਨ ਕਰਦੇ ਹੋਏ ਸੁਰਜੀਤ ਸਿੰਘ ਟੁੱਟ ਤੇ ਸੇਵਾ ਸਿੰਘ ਰੰਧਾਵਾ, ਨਾਲ ਹਨ ਸੁਰਿੰਦਰ ਸਿੰਘ ਅਟਵਾਲ ਤੇ ਸਾਧੂ ਸਿੰਘ ਖਲੌਰ।



13ਵਾਂ ਵਿਸ਼ਵ ਕੱਪ ਜਿੱਤਣ ਵਾਲੀ ਬੇ ਏਰੀਆ ਸਪੋਰਟਸ ਕਲੱਬ ਦੀ ਟੀਮ ਯੂਨਾਈਟਡ ਸਪੋਰਟਸ ਕਲੱਬ ਦੇ ਅਹੁਦੇਦਾਰਾਂ ਨਾਲ।



ਅੰਡਰ-25 ’ਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਫਤਿਹ ਸਪੋਰਟਸ ਕਲੱਬ ਟਰਲੱਕ ਦੀ ਟੀਮ ਕੋਚ ਜੰਟੀ ਅਤੇ ਆਪਣਾ ਪੰਜਾਬ ਤੇ ਨੌਰਦਰਨ ਕੈਲੇਫੋਰਨੀਆਂ ਕਲੱਬ ਦੇ ਅਹੁਦੇਦਾਰਾਂ ਨਾਲ।



ਕਬੱਡੀ ਦਾ ਆਨੰਦ ਲੈਂਦੇ ਹੋਏ ਬਜ਼ੁਰਗ।



ਆਹ ਆ ਕਬੱਡੀ ਦਾ ਜ਼ੋਰ, ਕਬੱਡੀ ਦੇ ਦੋ ਧੁਨੰਤਰ ਜ਼ੋਰ ਅਜਮਾਇਸ਼ ਕਰਦੇ ਹੋਏ।



ਕਬੱਡੀ ਕੱਪ ਦੀ ਸ਼ਾਨ ਬਣਨ ਵਾਲਾ ਚਾਵੇਜ਼ ਹੈਰੋ ਜਿਸ ਨੇ ਵਿਸ਼ਵ ਕੱਪ ਵਿਚ ਸਿਰਫ ਇਕ ਹੀ ਜੱਫਾ ਖਾਧਾ, ਅਮੋਲਕ ਸਿੰਘ ਗਾਖਲ ਨਾਲ।

**ਯੂਨੀਅਨ ਸਿਟੀ/ਬਿਊਰੋ ਨਿਊਜ਼:**

ਯੂਨਾਈਟਿਡ ਸਪੋਰਟਸ ਕਲੱਬ ਅਮਰੀਕਾ ਵਲੋਂ ਉੱਘੇ ਕਬੱਡੀ ਪ੍ਰੇਮੀ ਅਮੋਲਕ ਸਿੰਘ ਗਾਖਲ ਦੀ ਸਰਪ੍ਰਸਤੀ ਹੇਠ ਇੱਥੇ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ ’ਚ ਕਰਵਾਏ ਗਏ 13ਵੇਂ ਵਿਸ਼ਵ ਕਬੱਡੀ ਕੱਪ ਦਾ ਵੱਕਾਰੀ ਤੇ ਦਿਲਕਸ਼ ਸੁਨਹਿਰੀ ਕੱਪ ਇਸ ਵਾਰ ਬੇਏਰੀਆ ਸਪੋਰਟਸ ਕਲੱਬ ਦੇ ਬਲਜੀਤ ਸੰਧੂ ਦੀ ਝੋਲੀ ਪਿਆ ਜਦੋਂਕਿ ਯੁਨਾਈਟਡ ਸਪੋਰਟਸ ਕਲੱਬ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ।

ਗੁਰੂਘਰ ਫਰੀਮਾਂਟ ਦੇ ਗ੍ਰੰਥੀ ਸਿੰਘ ਵਲੋਂ ਖੇਡ ਮੇਲੇ ਦੀ ਨਿਰਵਿਘਨ ਸਮਾਪਤੀ ਵਾਸਤੇ ਅਰਦਾਸ ਕਰਨ ਉਪਰੰਤ ਇਸ ਦਾ ਉਦਘਾਟਨ ਕਬੱਡੀ ਨੂੰ ਸਮਰਪਿਤ ਟੁੱਟ ਭਰਾਵਾਂ ’ਚੋਂ ਉੱਘੇ ਕਾਰੋਬਾਰੀ ਸੁਰਜੀਤ ਸਿੰਘ ਟੁੱਟ ਅਤੇ ਕਬੱਡੀ ਦੀ ਜਿੰਦ ਜਾਨ ਰਹੇ ਸੇਵਾ ਸਿੰਘ ਰੰਧਾਵਾ ਨੇ ਸਾਂਝੇ ਰੂਪ ਵਿਚ ਕੀਤਾ। ਜਦੋਂਕਿ ਮੁੱਖ ਮਹਿਮਾਨ ਵਜੋਂ ਮਿਸੀਸਿੱਪੀ ਤੋਂ ਸ. ਮੱਖਣ ਸਿੰਘ ਧਾਲੀਵਾਲ ਨੇ ਪੂਰੇ ਖੇਡ ਮੇਲੇ ਵਿਚ ਆਪਣੀ ਸਾਰੀ ਸਰਗਰਮੀ ਨੂੰ ਖਿਡਾਰੀਆਂ ਦੇ ਅੰਗ ਸੰਗ ਰੱਖਿਆ।

ਤਕਰੀਬਨ ਦੁਪਿਹਰ 12:00 ਵਜੇ ਕਬੱਡੀ ਕੱਪ ਦੀ ਸ਼ੁਰੂਆਤ ਹੋਣ ਤੋਂ ਸੂਰਜ ਛਿਪਣ ਤੱਕ ਕਰੀਬ 10 ਹਜ਼ਾਰ ਦਰਸ਼ਕਾਂ ਨੇ ਇਸ ਵਿਸ਼ਵ ਕਬੱਡੀ ਕੱਪ ਦੇ ਹਰ ਪਲ ਨੂੰ ਸਾਹ ਰੋਕ ਕੇ ਮਾਣਿਆ ਅਤੇ ਇਸ ਮੌਕੇ ਸਿਰਜੇ ਗਏ ਕਬੱਡੀ ਦੇ ਇਤਿਹਾਸ ਦਾ ਆਪਣੇ ਆਪ ਨੂੰ ਹਿੱਸਾ ਬਣਾਇਆ।

ਓਪਨ ਵਰਗ ਵਿਚ ਕੁੱਲ ਪੰਜ ਸਖਤ ਮੁਕਾਬਲੇ ਵੇਖਣ ਨੂੰ ਮਿਲੇ ਤੇ ਹਰ ਮੈਚ ਹੀ ਇਉਂ ਲੱਗ ਰਿਹਾ ਸੀ ਜਿਵੇਂ ਕਬੱਡੀ ਫਾਈਨਲ ਘੋਲ ਹੋ ਰਿਹਾ ਹੋਵੇ। ਪਾਲਾ ਜਲਾਲਪੁਰੀਆ, ਸੰਦੀਪ ਸੁਰਖਪੁਰੀਆ, ਹੈਰੋ, ਅਰਸ਼ੀ, ਸੁਲਤਾਨ, ਖੁਸ਼ੀ ਦੁੱਗਾਂ ਵਰਗੇ ਸਟਾਰ ਖਿਡਾਰੀਆਂ ਦੇ ਕਬੱਡੀ ਪ੍ਰਦਰਸ਼ਨ ਤੇ ਪਹਿਲੇ ਮੈਚ ਤੋਂ ਹੀ ਸੌ ਸੌ ਡਾਲਰ ਦੇ ਇਨਾਮ ਰੇਡਾਂ ਤੇ ਜੱਫਿਆਂ ਲਈ ਲੱਗਦੇ ਰਹੇ। ਸੈਮੀਫਾਈਨਲ ਮੈਚ ਬੇਏਰੀਆ ਸਪੋਰਟਸ ਕਲੱਬ ਅਤੇ ਪੰਜਾਬ ਸਪੋਰਟਸ ਕਲੱਬ ਦਰਮਿਆਨ ਅਤੇ ਦੂਜਾ ਸੈਮੀਫਾਈਨਲ ਯੂਨਾਈਟਸ ਸਪੋਰਟਸ ਕਲੱਬ ਅਤੇ ਬਾਬਾ ਸੇਵਾ ਦਾਸ ਸਪੋਰਟਸ ਕਲੱਬ ਨੌਰਥ ਕੈਰੋਲੀਨਾ ਦਰਮਿਆਨ ਖੇਡਿਆ ਗਿਆ। ਫਾਈਨਲ ਵਿਚ ਪੁੱਜੇ ਕਲੱਬਾਂ ਯੁਨਾਈਟਡ ਸਪੋਰਟਸ ਕਲੱਬ ਅਤੇ ਬੇਏਰੀਆ ਸਪੋਰਟਸ ਕਲੱਬ ਦਾ ਆਖਰੀ ਮੈਚ ਕਬੱਡੀ ਦੇ ਹੁਣ ਤੱਕ ਦੇ ਇਤਿਹਾਸ ਵਿਚ ਸਭ ਤੋਂ ਨਿਵੇਕਲਾ ਇਸ ਕਰਕੇ ਲੱਗ ਰਿਹਾ ਸੀ ਕਿਉਂਕਿ ਇਸ ਨੂੰ ਵੇਖ ਕੇ ਬਲਵਿੰਦਰ ਫਿੱਡਾ ਅਤੇ ਹਰਜੀਤ ਬਾਜਾਖਾਨੇ ਦੇ ਦਿਨ ਯਾਦ ਆ ਰਹੇ ਸਨ। ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਲਈ ਮੈਚ ਦੌਰਾਨ ਲਗਾਤਾਰ ਹੁੰਦੇ ਐਲਾਨਾਂ ਦੀ ਇਕ ਝਲਕ :

*ਪੰਜਾਹ ਡਾਲਰ ਹਰ ਸਟਾਪ ਲਈ..... ਸੰਦੀਪ ਲਈ ਸੌ..... ਸੁਲਤਾਨ ਦੇ ਤਿੰਨ ਜੱਫਿਆਂ ਲਈ ਦੋ ਸੌ..... ਹੈਰੋ ਲਈ ਸੌ.....ਐਧਰੋਂ ਵੀ ਹੈਰੋ ਲਈ ਸੌ.....ਪਾਲੇ ਲਈ ਪੰਜਾਹ.....ਸੌ ਹੋਰ..... ਐਧਰੋਂ ਵੀ ਸੌ.....ਜਿਹੜਾ ਹੈਰੋ ਨੂੰ ਕਾਬੂ ਕਰੇ ਉਹਨੂੰ ਵੀ ਸੌ.....*

ਕਬੱਡੀ ਕੱਪ ਦਾ ਇਹ ਵੀ ਇਤਿਹਾਸਕ ਪਲ ਸੀ ਕਿ ਹੈਰੋ ਨੂੰ ਸਾਰੇ ਕਬੱਡੀ ਕੱਪ ’ਚ ਸਿਰਫ ਇਕ ਹੀ ਜੱਫਾ ਲੱਗ ਸਕਿਆ ਅਤੇ ਲੋਕ ਪੁੱਛਦੇ ਰਹੇ ਕਿ ਕਬੱਡੀ ਦਾ ਧਨੰਤਰ ਕਾਲਾ ਡੌਂਟੇ ਕਿਉਂ ਨਹੀਂ ਆਇਆ ?

ਅੰਡਰ-25 ਮੁਕਾਬਲਿਆਂ ਵਿਚ ਫਤਿਹ ਸਪੋਰਟਸ ਕਲੱਬ, ਯੁਨਾਈਟਡ ਸਪੋਰਟਸ ਕਲੱਬ, ਕਿੰਗ ਸਪੋਰਟਸ ਕਲੱਬ ਅਤੇ ਦਸਮੇਸ਼ ਸਪੋਰਟਸ ਕਲੱਬ ਦੀਆਂ ਟੀਮਾਂ ਨੇ ਨੌਜਵਾਨ ਪੀੜ੍ਹੀ ਅੰਦਰ ਕਬੱਡੀ ਪ੍ਰਤੀ ਵਧ ਰਹੀ ਰੁਚੀ ਨੂੰ ਫਸਵੇਂ ਮੁਕਾਬਲਿਆਂ ਵਿਚ ਬਾਖੂਬੀ ਪੇਸ਼ ਕੀਤਾ।

**ਬਾਕੀ ਸਫ਼ਾ 31 ’ਤੇ**















## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Love's Travel Stops & Country Stores



Follow us on:

Toll Free 1-866-FOR-RAJA
www.rajasweets.com
msbains@rajasweets.com

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.



# ਟਰੱਕਿੰਗ ਕੰਪਨੀਆਂ ਦੀਆਂ ਮੁਸ਼ਕਲਾਂ ਦਾ ਹੱਲ, ਹੁਣ ਬਹੁਤ ਹੀ ਆਸਾਨ

## ਅਸੀਂ ਤੁਹਾਨੂੰ ਦੇਵਾਂਗੇ, ਹਰ ਮੁਸ਼ਕਲ ਦਾ ਆਸਾਨ ਤਰੀਕਾ

ਹੁਣ ਤੁਹਾਨੂੰ DOT ਅਤੇ IFTA ਆਦਿ ਦੇ ਆਡਿਟ ਤੋਂ ਡਰਨ ਦੀ ਲੋੜ ਨਹੀਂ

- Paperless Trucking
- Driver Hiring
- Driver Application
- Maintainance Record
- Accident Record
- Drug Test Record etc

**Coming Soon**
E Logbook, Dispatch, Billing, Payroll, Vehicle Tracking, GPS, Automatic IFTA Report, Digital Logbook

**Global Solution for Transportation**
**DBA E Trucking Solution**

12 ਸਾਲ ਲਾਈਸੈਂਸ ਪਲੇਟਸ ਅਤੇ ਟਰੱਕ ਪਰਮਿਟ ਆਦਿ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਤੋਂ ਬਾਅਦ ਹੁਣ ਅਸੀਂ ਤੁਹਾਡੀ ਮਦਦ ਕਰਾਂਗੇ, ਚਿੰਤਾ ਮੁਕਤ ਕੰਪਨੀ ਚਲਾਉਣ ਵਿਚ।


Rajinder Singh Tanda


Lakhvir Singh

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
1-800-936-4011, 209-636-0880
Fax : 209-636-0850
Email : etrucking@etruckingsolution.com




$20 Off For
Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT
$259*
REGULAR RETAIL $324
ROADMASTER TIRES
ENGINEERED BY COOPERTIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR
MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# Yuba City Nagar Kiratan

## ਯੂਬਾ ਸਿਟੀ ਨਗਰ ਕੀਰਤਨ

# ਸਾਲਾਨਾ ਸੋਵੀਨਰ Annual (Souvenir)

## (5th Nov. 2017)

## "ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਮਹਾਨ ਨਗਰ ਕੀਰਤਨ ਅਯੋਜਿਤ ਕਰਨ ਅਤੇ ਸਰਬੱਤ ਦੇ ਭਲੇ ਦੇ ਸੰਦੇਸ਼ ਨੂੰ ਪਹੁੰਚਾਉਣ ਲਈ ਸਿੱਖ ਸੰਗਤ ਪ੍ਰਨਾਈ ਹੋਈ ਹੈ। ਯੂਬਾ ਸਿਟੀ ਨਗਰ ਕੀਰਤਨ ਪ੍ਰਤੀ ਦੁਨੀਆਂ ਭਰ ਦੇ ਸਿੱਖਾਂ ਵਿਚ ਅਥਾਹ ਸ਼ਰਧਾ ਅਤੇ ਉਤਸ਼ਾਹ ਬਣਿਆ ਹੋਇਆ ਹੈ।

ਸਮੁੱਚੇ ਸਿੱਖ ਪੰਥ ਵਲੋਂ ਯੂਬਾ ਸਿਟੀ, ਕੈਲੀਫੋਰਨੀਆਂ ਵਿੱਚ ਹਰ ਸਾਲ ਕਰਵਾਏ ਜਾਂਦੇ ਸਿੱਖ ਸਮਾਗਮਾਂ ਤੇ ਸਜਾਏ ਜਾਂਦੇ ਵਿਸ਼ਾਲ ਨਗਰ ਕੀਰਤਨ ਨੂੰ ਮੁੱਖ ਰੱਖਦਿਆਂ ਐਤਕਾਂ ਵਿਸ਼ੇਸ ਸੋਵੀਨਰ ਕੱਢਿਆ ਜਾ ਰਿਹਾ ਹੈ ਜਿਸ ਵਿੱਚ ਨਗਰ ਕੀਰਤਨ ਤੇ ਸਿੱਖ ਇਤਿਹਾਸ, ਸਿੱਖ ਵਿਦਵਾਨਾਂ ਦੇ ਵੱਡਮੁਲੇ ਲੇਖ ਤੇ ਅਮਰੀਕਨ ਸਿੱਖ ਭਾਈਚਾਰੇ ਦੀਆਂ ਆਪਣੀ ਦਿੱਖ ਦਾ ਪ੍ਰਭਾਵ ਦੇਣ ਲਈ ਕੀਤੀਆਂ ਸਰਗਰਮੀਆਂ ਦੇ ਉਲੇਖ ਹੋਣਗੇ।

* ਸਮੁੱਚੇ ਭਾਈਚਾਰੇ ਦੇ ਵਿਦਵਾਨ ਲੇਖਕਾਂ ਨੂੰ ਇਸਦਾ ਹਿੱਸਾ ਬਣਨ ਲਈ ਬੇਨਤੀ ਹੈ।
* ਸਾਰੇ ਬਿਜ਼ਨਸਮੈਨਾਂ ਨੂੰ ਬੇਨਤੀ ਹੈ ਕਿ ਆਪਣੇ ਬਿਜ਼ਨਸ ਨੂੰ ਇਸ ਸੋਵੀਨਾਰ ਦਾ ਹਿੱਸਾ ਬਣਾਉਣ ਲਈ ਇਸ਼ਤਿਹਾਰਾਂ ਰਾਹੀਂ ਇਸ ਇਤਿਹਾਸਕ ਕਾਰਜ ਵਿਚ ਯੋਗਦਾਨ ਪਾਉਣ।
* ਇਹ ਸੋਵੀਨਰ ਨਿਰਪੱਖ ਹੋਵੇਗਾ ਤੇ ਕਿਸੇ ਧੜ੍ਹੇ ਜਾਂ ਕਿਸੇ ਪਾਰਟੀ ਦਾ ਹਿੱਸਾ ਨਹੀਂ ਹੋਵੇਗਾ।



ਸੋਵੀਨਰ ਪ੍ਰਤੀ ਹੋਰ ਜਾਣਕਾਰੀ ਲੈਣ ਲਈ, ਲੇਖ ਭੇਜਣ ਤੇ ਆਪਣੇ ਬਿਜਨਸ ਦਾ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

**(916) 308-7997**

6624 Florin Road, Sacramento CA 95828
Email: apnanews@gmail.com



-ਹੁਸਨ ਲੜੋਆ ਬੰਗਾ (ਪੱਤਰਕਾਰ)

# ਅਸਫਲ ਯੋਜਨਾਵਾਂ ਦੀ ਸਫਲ ਸਰਕਾਰ - *ਅਬ ਕੀ ਬਾਰ ਇਵੈਂਟ ਸਰਕਾਰ*

**ਰਵੀਸ਼ ਕੁਮਾਰ**

2022 ਵਿਚ ਬੁਲੇਟ ਟਰੇਨ ਦੀ ਆਮਦ ਨੂੰ ਲੈ ਕੇ ਉਮੀਦਵਾਦ ਦੇ ਸੰਚਾਰ ਵਿਚ ਬੁਰਾਈ ਨਹੀਂ ਹੈ। ਨਤੀਜਾ ਪਤਾ ਹੈ ਫਿਰ ਵੀ ਉਮੀਦ ਹੈ ਤਾਂ ਇਹ ਚੰਗੀ ਗੱਲ ਹੈ। ਮੋਦੀ ਸਰਕਾਰ ਨੇ ਸਾਨੂੰ ਅਣਗਿਣਤ ਇਵੈਂਟ ਦਿੱਤੇ ਹਨ। ਜਦੋਂ ਤੱਕ ਕੋਈ ਇਵੈਂਟ ਯਾਦ ਆਉਂਦਾ ਹੈ ਕਿ 'ਅਰੇ ਹਾਂ, ਉਹ ਵੀ ਤਾਂ ਸੀ, ਉਸ ਦਾ ਕੀ ਬਣਿਆ', ਉਦੋਂ ਤਕ ਨਵਾਂ ਇਵੈਂਟ ਆ ਜਾਂਦਾ ਹੈ। ਸਵਾਲ ਪੁਛ ਕੇ ਨਿਰਾਸ਼ ਹੋਣ ਦਾ ਮੌਕਾ ਹੀ ਨਹੀਂ ਮਿਲਦਾ। ਜਨਤਾ ਨੂੰ ਉਮੀਦ-ਉਮੀਦ ਦਾ ਖੋਹ-ਖੋਹ ਖੇਲ੍ਹਣ ਲਈ ਪ੍ਰੇਰਤ ਕਰ ਦਿੱਤਾ ਜਾਂਦਾ ਹੈ। ਪ੍ਰੇਰਣਾ ਦੀ ਭਾਲ ਵਿਚ ਉਹ ਪ੍ਰੇਰਤ ਹੋ ਵੀ ਜਾਂਦੀ ਹੈ। ਹੋਣਾ ਵੀ ਚਾਹੀਦਾ ਹੈ। ਫਿਰ ਵੀ ਇਮਾਨਦਾਰੀ ਨਾਲ ਦੇਖਾਂਗੇ ਕਿ ਜਿੰਨੇ ਵੀ ਇਵੈਂਟ ਲਾਂਚ ਹੋਏ ਹਨ, ਉਨ੍ਹਾਂ ਵਿਚੋਂ ਜ਼ਿਆਦਾਤਰ ਫੇਲ ਹੋਏ ਹਨ। ਬਹੁਤਿਆਂ ਦੇ ਪੂਰਾ ਹੋਣ ਦੀ ਤਰੀਕ 2019 ਦੀ ਥਾਂ 2022 ਕਰ ਦਿੱਤੀ ਗਈ ਹੈ। ਸ਼ਾਇਦ ਕਿਸੇ ਜੋਤਿਸ਼ ਨੇ ਦੱਸਿਆ ਹੋਵੇਗਾ ਕਿ 2022 ਕਹਿਣ ਨਾਲ ਸ਼ੁੱਭ ਹੋਵੇਗਾ। ਕਾਸ਼! ਕੋਈ ਇਨ੍ਹਾਂ ਤਮਾਮ ਇਵੈਂਟਾਂ 'ਤੇ ਹੋਏ ਖਰਚੇ ਦਾ ਹਿਸਾਬ ਜੋੜ ਦਿੰਦਾ। ਪਤਾ ਚਲਦਾ ਕਿ ਇਨ੍ਹਾਂ ਦੇ ਇਵੈਂਟਬਾਜ਼ੀਆਂ ਨਾਲ ਇਵੈਂਟ ਕੰਪਨੀਆਂ ਦਾ ਕਾਰੋਬਾਰ ਕਿੰਨਾ ਵਧਿਆ ਹੈ। ਠੀਕ ਹੈ ਕਿ ਵਿਰੋਧੀ ਧਿਰ ਨਹੀਂ ਹੈ, 2019 ਵਿਚ ਮੋਦੀ ਹੀ ਜਿੱਤਣਗੇ, ਸ਼ੁਭਕਾਮਨਾਵਾਂ। ਇਨ੍ਹਾਂ ਦੋ ਗੱਲਾਂ ਨੂੰ ਛੱਡ ਕੇ ਤਮਾਮ ਇਵੈਂਟ ਦਾ ਹਿਸਾਬ ਕਰਾਂਗੇ ਤਾਂ ਲੱਗੇਗਾ ਕਿ ਮੋਦੀ ਸਰਕਾਰ ਅਨੇਕ ਅਸਫਲ ਯੋਜਨਾਵਾਂ ਦੀ ਸਫਲ ਸਰਕਾਰ ਹੈ। ਇਸ ਲਾਈਨ ਨੂੰ ਦੋ ਵਾਰ ਪੜ੍ਹਨਾ। ਇਕ ਵਾਰ ਵਿਚ ਨਹੀਂ ਸਮਝ ਆਇਗਾ।

2016-17 ਦੇ ਰੇਲ ਬਜਟ ਵਿਚ ਵੜੋਦਰਾ ਵਿਚ ਭਾਰਤ ਦੀ ਪਹਿਲੀ ਰੇਲ ਯੂਨੀਵਰਸਿਟੀ ਬਣਾਉਣ ਦਾ ਪ੍ਰਸਤਾਵ ਸੀ। ਉਸ ਤੋਂ ਪਹਿਲਾਂ ਦਸੰਬਰ 2015 ਵਿਚ ਮਨੋਜ ਸਿਨ੍ਹਾ ਨੇ ਵੜੋਦਰਾ ਵਿਚ ਰੇਲ ਯੂਨੀਵਰਸਿਟੀ ਦਾ ਐਲਾਨ ਕੀਤਾ ਸੀ। ਅਕਤੂਬਰ 2016 ਵਿਚ ਖ਼ੁਦ ਪ੍ਰਧਾਨ ਮੰਤਰੀ ਨੇ ਵੜੋਦਰਾ ਵਿਚ ਰੇਲ ਯੂਨੀਵਰਸਿਟੀ ਦਾ ਐਲਾਨ ਕੀਤਾ। ਸੁਰੇਸ਼ ਪ੍ਰਭੂ ਵਰਗੇ ਕਥਿਤ ਤੌਰ 'ਤੇ ਕਾਬਲ ਮੰਤਰੀ ਨੇ 3 ਸਾਲ ਰੇਲ ਮੰਤਰਾਲੇ ਚਲਾਇਆ ਪਰ ਤੁਸੀਂ ਪਤਾ ਕਰ ਸਕਦੇ ਹੋ ਕਿ ਰੇਲ ਯੂਨੀਵਰਸਿਟੀ ਨੂੰ ਲੈ ਕੇ ਕਿੰਨੀ ਪ੍ਰਗਤੀ ਹੋਈ ਹੈ।

ਇਸੇ ਤਰ੍ਹਾਂ 2014 ਵਿਚ ਦੇਸ਼ ਭਰ ਤੋਂ ਲੋਹਾ ਜਮ੍ਹਾ ਕੀਤਾ ਗਿਆ ਕਿ ਸਰਦਾਰ ਪਟੇਲ ਦੀ ਮੂਰਤੀ ਬਣੇਗੀ। ਸਭ ਤੋਂ ਉੱਚੀ। 2014 ਤੋਂ 17 ਆ ਗਿਆ। 17 ਵੀ ਬੀਤ ਰਿਹਾ ਹੈ। ਲਗਦਾ ਹੈ ਕਿ ਇਸ ਨੂੰ ਵੀ 2022 ਦੇ ਖਾਤੇ ਵਿਚ ਸ਼ਿਫਟ ਕਰ ਦਿੱਤਾ ਗਿਆ ਹੈ। ਇਸ ਲਈ ਤਾਂ ਬਜਟ ਵਿਚ ਕਈ ਸੌ ਕਰੋੜ ਦਾ ਪ੍ਰਸਤਾਵ ਵੀ ਕੀਤਾ ਗਿਆ ਸੀ।

2007 ਵਿਚ ਗੁਜਰਾਤ ਵਿਚ ਗਿਫ਼ਟ ਤੇ ਕੇਲ ਦੇ ਕੋਚੀ ਵਿਚ ਸਮਾਰਟ ਸਿਟੀ ਦੀ ਬੁਨਿਆਦ ਰੱਖੀ ਗਈ। ਗੁਜਰਾਤ ਦੇ ਗਿਫ਼ਟ ਨੂੰ ਪੂਰਾ ਹੋਣ ਲਈ 70-80 ਹਜ਼ਾਰ ਕਰੋੜ ਦਾ ਅਨੁਮਾਨ ਦੱਸਿਆ ਗਿਆ ਸੀ। 10 ਸਾਲ ਹੋ ਗਏ ਦੋਹਾਂ ਵਿਚੋਂ ਕੋਈ ਤਿਆਰ ਨਹੀਂ ਹੋਇਆ। ਗਿਫ਼ਟ ਵਿਚ ਹਾਲੇ ਤਕ ਕਰੀਬ 2000 ਕਰੋੜ ਹੀ ਖ਼ਰਚ ਹੋਏ ਹਨ। 10 ਸਾਲ ਵਿਚ ਏਨਾ ਤਾਂ ਬਾਕੀ ਪੂਰਾ ਹੋਣ ਵਿਚ 20 ਸਾਲ ਲਗ ਜਾਣਗੇ।




ਹੁਣ ਸਮਾਰਟ ਸਿਟੀ ਦਾ ਮਤਲਬ ਬਦਲ ਦਿੱਤਾ ਗਿਆ ਹੈ। ਇਸ ਨੂੰ ਡਸਟਬਿਨ ਲਾਉਣ, ਬਿਜਲੀ ਦਾ ਖੰਭਾ ਲਾਉਣ, ਵਾਈ ਫਾਈ ਲਾਉਣ ਤਕ ਸੀਮਤ ਕਰ ਦਿੱਤਾ ਗਿਆ ਹੈ। ਜਿਨ੍ਹਾਂ ਸ਼ਹਿਰਾਂ ਨੂੰ ਲੱਖਾਂ ਕਰੋੜਾਂ ਨਾਲ ਸਮਾਰਟ ਕਰਨਾ ਸੀ, ਉਹ ਤਾਂ ਹੋਏ ਨਹੀਂ, ਹੁਣ ਸੌ ਦੋ ਸੌ ਕਰੋੜ ਨਾਲ ਸਮਾਰਟ ਹੋਣਗੇ। ਗੰਗਾ ਨਹੀਂ ਨਹਾ ਸਕੇ ਤਾਂ ਜਲ ਹੀ ਛਿੜਕ ਲਓ ਜਜਮਾਨ!

ਗਿਫ਼ਟ ਸਿਟੀ ਦੀ ਬੁਨਿਆਦ ਰੱਖਦਿਆਂ ਦੱਸਿਆ ਜਾਂਦਾ ਸੀ ਕਿ ਦਸ ਲੱਖ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਪਰ ਕਿੰਨਾ ਹੋਇਆ, ਕਿਸੇ ਨੂੰ ਪਤਾ ਨਹੀਂ। ਕੁਝ ਵੀ ਬੋਲ ਦਿਓ। ਗਿਫ਼ਟ ਸਿਟੀ ਉਦੋਂ ਇਕ ਵੱਡਾ ਇਵੈਂਟ ਸੀ, ਹੁਣ ਇਹ ਇਵੈਂਟ ਕਬਾੜ ਵਿਚ ਬਦਲ ਚੁੱਕਾ ਹੈ। ਇਕ ਦੋ ਟਾਵਰ ਬਣੇ ਹਨ। ਜਿਨ੍ਹਾਂ ਵਿਚੋਂ ਕੌਮਾਂਤਰੀ ਸਟਾਕ ਐਕਸਚੇਂਜ ਦਾ ਉਦਘਾਟਨ ਹੋਇਆ ਹੈ। ਤੁਸੀਂ ਕੋਈ ਵੀ ਬਿਜ਼ਨਸ ਚੈਨਲ ਖੋਲ੍ਹ ਕੇ ਦੇਖ ਲਓ ਕਿ ਇਸ ਐਕਸਚੇਂਜ ਦਾ ਕੋਈ ਨਾਂ ਵੀ ਲੈਂਦਾ ਹੈ ਜਾਂ ਨਹੀਂ। ਕੋਈ 20-25 ਫਾਇਨਾਂਸ ਕੰਪਨੀਆਂ ਨੇ ਆਪਣਾ ਦਫ਼ਤਰ ਖੋਲ੍ਹਿਆ ਹੈ ਜਿਸ ਵਿਚ ਦੋ ਢਾਈ ਸੌ ਲੋਕ ਕੰਮ ਕਰਦੇ ਹੋਣਗੇ। ਹੀਰਾਨੰਦਨੀ ਦੇ ਬਣਾਏ ਟਾਵਰ ਵਿਚ ਜ਼ਿਆਦਾਤਰ ਦਫ਼ਤਰ ਖਾਲੀ ਹਨ।

ਲਾਲ ਕਿਲੇ ਤੋਂ ਸੰਸਦ ਮੈਂਬਰ ਆਦਰਸ਼ ਗਰਾਮ ਯੋਜਨਾ ਦਾ ਐਲਾਨ ਹੋਇਆ ਸੀ। ਇਸ ਯੋਜਨਾ ਦੀਆਂ ਧੱਜੀਆਂ ਉਡ ਚੁੱਕੀਆਂ ਹਨ। ਆਦਰਸ਼ ਗਰਾਮ ਨੂੰ ਲੈ ਕੇ ਗੱਲਾਂ ਵੱਡੀਆਂ ਵੱਡੀਆਂ ਹੋਈਆਂ, ਉਮੀਦ ਦਾ ਸੰਚਾਰ ਹੋਇਆ ਪਰ ਕੋਈ ਗਰਾਮ ਆਦਰਸ਼ ਨਹੀਂ ਬਣਿਆ। ਲਾਲ ਕਿਲੇ ਦੇ ਐਲਾਨ ਦਾ ਵੀ ਕੋਈ ਮੁੱਲ ਨਹੀਂ ਰਿਹਾ।

ਜਯਾਪੁਰ ਤੇ ਨਾਗੇਪੁਰ ਨੂੰ ਪ੍ਰਧਾਨ ਮੰਤਰੀ ਨੇ ਆਦਰਸ਼ ਗਰਾਮ ਵਜੋਂ ਚੁਣਿਆ ਹੈ। ਇਥੇ ਪਲਾਸਟਕਿ ਦੇ ਪਖਾਨੇ ਲਗਾਏ ਗਏ। ਕਿਉਂ ਲਗਾਏ ਗਏ? ਜਦੋਂ ਸਾਰੇ ਦੇਸ਼ ਵਿਚ ਇੱਟ ਦੇ ਪਖਾਨੇ ਬਣ ਰਹੇ ਹਨ ਤਾਂ ਪ੍ਰਦੂਸ਼ਣ ਦਾ ਕਾਰਕ ਪਲਾਸਟਿਕ ਦੇ ਪਖਾਨੇ ਕਿਉਂ ਲਗਾਏ ਗਏ? ਕੀ ਇਸ ਪਿਛੇ ਕੋਈ ਖੇਡ ਰਿਹਾ ਹੋਵੇਗਾ?

ਬਨਾਰਸ ਵਿਚ ਕਿਓਟੋ ਦੇ ਨਾਂ 'ਤੇ ਹੈਰੀਟੇਜ ਪੋਲ ਲਾਇਆ ਜਾ ਰਿਹਾ ਹੈ। ਇਹ ਹੈਰੀਟੇਜ ਪੋਲ ਕੀ ਹੁੰਦਾ ਹੈ। ਨਕਾਸ਼ੀਦਾਰ ਮਹਿੰਗੇ ਬਿਜਲੀ ਦੇ ਪੋਲ ਹੈਰੀਟੇਜ ਪੋਲ ਹੋ ਗਏ? ਈ ਨੌਕਾ ਨੂੰ ਕਿੰਨੇ ਜ਼ੋਰ ਸ਼ੋਰ ਨਾਲ ਲਾਂਚ ਕੀਤਾ ਗਿਆ ਸੀ। ਹੁਣ ਬੰਦ ਹੋ ਚੁੱਕਾ ਹੈ। ਉਹ ਵੀ ਇਕ ਇਵੈਂਟ ਸੀ, ਉਮੀਦ ਦਾ ਸੰਚਾਰ ਹੋਇਆ ਸੀ। ਸ਼ਿੰਜੋ ਆਬੇ ਜਦੋਂ ਬਨਾਰਸ ਆਏ ਸਨ ਤਾਂ ਸ਼ਹਿਰ ਦੀਆਂ ਕਈ ਥਾਵਾਂ 'ਤੇ ਪਲਾਸਟਿਕ ਦੇ ਪਖਾਨੇ ਰੱਖ ਦਿੱਤੇ ਗਏ। ਮਲ-ਮੂਤਰ ਦੀ ਨਿਕਾਸੀ ਦੀ ਕੋਈ ਵਿਵਸਥਾ ਨਹੀਂ ਹੋਈ। ਜਦੋਂ ਸੜਾਂਦ ਫੈਲੀ ਤਾਂ ਨਗਰ ਨਿਗਮ ਨੇ ਪਲਾਸਟਿਕ ਦੇ ਪਖਾਨੇ ਚੁੱਕ ਕੇ ਡੰਪ ਕਰ ਦਿੱਤਾ। ਜਿਸ ਸਾਲ ਸਵੱਛ ਅਭਿਆਨ ਜਾਰੀ ਹੋਇਆ ਸੀ ਤਾਂ ਕਈ ਥਾਵਾਂ 'ਤੇ ਸਵੱਛਤਾ ਦੇ ਨਵਰਤਨ ਉਗ ਆਏ ਸਨ। ਸਾਰੇ ਨਵਰਤਨ ਚੁਣਦੇ ਸਨ। ਬਨਾਰਸ ਵਿਚ ਵੀ ਸਵੱਛਤਾ ਦੇ ਨਵਰਤਨ ਚੁਣੇ ਗਏ। ਕੀ ਤੁਸੀਂ ਜਾਣਦੇ ਹੋ ਕਿ ਇਹ ਨਵਰਤਨ ਅੱਜ ਕੱਲ੍ਹ ਸਵੱਛਤਾ ਨੂੰ ਲੈ ਕੇ ਕੀ ਕਰ ਰਹੇ ਹਨ। ਬਨਾਰਸ ਵਿਚ ਜਿਸ ਨੂੰ ਦੇਖੋ ਕਾਰਪੋਰੇਟ ਸੋਸ਼ਲ ਰਿਸਪਾਂਸੀਬਿਲਟੀ ਦਾ ਬਜਟ ਲੈ ਕੇ ਆ ਜਾਂਦਾ ਹੈ ਤੇ ਆਪਣੀ ਮਰਜ਼ੀ ਦਾ ਕੁਝ ਕਰ ਜਾਂਦਾ ਹੈ ਜੋ ਦਿਖੇ ਤੇ ਲੱਗੇ ਕਿ ਵਿਕਾਸ ਹੈ। ਘਾਟ 'ਤੇ ਪੱਥਰ ਦੇ ਬੈਂਚ ਬਣਾ ਦਿੱਤੇ ਗਏ ਜਦਕਿ ਲੱਕੜ ਦੀ ਚੌਖੀ ਰੱਖੇ ਜਾਣ ਦੀ ਪ੍ਰਥਾ ਹੈ। ਹੜ੍ਹ ਸਮੇਂ ਇਹ ਚੌਕੀਆਂ ਹਟਾ ਲਈਆਂ ਜਾਂਦੀਆਂ ਸਨ। ਪੱਥਰ ਦੇ ਬੈਂਚ ਨੇ ਘਾਟ ਦੀਆਂ ਪੌੜੀਆਂ ਦਾ ਚਿਹਰਾ ਬਦਲ ਦਿੱਤਾ ਹੈ। ਸਫ਼ੇਦ ਰੌਸ਼ਨੀ ਦੀ ਫਲੱਡ ਲਾਈਟ ਲੱਗੀ ਤਾਂ ਲੋਕਾਂ ਨੇ ਵਿਰੋਧ ਕੀਤਾ। ਹੁਣ ਜਾ ਕੇ ਉਸ 'ਤੇ ਪੀਲੀ ਪੰਨੀ ਵਰਗੀ ਕੋਈ ਚੀਜ਼ ਲਗਾ ਦਿੱਤੀ ਗਈ ਹੈ ਤਾਂ ਕਿ ਪੀਲੀ ਰੌਸ਼ਨੀ ਵਿਚ ਘੱਟ ਸੁੰਦਰ ਦਿਖਾਈ ਦੇਵੇ।

ਪ੍ਰਧਾਨ ਮੰਤਰੀ ਕਾਰਨ ਬਨਾਰਸ ਨੂੰ ਬਹੁਤ ਕੁਝ ਮਿਲਿਆ ਵੀ ਹੈ। ਬਨਾਰਸ ਦੇ ਕਈ ਮੁਹੱਲਿਆਂ ਵਿਚ ਬਿਜਲੀ ਦੇ ਤਾਰ ਜ਼ਮੀਨ ਅੰਦਰ ਵਿਛਾ ਦਿੱਤੇ ਗਏ ਹਨ। ਫ਼ੌਜ ਦੀ ਜ਼ਮੀਨ ਲੈ ਕੇ ਪੁਲਵਰਿਆ ਦਾ ਰਸਤਾ ਚੌੜਾ ਹੋ ਰਿਹਾ ਹੈ, ਜਿਸ ਨਾਲ ਸ਼ਹਿਰ ਨੂੰ ਲਾਭ ਹੋਵੇਗਾ। ਟਾਟਾ ਮੈਮੋਰੀਅਲ ਇਥੇ ਕੈਂਸਰ ਹਸਪਤਾਲ ਬਣਾ ਰਿਹਾ ਹੈ। ਰਿੰਗ ਰੋਡ ਬਣ ਰਿਹਾ ਹੈ। ਲਾਲਪੁਰ ਵਿਚ ਇਕ ਟਰੇਡ ਸੈਂਟਰ ਵੀ ਹੈ।

**ਲਾਲ ਕਿਲੇ ਤੋਂ ਸੰਸਦ ਮੈਂਬਰ ਆਦਰਸ਼ ਗਰਾਮ ਯੋਜਨਾ ਦਾ ਐਲਾਨ ਹੋਇਆ ਸੀ। ਇਸ ਯੋਜਨਾ ਦੀਆਂ ਧੱਜੀਆਂ ਉਡ ਚੁੱਕੀਆਂ ਹਨ। ਆਦਰਸ਼ ਗਰਾਮ ਨੂੰ ਲੈ ਕੇ ਗੱਲਾਂ ਵੱਡੀਆਂ ਵੱਡੀਆਂ ਹੋਈਆਂ, ਉਮੀਦ ਦਾ ਸੰਚਾਰ ਹੋਇਆ ਪਰ ਕੋਈ ਗਰਾਮ ਆਦਰਸ਼ ਨਹੀਂ ਬਣਿਆ। ਲਾਲ ਕਿਲੇ ਦੇ ਐਲਾਨ ਦਾ ਵੀ ਕੋਈ ਮੁੱਲ ਨਹੀਂ ਰਿਹਾ।**

ਕੀ ਤੁਹਾਨੂੰ ਜਲ ਮਾਰਗ ਵਿਕਾਸ ਪ੍ਰੋਜੈਕਟ ਯਾਦ ਹੈ? ਤੁਸੀਂ ਜੁਲਾਈ 2014 ਦੀ ਅਖ਼ਬਾਰ ਚੁੱਕ ਕੇ ਦੇਖੋ, ਜਦੋਂ ਮੋਦੀ ਸਰਕਾਰ ਨੇ ਆਪਣੇ ਪਹਿਲੇ ਬਜਟ ਵਿਚ ਜਲਮਾਰਗ ਲਈ 4200 ਕਰੋੜ ਦੀ ਵਿਵਸਥਾ ਕੀਤੀ ਸੀ ਤਾਂ ਇਸ ਨੂੰ ਲੈ ਕੇ ਅਖ਼ਬਾਰਾਂ ਵਿਚ ਕਿਸ ਕਿਸ ਤਰ੍ਹਾਂ ਦੇ ਸਬਜ਼ਬਾਗ ਦਿਖਾਏ ਗਏ ਸਨ। ਰੇਲਵੇ ਤੇ ਸੜਕ ਦੇ ਮੁਕਾਬਲੇ ਮਾਲ ਢੁਆਈ ਦੀ ਲਾਗਤ 21 ਤੋਂ 42 ਫ਼ੀਸਦੀ ਘੱਟ ਹੋ ਜਾਵੇਗੀ। ਹਾਸਾ ਨਹੀਂ ਆਉਂਦਾ, ਤੁਹਾਨੂੰ ਅਜਿਹੇ ਅੰਕੜਿਆਂ 'ਤੇ।

ਜਲ ਮਾਰਗ ਵਿਕਾਸ ਨੂੰ ਲੈ ਕੇ ਗੂਗਲ ਸਰਚ ਵਿਚ ਦੋ ਪ੍ਰੈੱਸ ਰਿਲੀਜ਼ ਮਿਲੀਆਂ ਹਨ। ਇਕ 10 ਜੂਨ 2016 ਨੂੰ ਪੀਆਈਬੀ ਨੇ ਜਾਰੀ ਕੀਤੀ ਹੈ ਤੇ ਇਕ ਮਾਰਚ 16 2017 ਨੂੰ। 10 ਜੂਨ 2016 ਦੀ ਪ੍ਰੈੱਸ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਪਹਿਲੇ ਪੜਾਅ ਵਿਚ ਇਲਾਹਾਬਾਦ ਤੋਂ ਲੈ ਕੇ ਹਲਦੀਆ ਵਿਚਾਲੇ ਵਿਕਾਸ ਚੱਲ ਰਿਹਾ ਹੈ। 16 ਮਾਰਚ 2017 ਦੀ ਪ੍ਰੈੱਸ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਵਾਰਾਣਸੀ ਤੋਂ ਹਲਦੀਆ ਵਿਚਾਲੇ ਜਲ ਮਾਰਗ ਬਣ ਰਿਹਾ ਹੈ। ਇਲਾਹਾਬਾਦ ਕਦੋਂ ਤੇ ਕਿਵੇਂ ਗਾਇਬ ਹੋ ਗਿਆ, ਪਤਾ ਨਹੀਂ। 2016 ਦੀ ਪ੍ਰੈੱਸ ਰਿਲੀਜ਼ ਵਿਚ ਲਿਖਿਆ ਹੈ ਕਿ ਇਲਾਹਾਬਾਦ ਤੋਂ ਵਾਰਾਣਸੀ ਵਿਚਾਲੇ ਯਾਤਰੀਆਂ ਦੇ ਲੈਣ ਜਾਣ ਦੀ ਸੇਵਾ ਚਲੇਗੀ ਤਾਂ ਕਿ ਇਨ੍ਹਾਂ ਸ਼ਹਿਰਾਂ ਵਿਚ ਜਾਮ ਦੀ ਸਮੱਸਿਆ ਘੱਟ ਹੋਵੇ। ਇਸ ਲਈ 100 ਕਰੋੜ ਦੇ ਨਿਵੇਸ਼ ਦੀ ਸੂਚਨਾ ਦਿੱਤੀ ਗਈ ਹੈ। ਨਾ ਕਿਸੇ ਨੂੰ ਬਨਾਰਸ ਵਿਚ ਪਤਾ ਹੈ ਤੇ ਨਾ ਇਲਾਹਾਬਾਦ ਵਿਚ ਕਿ ਦੋਵੇਂ ਸ਼ਹਿਰਾਂ ਵਿਚਾਲੇ 100 ਕਰੋੜ ਦੇ ਨਿਵੇਸ਼ ਨਾਲ ਕੀ ਹੋਇਆ ਹੈ।

ਇਹੀ ਨਹੀਂ 10 ਜੂਨ 2016 ਦੀ ਪ੍ਰੈੱਸ ਰਿਲੀਜ਼ ਵਿਚ ਪਟਨਾ ਤੋਂ ਵਾਰਾਣਸੀ ਵਿਚਾਲੇ ਕਰੂਜ਼ ਸੇਵਾ ਸ਼ੁਰੂ ਹੋਣ ਦਾ ਜ਼ਿਕਰ ਹੈ। ਕੀ ਕਿਸੇ ਨੇ ਇਸ ਸਾਲ ਪਟਨਾ ਤੋਂ ਵਾਰਾਣਸੀ ਵਿਚਾਲੇ ਕਰੂਜ਼ ਚਲਦੇ ਦੇਖਿਆ ਹੈ? ਇਕ ਵਾਰ ਕਰੂਜ਼ ਆਇਆ ਸੀ। ਵੈਸੇ ਬਿਨਾਂ ਕਿਸੇ ਪ੍ਰਚਾਰ ਦੇ ਕੋਲਕਾਤਾ ਵਿਚ ਕਰੂਜ਼ ਸੇਵਾ ਹੈ। ਕਾਫ਼ੀ ਮਹਿੰਗੀ ਹੈ।

ਜੁਲਾਈ 2014 ਦੇ ਬਜਟ ਵਿਚ 4200 ਕਰੋੜ ਦੀ ਵਿਵਸਥਾ ਹੈ। ਕੋਈ ਨਤੀਜਾ ਨਜ਼ਰ ਆਉਂਦਾ ਹੈ? ਵਾਰਾਣਸੀ ਦੇ ਰਾਮਨਗਰ ਵਿਚ ਟਰਮੀਨਲ ਬਣ ਰਿਹਾ ਹੈ। 16 ਮਾਰਚ 2017 ਦੀ ਪ੍ਰੈੱਸ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਇਸ ਯੋਜਨਾ 'ਤੇ 5369 ਕਰੋੜ ਖ਼ਰਚ ਹੋਵੇਗਾ ਤੇ 6 ਸਾਲ ਵਿਚ ਯੋਜਨਾ ਪੂਰੀ ਹੋਵੇਗੀ। 2014 ਤੋਂ 6 ਸਾਲ ਜਾਂ ਮਾਰਚ 2017 ਤੋਂ 6 ਸਾਲ?

ਪ੍ਰੈੱਸ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਰਾਸ਼ਟਰੀ ਜਲ ਮਾਰਗ ਦੀ ਕਲਪਨਾ 1986 ਵਿਚ ਕੀਤੀ ਗਈ ਸੀ। ਇਸ 'ਤੇ ਮਾਰਚ 2016 ਤਕ 1871 ਕਰੋੜ ਰੁਪਏ ਖ਼ਰਚ ਹੋ ਚੁੱਕੇ ਹਨ। ਹੁਣ ਇਹ ਸਾਫ਼ ਨਹੀਂ ਕਿ 1986 ਤੋਂ ਮਾਰਚ 2016 ਤਕ ਜਾਂ ਜੁਲਾਈ 2014 ਤੋਂ ਮਾਰਚ 2016 ਦੌਰਾਨ 1871 ਕਰੋੜ ਖ਼ਰਚ ਹੋਏ ਹਨ। ਜਲ ਸਰੋਤ ਰਾਜ ਮੰਤਰੀ ਨੇ ਲੋਕ ਸਭਾ ਵਿਚ ਲਿਖਤੀ ਤੌਰ 'ਤੇ ਇਹ ਜਵਾਬ ਦਿੱਤਾ ਸੀ।

ਨਮਾਮਿ ਗੰਗਾ ਨੂੰ ਲੈ ਕੇ ਕਿੰਨੇ ਇਵੈਂਟ ਰਚੇ ਗਏ। ਗੰਗਾ ਸਾਫ਼ ਹੀ ਨਹੀਂ ਹੋਈ। ਮੰਤਰੀ ਬਦਲ ਕੇ ਨਵੇਂ ਆ ਗਏ ਹਨ। ਇਸ 'ਤੇ ਕੀ ਲਿਖਿਆ ਜਾਵੇ। ਤੁਹਾਨੂੰ ਵੀ ਪਤਾ ਹੈ ਕਿ ਐਨ.ਜੀ.ਟੀ. ਨੇ ਨਮਾਮਿ ਗੰਗਾ ਬਾਰੇ ਕੀ ਕੀ ਕਿਹਾ ਹੈ। 13 ਜੁਲਾਈ 2017 ਦੇ 'ਇੰਡੀਅਨ ਐਕਸਪ੍ਰੈੱਸ' ਦੀ ਰਿਪੋਰਟ ਅਨੁਸਾਰ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਕਿਹਾ ਹੈ ਕਿ 2 ਸਾਲ ਵਿਚ ਗੰਗਾ ਦੀ ਸਫ਼ਾਈ 'ਤੇ 7000 ਕਰੋੜ ਖ਼ਰਚ ਹੋ ਗਏ ਤੇ ਗੰਗਾ ਸਾਫ਼ ਨਹੀਂ ਹੋਈ। ਇਹ 7000 ਕਰੋੜ ਕਿੱਥੇ ਖ਼ਰਚ ਹੋਏ? ਕੋਈ ਸਵੀਰੇਜ ਟਰੀਟਮੈਂਟ ਪਲਾਂਟ ਲੱਗਾ ਸੀ ਕੀ? ਜਾਂ ਸਾਰਾ ਪੈਸਾ ਜਾਗਰੂਕਤਾ ਅਭਿਆਨ ਵਿਚ ਹੀ ਫੂਕ ਦਿੱਤਾ ਗਿਆ? ਤੁਸੀਂ ਉਨ੍ਹਾਂ ਹੁਕਮਾਂ ਨੂੰ ਪੜ੍ਹੋਂਗੇ ਤਾਂ ਸ਼ਰਮ ਆਏਗੀ। ਗੰਗਾ ਨਾਲ ਵੀ ਕੋਈ ਧੋਖਾ ਕਰ ਸਕਦਾ ਹੈ?

ਇਸ ਲਈ ਇਹ ਇਵੈਂਟ ਸਰਕਾਰ ਹੈ। ਤੁਹਾਨੂੰ ਇਵੈਂਟ ਚਾਹੀਦੇ ਹਨ ਇਵੈਂਟ ਮਿਲੇਗਾ। ਕਿਸੇ ਵੀ ਚੀਜ਼ ਨੂੰ ਮੇਕ ਇਨ ਇੰਡੀਆ ਨਾਲ ਜੋੜ ਦੇਣ ਦੀ ਕਲਾ ਸਭ ਵਿਚ ਆ ਗਈ ਜਦਕਿ ਮੇਕ ਇਨ ਇੰਡੀਆ ਮਗਰੋਂ ਵੀ ਉਤਪਾਦਕਤਾ ਦਾ ਹੁਣ ਤਕ ਦਾ ਸਭ ਤੋਂ ਜ਼ਿਆਦਾ ਰਿਕਾਰਡ ਖ਼ਰਾਬ ਹੈ।

**ਨੋਟ :** ਇਹ ਪੜ੍ਹਦਿਆਂ ਹੀ ਆਈ.ਟੀ. ਸੇਲ ਵਾਲਿਆਂ ਦੀ ਸ਼ਿਫਟ ਸ਼ੁਰੂ ਹੋ ਜਾਵੇਗੀ। ਉਹ ਇਨ੍ਹਾਂ ਵਿਚੋਂ ਕਿਸੇ ਦਾ ਜਵਾਬ ਨਹੀਂ ਦੇਣਗੇ। ਕਹਿਣਗੇ ਕਿ ਤੁਸੀਂ ਉਸ 'ਤੇ ਇਸ 'ਤੇ ਕਿਉਂ ਨਹੀਂ ਲਿਖਦੇ ਹੋ। ਟਾਈਪ ਕੀਤੇ ਹੋਏ ਮੈਸੇਜ ਵੱਖ ਵੱਖ ਨਾਵਾਂ ਨਾਲ ਪੋਸਟ ਕੀਤੇ ਜਾਣਗੇ। ਫਿਰ ਇਨ੍ਹਾਂ ਦਾ ਮੁਖੀ ਮੇਰਾ ਕਿਸੇ ਲੇਖ ਜਾਂ ਬੋਲੇ ਨੂੰ ਤੋੜ ਮਰੋੜ ਕੇ ਟਵੀਟ ਕਰੇਗਾ। ਉਨ੍ਹਾਂ ਕੋਲ ਸੱਤਾ ਹੈ, ਮੈਂ ਨਿਹੱਥਾ ਹਾਂ। ਦਰੋਗਾ, ਆਮਦਨ ਕਰ ਵਿਭਾਗ, ਸੀ.ਬੀ.ਆਈ. ਵੀ ਹੈ। ਫਿਰ ਵੀ ਕੋਈ ਮਿਲੇ ਤਾਂ ਕਹਿ ਦੇਣਾ ਕਿ ਛੇਨੂ ਆਇਆ ਸੀ।

# ਬਾਮਸੇਫ ਇੰਟਰਨੈਸ਼ਨਲ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿਚਾਲੇ ਰਾਜਨੀਤਕ ਸਮਝੌਤਾ

## ਸਿੱਖ ਨਸਲਕੁਸ਼ੀ ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਲੀ 'ਚ ਪ੍ਰਦਰਸ਼ਨ 1 ਨਵੰਬਰ ਨੂੰ

**ਨਿਊਯਾਰਕ/ਬਿਊਰੋ ਨਿਊਜ਼ :** ਭਾਰਤ ਦੇ ਮੂਲ ਨਿਵਾਸੀ ਬਾਬਾ ਭੀਮ ਰਾਓ ਅੰਬੇਦਕਰ ਦੇ ਪੈਰੋਕਾਰ ਬਾਮਸੇਫ ਇੰਟਰਨੈਸ਼ਨਲ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿੱਚ ਰਾਜਨੀਤਕ ਸਮਝੌਤਾ ਹੋ ਗਿਆ ਹੈ ਜਿਸ ਦਾ ਐਲਾਨ ਬਾਮਸੇਫ ਸੰਗਠਨ ਦੇ ਪ੍ਰਧਾਨ ਵਾਮਨ ਮੇਸ਼ਰਾਮ ਨੇ ਨਿਊਯਾਰਕ ਵਿੱਚ ਹੋਈ ਵਰਲਡ ਕਾਨਫਰੰਸ ਦੌਰਾਨ ਕੀਤਾ। ਸਾਚੀ ਸਾਖੀ ਅਨੁਸਾਰ ਸੰਨ 1935-36 ਵਿੱਚ ਡਾਕਟਰ ਭੀਮ ਰਾਓ ਅੰਬੇਦਕਰ ਨੇ 60 ਮਿਲੀਅਨ ਮੂਲ ਨਿਵਾਸੀਆਂ ਸਮੇਤ ਸਿੱਖ ਬਣਨ ਦੀ ਇੱਛਾ ਜ਼ਾਹਰ ਕੀਤੀ ਸੀ। ਜਿਸ ਨੂੰ ਅਕਾਲੀ ਲੀਡਰਸ਼ਿਪ ਨੇ ਆਪਣੀ ਕੁਰਸੀ ਨੂੰ ਖਤਰਾ ਜਾਣ ਕੇ ਠੁਕਰਾਅ ਦਿੱਤਾ ਸੀ। ਹੁਣ 82 ਸਾਲਾਂ ਬਾਅਦ ਮੂਲ ਨਿਵਾਸੀਆਂ ਨੇ ਇਕ ਵਾਰ ਫੇਰ ਹੱਥ ਵਧਾਇਆ ਹੈ ਜਿਸ ਨੂੰ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਤੇ ਸਮੁੱਚੀ ਅੰਤਰਰਾਸ਼ਟਰੀ ਕੋਆਰਡੀਨੇਸ਼ਨ ਕਮੇਟੀ ਨੇ ਜੀ ਆਇਆਂ ਕਿਹਾ ਹੈ।

ਕੋਲੰਬੀਆ ਯੂਨੀਵਰਸਿਟੀ ਆਫ ਨਿਊਯਾਰਕ, ਜਿਥੋਂ ਡਾ. ਬੀ.ਆਰ. ਅੰਬੇਦਕਰ ਨੇ 1927 ਵਿੱਚ ਪੀ.ਐਚ.ਡੀ ਦੀ ਡਿਗਰੀ ਹਾਸਲ ਕੀਤੀ ਸੀ, ਯੂਨੀਵਰਸਿਟੀ ਦੇ ਉਸੇ ਹਾਲ ਵਿੱਚ ਬਾਮਸੇਫ ਇੰਟਰਨੈਸ਼ਨਲ ਨੈੱਟਵਰਕ ਵਲੋਂ ਆਪਣੀ ਦੂਸਰੀ ਵਿਸ਼ਵ ਕਾਨਫਰੰਸ ਕਰਵਾਈ ਗਈ। ਇਸ ਵਿਸ਼ਵ ਕਾਨਫਰੰਸ ਵਿੱਚ ਇੰਡੀਆ ਤੋਂ 88 ਦੇ ਕਰੀਬ ਡੈਲੀਗੇਟ ਪਹੁੰਚੇ ਅਤੇ ਬਾਕੀ ਸੰਸਾਰ ਭਰ ਵਿਚੋਂ ਵੀ ਡੈਲੀਗੇਟ ਸ਼ਾਮਲ ਹੋਏ।

ਇਸ ਮੌਕੇ ਕੈਨੇਡਾ ਅਤੇ ਅਮਰੀਕਾ ਦੀ ਅਕਾਲੀ ਦਲ ਅੰਮ੍ਰਿਤਸਰ ਦੀ ਲੀਡਰਸ਼ਿਪ ਨੂੰ ਵੀ ਵਿਸ਼ੇਸ਼ ਤੌਰ 'ਤੇ ਸੱਦਿਆ ਗਿਆ ਸੀ। ਇਸ ਕਾਨਫਰੰਸ ਵਿੱਚ ਅਮਰੀਕਾ ਤੋਂ ਸ੍ਰ. ਬੂਟਾ ਸਿੰਘ ਖੜੌਂਦ, ਸੁਰਜੀਤ ਸਿੰਘ ਕੁਲਾਰ, ਸਰਬਜੀਤ ਸਿੰਘ, ਜੋਗਾ ਸਿੰਘ ਨਿਊਜਰਸੀ ਤੋਂ ਇਲਾਵਾ ਦਰਜਨ ਮੈਂਬਰ ਸ਼ਾਮਲ ਹੋਏ ਜਦਕਿ ਕੈਨੇਡਾ ਤੋਂ ਸੁਖਮਿੰਦਰ ਸਿੰਘ ਹੰਸਰਾ ਨੇ ਸ਼ਮੂਲੀਅਤ ਕੀਤੀ।

ਵਿਸ਼ਵ ਕਾਨਫਰੰਸ ਵਿੱਚ ਭਾਰਤ ਦੇ ਮੂਲ ਨਿਵਾਸੀਆਂ ਨੂੰ ਬ੍ਰਾਹਮਣਾਂ ਵਲੋਂ ਗੁਲਾਮ ਬਣਾਉਣ ਬਾਰੇ ਚਰਚਾ ਕੀਤੀ ਗਈ। ਬਾਮਸੇਫ ਦੇ ਪ੍ਰਧਾਨ ਵਾਮਨ ਮੇਸ਼ਰਾਮ ਨੇ ਕਿਹਾ ਕਿ 5 ਹਜ਼ਾਰ ਸਾਲਾਂ ਤੋਂ ਯੋਜਨਾਵੱਧ ਢੰਗ ਨਾਲ ਘੱਟ ਗਿਣਤੀ ਲੋਕਾਂ ਨੂੰ ਬੇਵਕੂਫ ਬਣਾ ਕੇ ਰਾਜ ਕਰ ਰਹੇ ਬ੍ਰਾਹਮਣਾਂ ਦਾ ਹੁਣ ਅੰਤ ਆ ਗਿਆ ਹੈ। ਇਨ੍ਹਾਂ ਬ੍ਰਾਹਮਣਾਂ ਤੋਂ ਕੁੱਟ ਖਾਂਦੀਆਂ ਆ ਰਹੀਆਂ ਘੱਟ ਗਿਣਤੀਆਂ ਹੁਣ ਇਕਜੁੱਟ ਹੋ ਕੇ ਇਨ੍ਹਾਂ ਨੂੰ ਕੁੱਟਣ ਦੇ ਕਾਬਲ ਹੋ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਐਸ ਏ ਦੇ ਕਨਵੀਨਰ ਸ. ਬੂਟਾ ਸਿੰਘ ਖੜੌਂਦ ਨੇ ਕਿਹਾ, 'ਅਸੀਂ ਭਾਰਤ ਦੀਆਂ ਘੱਟ ਗਿਣਤੀਆਂ ਨਾਲ ਮਿਲ ਕੇ ਖਾਲਸਾ ਰਾਜ ਸਥਾਪਤ ਕਰਨ ਦੇ ਰਸਤੇ 'ਤੇ ਚੱਲ ਰਹੇ ਹਾਂ, ਇਹ ਸਾਡਾ ਜਨਮ ਸਿੱਧ ਅਧਿਕਾਰ ਹੈ।' ਸ੍ਰ. ਖੜੌਂਦ ਨੇ ਗੁਰਬਾਣੀ ਦੇ ਪ੍ਰਮਾਣ ਦੇ ਕੇ ਦੱਸਿਆ ਕਿ ਸਿੱਖ ਮੱਤ ਵਿੱਚ ਜਾਤਪਾਤ ਦੀ ਇਜਾਜ਼ਤ ਨਹੀਂ ਹੈ। ਅਕਾਲੀ ਦਲ ਅੰਮ੍ਰਿਤਸਰ ਕੈਨੇਡਾ ਈਸਟ ਦੇ ਪ੍ਰਧਾਨ ਸੁਖਮਿੰਦਰ ਸਿੰਘ ਹੰਸਰਾ ਨੇ ਕਿਹਾ ਕਿ ਖ਼ਾਲਸਾ ਰਾਜ ਦੇ ਪਹਿਲੇ ਮੁਖੀ ਬਾਬਾ ਬੰਦਾ ਸਿੰਘ ਬਹਾਦਰ ਨੇ ਦੱਬੇ ਕੁਚਲ੍ਹੇ ਲੋਕਾਂ ਨੂੰ ਉਪਰ ਚੁੱਕਣ ਲਈ ਜ਼ਮੀਨਾਂ ਦੇ ਮਾਲਕ ਬਣਾਇਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਅੰਦਰ ਬਰਾਬਰਤਾ ਦਾ ਬੋਲਬਾਲਾ ਸੀ। ਸਿੱਖ ਧਰਮ ਜਾਤਪਾਤ ਦੀ ਇਜਾਜ਼ਤ ਨਹੀਂ ਦਿੰਦਾ। ਸਰਬਜੀਤ ਸਿੰਘ ਨੇ ਕਿਹਾ ਕਿ ਖਾਲਸਾ ਪੰਥ ਆਪਣੀ ਖੁੱਸੀ ਬਾਦਸ਼ਾਹਤ ਹਾਸਲ ਕਰਨ ਲਈ ਪੂਰਾ ਯਤਨਸ਼ੀਲ ਹੈ। ਸਿੱਖ ਭਾਈਚਾਰੇ ਵਲੋਂ ਪ੍ਰੋ. ਸੁਖਪ੍ਰੀਤ ਸਿੰਘ ਉਦੋਕੇ, ਵਾਇਸ ਆਫ ਖਾਲਸਾ ਰੇਡੀਓ ਤੋਂ ਸੁਖਵਿੰਦਰ ਸਿੰਘ ਅਤੇ ਨਿਊਯਾਰਕ ਸਿਟੀ ਦੇ ਹਿਊਮਨ ਰਾਇਟਸ ਕਮਿਸ਼ਨਰ ਗੁਰਦੇਵ ਸਿੰਘ ਕੰਗ ਨੇ ਵੀ ਆਪਣੇ ਵਿਚਾਰ ਰੱਖੇ। ਵਾਮਨ ਮੇਸ਼ਰਾਮ ਨੇ ਇਹ ਵੀ ਐਲਾਨ ਕੀਤਾ ਕਿ ਉਨ੍ਹਾਂ ਦਾ ਸੰਗਠਨ 1 ਨਵੰਬਰ ਨੂੰ ਦਿੱਲੀ ਦੇ ਜੰਤਰ ਮੰਤਰ ਗਰਾਊਂਡ ਵਿੱਚ ਸਿੱਖ ਨਸਲਕੁਸ਼ੀ ਵਿਰੁੱਧ ਅਤੇ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਲਈ ਰੋਸ ਪ੍ਰਦਰਸ਼ਨ ਕਰੇਗਾ।

# ਹਿੰਦ-ਪਾਕਿ ਵੰਡ ਦਾ ਦਰਦ...

**ਭਾਰਤ ਅਤੇ ਪਾਕਿਸਤਾਨ ਆਜ਼ਾਦੀ ਦੀ 70ਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ ਕਰ ਰਹੇ ਹਨ। (ਪਾਕਿਸਤਾਨ ਵਿਚ 14 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਇਆ ਜਾਂਦਾ ਹੈ ਤੇ ਭਾਰਤ 15 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਉਂਦਾ ਹੈ।) ਇਸ ਵੰਡ ਕਾਰਨ ਜੋ ਜ਼ਖ਼ਮ ਦੋਹਾਂ ਮੁਲਕਾਂ ’ਤੇ ਲੱਗੇ, ਉਹ ਵਰ੍ਹਿਆਂ ਬਾਅਦ ਵੀ ਭਰੇ ਨਹੀਂ ਜਾ ਸਕੇ। ਇਸ ਮੌਕੇ ਭਾਰਤ ਵਿਚ ਬੀਬੀਸੀ ਦੇ ਸਾਬਕਾ ਪੱਤਰਕਾਰ ਐਂਡਰਿਊ ਵ੍ਹਾਈਟਹੇਡ ਅਤੇ ਬੀਬੀਸੀ ਦੇ ਪੱਤਰਕਾਰ ਇਸ਼ਲੀਨ ਕੌਰ ਤੇ ਸ਼ੀਰਾਜ ਵਲੋਂ ਭਾਰਤ ਦੀ ਵੰਡ ਦੀ ਵਿਰਾਸਤ ਅਤੇ ਇਸ ਦੇ ਅਸਰ ਉੱਤੇ ਆਪਣਾ ਨਜ਼ਰੀਆ ਪੇਸ਼ ਕਰ ਰਹੇ ਹਨ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ।**

## ਭਾਰਤ-ਪਾਕਿ ਵੰਡ ਦੀ ਓਹ ਪ੍ਰੇਮ ਗਾਥਾ

**ਸੌਤਿਕ ਬਿਸਵਾਸ**

ਇਸ ਤਸਵੀਰ ਵਿਚ ਤੁਹਾਨੂੰ ਇਕ ਕਢਾਈਦਾਰ ਜੈਕੇਟ ਤੇ ਇਕ ਭੂਰੇ ਰੰਗ ਦਾ ਚਮੜੇ ਦਾ ਬਰੀਫ਼ਕੇਸ ਦਿਖ ਰਿਹਾ ਹੋਵੇਗਾ। ਦੇਖਣ ਵਿਚ ਤਾਂ ਇਹ ਕਿਸੇ ਸਾਧਾਰਨ ਜੈਕੇਟ ਤੇ ਬਰੀਫ਼ਕੇਸ ਵਾਂਗ ਲੱਗ ਰਹੇ ਹੋਣਗੇ, ਪਰ ਇਹ ਖ਼ਾਸ ਹਨ। ਇਹ ਜੈਕੇਟ ਤੇ ਬਰੀਫ਼ਕੇਸ ਉਸ ਆਦਮੀ ਤੇ ਔਰਤ ਦੇ ਹਨ ਜੋ ਅਣਵੰਡੇ ਭਾਰਤ ਦੇ ਪੰਜਾਬ ਵਿਚ ਰਹਿੰਦੇ ਸਨ। ਉਨ੍ਹਾਂ ਦੋਹਾਂ ਦੀ ਮੁਲਾਕਾਤ ਉਨ੍ਹਾਂ ਦੇ ਮਾਂ-ਬਾਪ ਨੇ ਕਰਵਾਈ ਸੀ। ਜਦੋਂ 1947 ਵਿਚ ਵੰਡ ਦੌਰਾਨ ਵੱਡੇ ਪੱਧਰ ’ਤੇ ਭਾਰਤ-ਪਾਕਿਸਤਾਨ ਦੋਹਾਂ ਹੀ ਪਾਸਿਆਂ ਤੋਂ ਹਿੰਸਾ ਭੜਕੀ ਸੀ, ਤਾਂ ਦੋਹਾਂ ਦੀ ਮੰਗਣੀ ਹੋ ਚੁੱਕੀ ਸੀ। ਜਦੋਂ ਹਿੰਦੂ-ਮੁਸਲਮਾਨ ਦੋਵੇਂ ਹੀ ਇਕ-ਦੂਜੇ ਦੇ ਖ਼ੂਨ ਦੇ ਪਿਆਸੇ ਹੋਏ ਪਏ ਸਨ ਤਾਂ ਅਜਿਹੇ ਮਾਹੌਲ ਵਿਚ ਆਪਣੀ ਜਾਨ ਬਚਾਉਣ ਲਈ ਘਰ ਤੋਂ ਨਿਕਲੇ ਇਨ੍ਹਾਂ ਦੋਹਾਂ ਲਈ ਇਹ ਜੈਕੇਟ ਤੇ ਬਰੀਫ਼ਕੇਸ ਕਿਸੇ ਅਨਮੋਲ ਖਜ਼ਾਨੇ ਵਾਂਗ ਸੀ।

ਭਗਵਾਨ ਸਿੰਘ ਮੈਣੀ ਦੇ 3 ਭਰਾ ਪਹਿਲਾਂ ਹੀ ਹਿੰਸਾ ਦੀ ਭੇਟ ਚੜ੍ਹ ਚੁੱਕੇ ਸਨ। ਇਸ ਲਈ ਭਗਵਾਨ ਸਿੰਘ ਨੇ ਆਪਣੇ ਸਾਰੇ ਸਰਟੀਫਿਕੇਟ ਤੇ ਜ਼ਮੀਨ ਦੇ ਕਾਗ਼ਜ਼ਾਤ ਇਸ ਬਰੀਫ਼ਕੇਸ ਵਿਚ ਰੱਖੇ ਤੇ ਆਪਣੇ ਘਰ ਮਿਆਂਵਾਲੀ ਤੋਂ ਨਿਕਲ ਪਏ। ਇਥੋਂ ਢਾਈ ਸੌ ਕਿਲਮੀਟਰ ਨਾਲੋਂ ਜ਼ਿਆਦਾ ਦੀ ਦੂਰੀ ’ਤੇ ਗੁਜਰਾਂਵਾਲਾ ਵਿਚ 22 ਸਾਲ ਦੀ ਪ੍ਰੀਤਮ ਕੌਰ ਆਪਣੇ ਪਰਿਵਾਰ ਤੋਂ ਵਿਛੜ ਕੇ ਅੰਮ੍ਰਿਤਸਰ ਜਾਣ ਵਾਲੀ ਗੱਡੀ ’ਤੇ ਸਵਾਰ ਹੋ



ਗਈ ਸੀ। ਉਨ੍ਹਾਂ ਦੀ ਗੋਦ ਵਿਚ ਉਨ੍ਹਾਂ ਦਾ 2 ਸਾਲ ਦਾ ਭਰਾ ਸੀ। ਉਨ੍ਹਾਂ ਦੇ ਬੈਗ ਵਿਚ ਉਨ੍ਹਾਂ ਦੀ ਸਭ ਤੋਂ ਕੀਮਤੀ ਚੀਜ਼ ਉਨ੍ਹਾਂ ਦੀ ਫੁਲਕਾਰੀ ਜੈਕੇਟ ਸੀ। ਇਹ ਜੈਕੇਟ ਉਨ੍ਹਾਂ ਦੇ ਚੰਗੇ ਦਿਨਾਂ ਦੀ ਨਿਸ਼ਾਨੀ ਸੀ।

ਇਸ ਨੂੰ ਇਤਫ਼ਾਕ ਹੀ ਕਹੋਗੇ ਕਿ ਅੰਮ੍ਰਿਤਸਰ ਵਿਚ ਲੱਗੇ ਸ਼ਰਨਾਰਥੀ ਕੈਂਪਾਂ ਵਿਚ ਇਕ ਵਾਰ ਫਿਰ ਭਗਵਾਨ ਸਿੰਘ ਤੇ ਪ੍ਰੀਤਮ ਕੌਰ ਦੀ ਮੁਲਾਕਾਤ ਹੋਈ। ਸਰਹੱਦ ਦੇ ਦੂਸਰੇ ਪਾਰੋਂ ਆਏ ਡੇਢ ਕਰੋੜ ਸ਼ਰਨਾਰਥੀਆਂ ਵਿਚੋਂ ਇਨ੍ਹਾਂ ਦੋਹਾਂ ਦਾ ਮਿਲਣਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਸੀ। ਇਨ੍ਹਾਂ ਦੋਹਾਂ ਦੀ ਮੁਲਾਕਾਤ ਉਸ ਵਕਤ ਹੋਈ ਜਦੋਂ ਇਹ ਦੋਵੇਂ ਸ਼ਰਨਾਰਥੀ ਕੈਂਪ ਵਿਚ ਖਾਣ ਲੈਣ ਲਈ ਲਾਈਨ ਵਿਚ ਲੱਗੇ ਸਨ। ਭਗਵਾਨ ਸਿੰਘ ਮੈਣੀ ਦੀ ਨੂੰਹ ਕੂਕੀ ਮੈਣੀ ਦਸਦੀ ਹੈ, ‘ਦੋਹਾਂ ਨੇ ਹੀ ਆਪਣੇ ਨਾਲ ਗੁਜ਼ਰੇ ਬੁਰੇ ਵਕਤ ਬਾਰੇ ਇਕ-ਦੂਜੇ ਨੂੰ ਦੱਸਿਆ। ਉਹ ਆਪਣੀ ਕਿਸਮਤ ’ਤੇ ਹੈਰਾਨ ਹੋ ਰਹੇ ਸਨ ਕਿ ਉਹ ਇਕ ਵਾਰ ਫਿਰ ਮਿਲ ਗਏ ਸਨ। ਬਾਅਦ ਵਿਚ ਉਨ੍ਹਾਂ ਦੇ ਪਰਿਵਾਰ ਵੀ ਮਿਲ ਗਏ। ਮਾਰਚ 1948 ਵਿਚ ਦੋਹਾਂ ਦਾ ਵਿਆਹ ਹੋਇਆ। ਇਹ ਸਿੱਧਾ-ਸਾਦਾ ਸਮਾਰੋਹ ਸੀ। ਦੋਹਾਂ ਦੇ ਹੀ ਪਰਿਵਾਰ ਵਾਲੇ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰਨ ਦੀ ਜੱਦੋ-ਜਹਿਦ ਕਰ ਰਹੇ ਸਨ।

ਭਗਵਾਨ ਸਿੰਘ ਮੈਣੀ ਨੇ ਪੰਜਾਬ ਵਿਚ ਕੋਰਟ ਵਿਚ ਨੌਕਰੀ ਕਰ ਲਈ ਤੇ ਪ੍ਰੀਤਮ ਕੌਰ ਦੇ ਨਾਲ ਲੁਧਿਆਣਾ ਚਲੇ ਗਏ। ਦੋਹਾਂ ਦੇ ਦੋ ਬੱਚੇ ਹਨ ਤੇ ਦੋਵੇਂ ਪ੍ਰਸ਼ਾਸਨਿਕ ਅਧਿਕਾਰੀ ਹਨ। ਮੈਣੀ ਦੀ 30 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ ਤੇ ਪ੍ਰੀਤਮ ਕੌਰ ਨੇ 2002 ਵਿਚ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ। ਕੂਕੀ ਮੈਣੀ ਕਹਿੰਦੀ ਹੈ, ‘ਇਹ ਜੈਕੇਟ ਤੇ ਬਰੀਫ਼ਕੇਸ ਉਨ੍ਹਾਂ ਦੀ ਤਰਾਸਦੀਪੂਰਨ ਜ਼ਿੰਦਗੀ, ਜਿਸ ਵਿਚ ਉਨ੍ਹਾਂ ਦੇ ਵਿਛੜਨ ਤੇ ਮਿਲਣ ਦੀ ਕਹਾਣੀ ਸ਼ਾਮਲ ਹੈ, ਦੀ ਗਵਾਹ ਹੈ।

ਇਹ ਮਿਊਜ਼ੀਅਮ ਬਟਵਾਰੇ ਦੀਆਂ ਨਿਸ਼ਾਨੀਆਂ ਨੂੰ ਸਹੇਜ ਕੇ ਰੱਖਣ ਲਈ ਸਮਰਪਿਤ ਕੀਤੀ ਹੈ। ਇਹ ਅੰਮ੍ਰਿਤਸਰ ਦੇ ਵੱਡੇ ਟਾਊਨ ਹਾਲ ਵਿਚ ਹੈ। ਇਥੇ ਤਸਵੀਰਾਂ, ਚਿੱਠੀਆਂ, ਆਡੀਓ ਰਿਕਾਰਡਿੰਗਜ਼, ਸ਼ਰਨਾਰਥੀਆਂ ਦੇ ਸਾਮਾਨ, ਅਧਿਕਾਰਤ ਦਸਤਾਵੇਜ਼ ਤੇ ਅਖ਼ਬਾਰਾਂ



ਭਗਵਾਨ ਸਿੰਘ ਤੇ ਪ੍ਰੀਤਮ ਕੌਰ

ਦੀ ਕਾਤਰਾਂ ਰੱਖੀਆਂ ਗਈਆਂ ਹਨ। ਇਸ ਪਾਰਟੀਸ਼ਨ ਮਿਊਜ਼ੀਅਮ ਦੇ ਮੁੱਖ ਕਾਰਜਕਾਰੀ ਅਧਿਕਾਰੀ ਮਨਿਕਾ ਆਹਲੂਵਾਲੀਆ ਦਾ ਕਹਿਣਾ ਹੈ, ‘ਇਹ ਬਟਵਾਰੇ ਨੂੰ ਲੈ ਕੇ ਸ਼ਾਨਦਾਰ ਤੇ ਦੁਨੀਆ ਦਾ ਆਪਣੇ ਆਪ ਵਿਚ ਅਨੋਖਾ ਮਿਊਜ਼ੀਅਮ ਹੈ। ਬਟਵਾਰੇ ਵੇਲੇ ਦੋਹਾਂ ਪਾਸਿਆਂ ਦੀਆਂ ਗੱਡੀਆਂ ਖ਼ੂਨ ਤੇ ਲਾਸ਼ਾਂ ਨਾਲ ਭਰੀਆਂ ਹੁੰਦੀਆਂ ਸਨ। ਫ਼ੌਜ ਦੇ ਬਹੁਤ ਘੱਟ ਜਵਾਨ ਦੰਗਿਆਂ ਨੂੰ ਰੋਕਣ ਵਿਚ ਲੱਗੇ ਹੋਏ ਸਨ।

ਇਤਿਹਾਸਕਾਰ ਰਾਮਚੰਦਰ ਗੁਹਾ ਦਾ ਕਹਿਣਾ ਹੈ, ‘ਉਸ ਵਕਤ ਬਰਤਾਨਵੀਆਂ ਦੀ ਜਾਨ ਬਚਾਉਣਾ ਅੰਗਰੇਜ਼ਾਂ ਦੀ ਪਹਿਲੀ ਤਰਜੀਹ ਸੀ।’ ਪੂਰਾ ਦੇਸ਼ ਲਗਦਾ ਸੀ ਕਿ ਸ਼ਰਨਾਰਥੀ ਕੈਂਪਾਂ ਦੇ ਤੰਬੂਆਂ ਨਾਲ ਭਰਿਆ ਪਿਆ ਸੀ। ਕਿਸਾਨ ਆਪਣੀ ਜ਼ਮੀਨ ਛੱਡ ਕੇ ਬੇਘਰ ਹੋ ਗਏ ਸਨ। ਇਸ ਦੇ ਬਦਲੇ ਉਨ੍ਹਾਂ ਨੂੰ ਬਹੁਤ ਘੱਟ ਮੁਆਵਜ਼ਾ ਮਿਲਿਆ ਸੀ। ਬਟਵਾਰੇ ਦੇ ਮਹੀਨਿਆਂ ਬਾਅਦ ਤਕ ਦੋਹਾਂ ਪਾਸਿਆਂ ਵੱਲ ਖ਼ੂਨਖਰਾਬਾ ਹੁੰਦਾ ਰਿਹਾ ਸੀ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਅਕਤੂਬਰ 1947 ਵਿਚ ਲਿਖਿਆ ਸੀ, ‘ਜ਼ਿੰਦਗੀ ਇਥੇ ਭਿਆਨਕ ਹੁੰਦੀ ਜਾ ਰਹੀ ਹੈ। ਹਰ ਚੀਜ਼ ਗੜਬੜ ਹੁੰਦੀ ਪ੍ਰਤੀਤ ਹੋ ਰਹੀ ਹੈ।’ ਅਜਿਹੇ ਵਕਤ ਵਿਚ ਭਗਵਾਨ ਸਿੰਘ ਮੈਣੀ ਤੇ ਪ੍ਰੀਤਮ ਕੌਰ ਵਰਗਿਆਂ ਦੀਆਂ ਕਹਾਣੀਆਂ ਜ਼ਿੰਦਗੀ ਦੀ ਉਮੀਦ ਨੂੰ ਜ਼ਿੰਦਾ ਰੱਖਣ ਵਿਚ ਕਾਮਯਾਬ ਰਹੀਆਂ। ਉਮੀਦ ਹੈ ਕਿ ਅੰਮ੍ਰਿਤਸਰ ਵਿਚ ਖੁੱਲ੍ਹਿਆ ਇਹ ਮਿਊਜ਼ੀਅਮ ਲੋਕਾਂ ਨੂੰ ਲੇਖਕ ਸੁਨੀਲ ਖਿਲਨਾਨੀ ਦੇ ਲਿਖੇ ਸ਼ਬਦਾਂ ਦੀ ਯਾਦ ਦਵਾਏਗਾ। ਉਨ੍ਹਾਂ ਨੇ ਬਟਵਾਰੇ ਦੇ ਇਸ ਮੰਜ਼ਰ ’ਤੇ ਲਿਖਿਆ ਸੀ, ‘ਭਾਰਤ ਦੇ ਦਿਲ ਦੀ ਇਹ ਨਾ ਸੁਣਾਈ ਜਾਣ ਵਾਲੀ ਉਦਾਸੀ ਹੈ।’

## ‘ਲਾਇਲਪੁਰ ਦੀ ਕੋਈ ਗੱਲ ਕਰਦੈ ਤਾਂ 2 ਕਿਲੋ ਖ਼ੂਨ ਵਧ ਜਾਂਦੈ’

**ਰਜ਼ਾ ਹਮਦਾਨੀ**

ਭਾਰਤ ਦੀ ਵੰਡ ਨੇ ਸਫ਼ੀਆ ਤੇ ਸਰਦਾਰ ਉਜਾਗਰ ਸਿੰਘ ਨੂੰ ਸਰਹੱਦ ਪਾਰ ਕਰਨ ਲਈ ਮਜਬੂਰ ਕੀਤਾ ਤਾਂ 70 ਸਾਲ ਬਾਅਦ ਦੋਹਾਂ ਨੇ ਆਪਣੇ ਆਪਣੇ ਪੁਰਾਣੇ ਸ਼ਹਿਰ ਜਾਣ ਦਾ ਇਰਾਦਾ ਕੀਤਾ ਪਰ ਉਨ੍ਹਾਂ ਦੋਹਾਂ ਨੂੰ ਦੂਤਾਵਾਸ ਤੋਂ ਵੀਜ਼ਾ ਜਾਰੀ ਜ਼ਰੂਰੀ ਸੀ। ਭਾਰਤ ਵੰਡ ਦੇ 70 ਸਾਲ ਹੋਣ ’ਤੇ ਮੈਂ ਆਪਣੀ ਮਾਂ ਨੂੰ ਭਾਰਤ ਲਿਜਾਣਾ ਚਾਹੁੰਦਾ ਸੀ ਤਾਂ ਕਿ ਮੇਰੀ 80 ਸਾਲ ਦੀ ਮਾਂ ਸਫ਼ੀਆ ਹਮਦਾਨੀ ਫ਼ਿਰੋਜ਼ਪੁਰ ਵਿਚ ਆਪਣਾ ਪੁਰਾਣਾ ਘਰ ਦੇਖ ਸਕੇ। ਦੂਸਰੇ ਪਾਸੇ ਮੇਰੀ ਸਹੇਲੀ ਇਸ਼ਲੀਨ ਕੌਰ ਨੂੰ ਆਪਣੇ ਦਾਦਾ ਸਰਦਾਰ ਉਜਾਗਰ ਸਿੰਘ ਨੂੰ ਪਾਕਿਸਤਾਨ ਲਿਜਾਣਾ ਸੀ। 89 ਸਾਲ ਦੇ ਉਜਾਗਰ ਸਿੰਘ ਲਾਇਲਪੁਰ ਤੋਂ ਭਾਰਤ ਆਏ ਸਨ। ਪਰ ਨਾ ਮੈਨੂੰ ਤੇ ਮੇਰੀ ਮਾਂ ਨੂੰ ਵੀਜ਼ਾ ਮਿਲਿਆ ਤੇ ਨਾ ਹੀ ਇਸ਼ਲੀਨ ਤੇ ਉਜਾਗਰ ਸਿੰਘ ਨੂੰ। ਸਰਦਾਰ ਉਜਾਗਰ ਸਿੰਘ ਕਹਿੰਦੇ ਹਨ ਕਿ ਉਮੀਦ ਹੀ ਕੀਤੀ ਜਾ ਸਕਦੀ ਹੈ ਕਿ ਇਨ੍ਹਾਂ ਦੋਹਾਂ ਸਰਕਾਰਾਂ ਨੂੰ ਸਮਝਿਆ ਜਾਵੇ।

ਫ਼ੈਸਲਾ ਇਹ ਹੋਇਆ ਕਿ ਇਸ਼ਲੀਨ ਵੀਡੀਓ ਲਿੰਕ ਰਾਹੀਂ ਮੇਰੀ ਮਾਂ ਨੂੰ ਫ਼ਿਰੋਜ਼ਪੁਰ ਦਾ ਘਰ ਦਿਖਾਏਗੀ ਤੇ ਮੈਂ ਸਰਦਾਰ ਉਜਾਗਰ ਸਿੰਘ ਨੂੰ ਫ਼ੈਸਲਾਬਾਦ ਵਿਚ ਉਨ੍ਹਾਂ ਦਾ ਪੁਰਾਣਾ ਘਰ ਦਿਖਾਵਾਂਗਾ। 70 ਸਾਲ ਵਿਚ ਸ਼ਹਿਰ, ਕਸਬੇ ਤੇ ਪਿੰਡ ਬਦਲ ਜਾਂਦੇ ਹਨ। ਪੁਰਾਣੀਆਂ ਇਮਾਰਤਾਂ ਦੀ ਥਾਂ ਨਵੀਆਂ ਤੇ ਆਧੁਨਿਕ ਇਮਾਰਤਾਂ ਲੈ ਲੈਂਦੀਆਂ ਹਨ ਜਾਂ ਫਿਰ ਪੁਰਾਣੀਆਂ ਇਮਾਰਤਾਂ ਦਾ ਆਧੁਨੀਕਰਨ ਕੀਤਾ ਜਾਂਦਾ ਹੈ। ਬਦਲੇ ਹੋਏ ਫ਼ੈਸਲਾਬਾਦ ਵਿਚ ਉਜਾਗਰ ਸਿੰਘ ਦਾ ਘਰ ਲਭਣਾ ਏਨਾ ਆਸਾਨ ਨਹੀਂ ਸੀ। ਫ਼ੈਸਲਾਬਾਦ ਜਾਣ ਤੋਂ ਪਹਿਲਾਂ ਸਰਦਾਰ ਉਜਾਗਰ ਸਿੰਘ ਨਾਲ ਵਿਸਥਾਰ ਵਿਚ ਚਰਚਾ ਹੋਈ। ਉਨ੍ਹਾਂ ਤੋਂ ਉਨ੍ਹਾਂ ਦੇ ਸ਼ਹਿਰ ਲਾਇਲਪੁਰ ਬਾਰੇ ਪੁਛਿਆ। 89 ਸਾਲ ਦੀ ਉਮਰ ਵਿਚ ਉਹ ਆਪਣੀ ਯਾਦਾਸ਼ਤ ਨਾਲ ਜਿੰਨੀ ਮਦਦ ਕਰ ਸਕਦੇ ਸਨ, ਉਨ੍ਹਾਂ ਨੇ ਕੀਤੀ।



ਸਰਦਾਰ ਉਜਾਗਰ ਸਿੰਘ ਆਪਣੀ ਛੋਟੀ ਭੈਣ ਨਾਲ।

### ਵਕੀਲਾਂ ਦੀ ਗਲੀ...

ਸਰਦਾਰ ਉਜਾਗਰ ਸਿੰਘ ਪਹਿਲਾਂ ਲਾਇਲਪੁਰ ਦੀ ਪਛਾਣ ਕਲਾਕ ਟਾਵਰ ਜਾਂ ਘੰਟਾਘਰ ਵਿਚ ਚਨੇਵਟ ਬਾਜ਼ਾਰ ਵਿਚ ਸਥਿਤ ਵਕੀਲਾਂ ਦੀ ਗਲੀ ਵਿਚ ਰਹਿੰਦੇ ਸਨ। ਲਗਭਗ 15 ਸਾਲ ਦੀ ਉਮਰ ਵਿਚ ਉਹ ਇਸ ਇਲਾਕੇ ਤੋਂ ਉਸ ਵਕਤ ਖੇਤੀ ਕਾਲਜ ਦੇ ਸਾਹਮਣੇ ਨਵੇਂ ਰਿਹਾਇਸ਼ੀ ਇਲਾਕੇ ਗੋਬਿੰਦਪੁਰਾ ਰਹਿਣ ਆਏ ਸਨ। ਉਨ੍ਹਾਂ ਨੇ ਖ਼ਾਲਸਾ ਸਕੂਲ ਵਿਚ ਮੈਟ੍ਰਿਕ ਕੀਤੀ ਤੇ ਫਿਰ ਬਟਵਾਰਾ ਹੋ ਗਿਆ।

ਫ਼ੈਸਲਾਬਾਦ ਵਿਚ ਦਾਖਲ ਹੋਏ ਤਾਂ ਨਵੀਂ ਇਮਾਰਤਾਂ ਵਿਚਾਲੇ ਪੁਰਾਣੀਆਂ ਇਮਾਰਤਾਂ ਦਿਖਾਈ ਦਿੱਤੀਆਂ। ‘ਮਾਈ ਦੀ ਝੁੱਗੀ’ ਦਾ ਸਾਈਨ ਬੋਰਡ ਦੇਖਿਆ ਤਾਂ ਉਜਾਗਰ ਸਿੰਘ ਦੀ ਇਹ ਗੱਲ ਯਾਦ ਆਈ ਜਦੋਂ ਉਨ੍ਹਾਂ ਨੇ ਦੱਸਿਆ ਕਿ ‘ਮਾਈ ਦੀ ਝੁੱਗੀ’ ਵਿਚ ਇਕ ਛੋਟਾ ਗੁਰਦੁਆਰਾ ਸੀ ਤੇ ਇਥੇ ਹੀ ਹਰ ਸਾਲ ਬਸੰਦ ਦਾ ਮੇਲਾ ਹੋਇਆ ਕਰਦਾ ਸੀ। ਇਸ ਮੇਲੇ ਵਿਚ ਵੱਡੀ ਸੰਖਿਆ ਵਿਚ ਲੋਕ ਆਇਆ ਕਰਦੇ ਸਨ। ਹਰ ਤਰਫ ਹਰਿਆਲੀ ਹੀ ਹਰਿਆਲੀ ਤੇ ਜਾਗੀਰਦਾਰ ਤੇ ਕਿਸਾਨ ਇਕੱਠੇ ਮੇਰੇ ਦਾ ਆਨੰਦ ਮਾਣਦੇ ਸਨ।

ਪਰ ਹੁਣ ‘ਮਾਈ ਦੀ ਝੁੱਗੀ’ ਸੰਘਣੀ ਆਬਾਦੀ ਵਾਲਾ ਖੇਤਰ ਬਣ ਗਿਆ ਹੈ ਤੇ ਗੁਰਦੁਆਰੇ ਦੀ ਭਾਲ ਲਈ ਜਦੋਂ ਲੋਕਾਂ ਤੋਂ ਪੁਛਣਾ ਸ਼ੁਰੂ ਕੀਤਾ ਤਾਂ ਕੋਈ ਕਿਸੇ ਹੋਰ ਤੋਂ ਪੁਛਣ ਲਈ ਕਹਿੰਦਾ ਤਾਂ ਕੋਈ ਸੋਚ ਵਿਚ ਪੈ ਜਾਂਦਾ।

ਤੰਗ ਗਲੀਆਂ ਵਿਚ ਲੋਕਾਂ ਨੂੰ ਪੁਛਦੇ ਪੁਛਦੇ ਇਕ ਥਾਂ ਪਹੁੰਚੇ ਜਿੱਥੇ ਸਿਰਫ਼ ਬਟਵਾਰੇ ਤੋਂ ਪਹਿਲਾਂ ਦਾ ਇਕ ਖੂਹ ਸੀ। ਦੋ-ਤਿੰਨ ਛੋਟੇ ਛੋਟੇ ਕਮਰੇ ਜਿੱਥੇ ਦੋ ਬੁੱਢੀਆਂ ਲੇਟੀਆਂ ਹੋਈਆਂ ਸਨ। ਉਨ੍ਹਾਂ ਤੋਂ ਜਦੋਂ ਖੂਹ ਬਾਰੇ ਪੁਛਿਆ ਤਾਂ ਜਵਾਬ ਦੇਣ ਦੀ ਥਾਂ ਉਨ੍ਹਾਂ ਨੇ ਸਵਾਲ ਕੀਤਾ, ‘ਕੀ ਤੂੰ ਸਾਨੂੰ ਕੱਢਣ ਤਾਂ ਨਹੀਂ ਆਇਆ?’ ਉਨ੍ਹਾਂ ਨੂੰ ਤਸੱਲੀ ਦਿਲਵਾਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਦੇ ਇਤਿਹਾਸ ਬਾਰੇ ਤਾਂ ਨਹੀਂ ਪਤਾ ਪਰ ਬੱਚਿਆਂ ਨੇ ਇਸ ’ਤੇ ਲੱਗੀ ਹੋਈ ਤਖ਼ਤੀ ਤੋੜ ਦਿੱਤੀ ਹੈ। ਖੂਹ ਵਿਚ ਪਾਣੀ ਘੱਟ ਤੇ ਟੈਨਿਸ ਬਾਲਾਂ ਜ਼ਿਆਦਾ ਸਨ। ਕਿੰਨਾ ਸ਼ਹਿਰ ਬਦਲ ਗਿਆ ਹੈ, ਮੈਨੂੰ ‘ਮਾਈ ਦੀ ਝੁੱਗੀ’ ਇਲਾਕੇ ਤੋਂ ਅੰਦਾਜ਼ਾ ਹੋ ਗਿਆ ਸੀ।

ਮੇਰੀ ਪਹਿਲੀ ਮੰਜ਼ਿਲ ਮਸ਼ਹੂਰ ਘੰਟਾ ਘਰ ਤੇ ਉਸ ਦੇ 8 ਬਾਜ਼ਾਰ ਸਨ। ਉਜਾਗਰ ਸਿੰਘ ਦੀ ਦਿੱਤੀ ਹੋਈ ਜਾਣਕਾਰੀ ਮੁਤਾਬਕ ਮੈਂ ਚਨਵੇਟ ਬਾਜ਼ਾਰ ਪਹੁੰਚਿਆ ਤੇ ਵਕੀਲਾਂ ਦੀ ਗਲੀ ਵਿਚ ਪਹੁੰਚਿਆ।



ਵਕੀਲਾਂ ਦੀ ਗਲੀ ਵਿਚ ਉਜਾਗਰ ਸਿੰਘ ਦਾ ਘਰ, ਮਾਲਕ ਮਕਾਨ ਨੇ ਅੰਦਰ ਜਾਣ ਦੀ ਇਜਾਜ਼ਤ ਨਾ ਦਿੱਤੀ।

ਉਜਾਗਰ ਸਿੰਘ ਨੇ ਵਕੀਲਾਂ ਦੀ ਗਲੀ ਵਿਚ ਆਪਣੇ ਘਰ ਦੀ ਗੱਲ ਕਰਦਿਆਂ ਕਿਹਾ ਸੀ, ‘ਸਾਡਾ ਘਰ ਚਨਵੇਟ ਬਾਜ਼ਾਰ ਵਲੋਂ ਸ਼ੁਰੂ ਹੁੰਦਾ ਸੀ ਤੇ ਅੱਗੇ ਜਾਓ ਤਾਂ ਕਚਹਿਰੀ ਬਾਜ਼ਾਰ ਸ਼ੁਰੂ ਹੋ ਜਾਂਦਾ ਸੀ। ਉਸ ਸਮੇਂ ਗਲੀ ਵਿਚ 15-16 ਘਰ ਸਨ। ਐਡਵੋਕੇਟ ਗੁਲਾਮ ਰਸੂਲ ਦਾ ਘਰ ਬਾਜ਼ਾਰ ਵੱਲ ਸੀ ਜਦਕਿ ਅਸੀਂ ਜ਼ਿਆਦਾਤਰ ਗਲੀ ਦੀ ਜਾਨਿਬ ਤੋਂ ਆਉਂਦੇ ਜਾਂਦੇ ਸੀ।’ ਉਨ੍ਹਾਂ ਕਿਹਾ ਕਿ ‘ਸਾਡਾ ਘਰ ਦੋ ਪਾਸੇ ਖੁੱਲ੍ਹਦਾ ਸੀ ਇਕ ਗਲੀ ਤੇ ਦੂਸਰਾ ਛੋਟੇ ਬਾਜ਼ਾਰ ਵੱਲ। ਛੋਟੇ ਬਾਜ਼ਾਰ ਵੱਲ ਸਾਡੇ ਗਵਾਂਢ ਵਿਚ ਰਾਜਾ ਗ਼ੁਲਾਮ ਰਸੂਲ ਰਹਿੰਦੇ ਸਨ। ਘਰ ਦੇ ਕਰੀਬ ਹੀ ਕੋਲਹੂ ਤੇ ਪ੍ਰਿੰਟਿੰਗ ਹਾਊਸ ਸੀ ਤੇ ਥੋੜ੍ਹਾ ਅੱਗ ਕੋਆਪਰੇਟਿਵ ਬੈਂਕ ਤੇ ਕਸਾਈਖਾਨਾ ਸੀ।’

ਸਰਦਾਰ ਉਜਾਗਰ ਸਿੰਘ ਦੇ ਪਰਦਾਦਾ ਦਯਾ ਸਿੰਘ ਤੇ ਦਾਦਾ ਮੱਖਣ ਸਿੰਘ ਦਾ ਅਨਾਜ ਦਾ ਕਾਰੋਬਾਰ ਸੀ ਤੇ ਉਨ੍ਹਾਂ ਦੀ ਦੁਕਾਨ ਛੋਟੀ ਮੰਡੀ ਵਿਚ ਸੀ ਜੋ ਚਨਵੇਟ ਬਾਜ਼ਾਰ ਵਿਚ ਸੀ। ਉਜਾਗਰ ਸਿੰਘ ਨੇ ਸਕੂਲ ਤੋਂ ਬਾਅਦ ਥੋੜ੍ਹੀ ਦੇਰ ਲਈ ਦੁਕਾਨ ’ਤੇ ਬੈਠ ਕੇ ਦਾਦਾ ਤੇ ਪਿਤਾ ਦਾ ਹੱਥ ਵਟਾਇਆ ਸੀ। ਉਹ ਜ਼ਿਆਦਾ ਖੇਡਣ ਦੇ ਸ਼ੌਕੀਨ ਨਹੀਂ ਸੀ ਤੇ ਥੋੜ੍ਹੇ ਬਹੁਤ ਦੋਸਤ ਸਨ ਜੋ ਉਨ੍ਹਾਂ ਦੇ ਨਾਲ ਸਕੂਲ ਵਿਚ ਹੀ ਪੜ੍ਹਦੇ ਸਨ। ਉਨ੍ਹਾਂ ਨੂੰ ਇਕ ਦੋਸਤ ਪ੍ਰੇਮ ਸਿੰਘ ਯਾਦ ਹੈ ਜੋ ਉਨ੍ਹਾਂ ਨਾਲ ਖ਼ਾਲਸਾ ਸਕੂਲ ਵਿਚ ਪੜ੍ਹਦਾ ਸੀ। ਤੇ ਅੱਜ ਵੀ ਉਨ੍ਹਾਂ ਨਾਲ ਗੱਲਬਾਤ ਹੁੰਦੀ ਹੈ। ਪ੍ਰੇਮ ਸਿੰਘ ਵਕੀਲ ਬਣ ਗਏ ਤੇ ਹੁਣ ਤਾਂ ਉਹ ਉਜਾਗਰ ਸਿੰਘ ਵਾਂਗ ਸੇਵਾਮੁਕਤ ਹਨ।

### ਘਰ ਦਾ ਹਾਲ...

ਵਕੀਲਾਂ ਦੀ ਗਲੀ ਵਿਚ ਦਾਖ਼ਲ ਹੋਇਆ ਤਾਂ ਇਕ-ਦੋ ਪੁਰਾਣੀਆਂ ਇਮਾਰਤਾਂ ਨਜ਼ਰ ਆ ਰਹੀਆਂ ਸਨ ਤੇ ਕੁਝ ਇਮਾਰਤਾਂ ’ਤੇ ਪਲਸਤਰ ਕਰਕੇ ਨਵੀਂ ਸ਼ਕਲ ਦੇ ਦਿੱਤੀ ਗਈ ਸੀ ਪਰ ਖਿੜਕੀਆਂ ਹਾਲੇ ਵੀ ਪੁਰਾਣੀਆਂ ਸਨ। ਵੱਡੇ ਵੱਡੇ ਘਰ ਹੁਣ ਛੋਟੇ ਛੋਟੇ ਦੁਕਾਨਾਂ ਤੇ ਘਰਾਂ ਵਿਚ ਬਦਲ ਗਏ ਹਨ। ਕਿਸੇ ਜ਼ਮਾਨੇ ਵਿਚ ਵੱਡੇ ਵਿਹੜੇ ਤੇ ਵੱਡੀਆਂ ਖਿੜਕੀਆਂ ਰਹੀਆਂ ਪਰ ਹੁਣ ਉਨ੍ਹਾਂ ਦੀ ਥਾਂ ਲੋਹੇ ਦੇ ਦਰਵਾਜ਼ਿਆਂ ਤੇ ਤੰਗ ਦੁਕਾਨਾਂ ਨੇ ਲੈ ਲਈ। ਲੋਕਾਂ ਨੂੰ ਇਹ ਪੁਛਣਾ ਸ਼ੁਰੂ ਕੀਤਾ ਕਿ ਇਸ ਇਲਾਕੇ ਦਾ ਪੁਰਾਣਾ ਰਹਿਣ ਵਾਲਾ ਕੌਣ ਹੈ। ਬੀ.ਬੀ.ਸੀ.

**ਬਾਕੀ ਸਫ਼ਾ 32 ’ਤੇ**

# ਮੋਤੀ ਮਹਿਲ ਨੂੰ ਘੇਰਾ ਪਾਉਣ ਲਈ ਕਿਸਾਨਾਂ ਨੇ ਸੰਘਰਸ਼ ਕੀਤਾ ਤਿੱਖਾ

## ਲੌਂਗੋਵਾਲ 'ਚ ਕਿਸਾਨਾਂ ਤੇ ਪੁਲੀਸ ਵਿਚਾਲੇ ਝੜਪ ਦੌਰਾਨ 2 ਪੁਲੀਸ ਮੁਲਾਜ਼ਮਾਂ ਸਮੇਤ 7 ਜਣੇ ਜ਼ਖ਼ਮੀ; ਸੰਘਰਸ਼ ਦਬਾਉਣ ਲਈ ਆਗੂਆਂ ਦੀ ਫੜੋ-ਫੜੀ ਜਾਰੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਕੈਪਟਨ ਸਰਕਾਰ ਨੂੰ ਆਪਣੇ ਕਾਰਜਕਾਲ ਦੇ ਪਹਿਲੇ ਛੇ ਮਹੀਨਿਆਂ ਦੌਰਾਨ ਹੀ ਵੱਡੇ ਕਿਸਾਨ ਅੰਦੋਲਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਅੰਦੋਲਨ ਕਾਰਨ ਪੰਜਾਬ ਪੁਲੀਸ ਅਤੇ ਕਿਸਾਨਾਂ ਦਰਮਿਆਨ ਟਕਰਾਅ ਵਧਣ ਲੱਗਿਆ ਹੈ। ਸੰਗਰੂਰ ਜ਼ਿਲ੍ਹੇ ਦੇ ਪਿੰਡ ਲੌਂਗੋਵਾਲ ਵਿੱਚ ਕਿਸਾਨਾਂ ਤੇ ਪੁਲੀਸ ਦਰਮਿਆਨ ਟਕਰਾਅ ਵਿੱਚ 2 ਔਰਤਾਂ, 3 ਕਿਸਾਨ ਤੇ 2 ਪੁਲੀਸ ਮੁਲਾਜ਼ਮ ਜ਼ਖ਼ਮੀ ਹੋ ਗਏ। ਇਸ ਦੌਰਾਨ ਪੁਲੀਸ ਨੇ ਪੰਜਾਬ ਭਰ ਵਿੱਚ ਛਾਪੇ ਮਾਰ ਕੇ ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਜਾਰੀ ਰੱਖੀ। ਸੰਗਰੂਰ ਜ਼ਿਲ੍ਹੇ ਦੇ ਪਿੰਡ ਲੌਂਗੋਵਾਲ ਵਿੱਚ ਇਕ ਕਿਸਾਨ ਆਗੂ ਨੂੰ ਫੜਨ ਗਈ ਪੁਲੀਸ ਅਤੇ ਕਿਸਾਨਾਂ ਦਰਮਿਆਨ ਟਕਰਾਅ ਦੌਰਾਨ ਪੁਲੀਸ ਵੱਲੋਂ ਕੀਤੇ ਲਾਠੀਚਾਰਜ ਵਿੱਚ 2 ਔਰਤਾਂ ਤੇ 3 ਕਿਸਾਨ ਜ਼ਖ਼ਮੀ ਹੋ ਗਏ। ਇਸ ਦੌਰਾਨ ਨੇੜਲੇ ਪਿੰਡਾਂ ਤੋਂ ਵੀ ਕਿਸਾਨ ਪਹੁੰਚਣੇ ਸ਼ੁਰੂ ਹੋ ਗਏ, ਪੁਲੀਸ ਇਕ ਵਾਰ ਤਾਂ ਵਾਪਸ ਆ ਗਈ ਪਰ ਕਿਸਾਨਾਂ ਨੇ ਧਰਨਾ ਜਾਰੀ ਰੱਖਿਆ। ਸੁਨਾਮ ਦੇ ਡੀਐਸਪੀ ਵਿਲੀਅਮ ਜੇਜੀ ਦਾ ਕਹਿਣਾ ਹੈ ਕਿ ਪੁਲੀਸ



ਕਿਸਾਨ ਮੰਗਲਵਾਰ ਨੂੰ ਮੁਹਾਲੀ ਦੇ ਫੇਜ਼ 8 ਵਿਚਲੇ ਵਾਈਪੀਐਸ ਚੌਕ 'ਤੇ ਗਲਾਂ ਵਿਚ ਆਲੂਆਂ ਦੇ ਹਾਰ ਪਾ ਰੋਸ ਪ੍ਰਦਰਸ਼ਨ ਕਰਦੇ ਹੋਏ।

ਪਾਰਟੀ ਉੱਤੇ ਕਿਸਾਨਾਂ ਨੇ ਹਮਲਾ ਕੀਤਾ, ਜਿਸ ਵਿੱਚ ਐਸਐਚਓ ਸਮੇਤ 2 ਪੁਲੀਸ ਮੁਲਾਜ਼ਮ ਜ਼ਖ਼ਮੀ ਹੋਏ। ਪੁਲੀਸ ਸਬੰਧਤ ਕਿਸਾਨਾਂ ਖ਼ਿਲਾਫ਼ ਕਾਰਵਾਈ ਕਰੇਗੀ। ਕਿਸਾਨਾਂ ਦੇ ਗੰਨੇ ਦੇ ਬਕਾਏ ਦੇ ਲਗਭਗ 92 ਕਰੋੜ ਰੁਪਏ ਜਾਰੀ ਕਰਨ ਦੀ ਮੰਗ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਵੱਲੋਂ ਮੁਹਾਲੀ ਤੇ ਚੰਡੀਗੜ੍ਹ ਦੀ ਹੱਦ ਉੱਤੇ ਦਿੱਤੇ ਜਾ ਰਹੇ ਧਰਨੇ ਨੂੰ ਕਾਨੂੰਨ ਵਿਵਸਥਾ ਦੇ ਇੰਚਾਰਜ ਡੀਜੀਪੀ ਹਰਦੀਪ ਢਿੱਲੋਂ ਦੀ ਅਗਵਾਈ ਵਿੱਚ ਗਈ ਪੁਲੀਸ ਨੇ ਜਬਰੀ ਚੁਕਵਾ ਦਿੱਤਾ। ਸੱਤ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ (ਏਕਤਾ)-ਡਕੌਂਦਾ, ਕਿਰਤੀ ਕਿਸਾਨ ਯੂਨੀਅਨ, ਕਿਸਾਨ ਸੰਘਰਸ਼ ਕਮੇਟੀ (ਪੰਨੂ), ਕਿਸਾਨ ਸੰਘਰਸ਼ ਕਮੇਟੀ (ਆਜ਼ਾਦ) ਅਤੇ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਵੱਲੋਂ 22 ਸਤੰਬਰ ਤੋਂ ਮੋਤੀ ਮਹਿਲ ਨੇੜੇ ਦਿੱਤੇ ਜਾਣ ਵਾਲੇ ਧਰਨੇ ਨੂੰ ਅਸਫ਼ਲ ਬਣਾਉਣ ਲਈ ਪੁਲੀਸ ਨੇ ਤਿੰਨ ਦਿਨਾਂ ਤੋਂ ਸ਼ੁਰੂ ਕੀਤੇ ਛਾਪਿਆਂ ਦੌਰਾਨ ਲਗਭਗ ਡੇਢ ਸੌ ਆਗੂ ਅਤੇ ਕਾਰਕੁਨ ਗ੍ਰਿਫ਼ਤਾਰ ਕੀਤੇ ਹਨ। ਯੂਨੀਅਨਾਂ ਦੇ ਜੋਗਿੰਦਰ ਸਿੰਘ ਉਗਰਾਹਾਂ, ਸੁਖਦੇਵ ਸਿੰਘ ਕੋਕਰੀ ਕਲਾਂ, ਬੂਟਾ ਸਿੰਘ ਬੁਰਜ ਗਿੱਲ, ਜਗਮੋਹਨ ਉੱਪਲ, ਕੰਵਲਪ੍ਰੀਤ ਸਿੰਘ ਪੰਨੂ ਸਮੇਤ ਬਹੁਤ ਸਾਰੇ ਸੂਬਾਈ ਆਗੂ ਰੂਪੋਸ਼ ਹੋ ਕੇ ਅੰਦੋਲਨ ਦੀ ਤਿਆਰੀ ਵਿੱਚ ਜੁਟੇ ਹੋਏ ਹਨ। ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਜਥੇਬੰਦੀਆਂ ਨੇ 5 ਦਿਨ ਦਾ ਸ਼ਾਂਤਮਈ ਧਰਨਾ ਦੇਣ ਦਾ ਐਲਾਨ ਕੀਤਾ ਹੈ। ਕੈਪਟਨ ਸਰਕਾਰ ਖ਼ਿਲਾਫ਼ ਇਹ ਪਹਿਲਾ ਕਿਸਾਨ ਅੰਦੋਲਨ ਹੈ ਅਤੇ ਸਰਕਾਰ ਨੇ ਪਹਿਲੇ ਛੇ ਮਹੀਨਿਆਂ ਦੌਰਾਨ ਹੀ ਕਿਸਾਨਾਂ ਨਾਲ ਟਕਰਾਅ ਦੀ ਸਥਿਤੀ ਪੈਦਾ ਕਰ ਲਈ ਹੈ। ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਬਣਾਈ ਕੈਬਨਿਟ ਸਬ ਕਮੇਟੀ ਨੇ ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਕਰ ਕੇ ਆਪਣੀ ਸਥਿਤੀ ਦੱਸਣ ਦੀ ਕੋਸ਼ਿਸ਼ ਕੀਤੀ ਪਰ ਮੀਟਿੰਗਾਂ ਬੇਸਿੱਟਾ ਰਹੀਆਂ। ਸੱਤ ਕਿਸਾਨ ਜਥੇਬੰਦੀਆਂ ਨੇ ਪੰਜ ਦਿਨ ਦਾ ਧਰਨਾ ਦੇਣ ਦਾ ਐਲਾਨ ਕੀਤਾ ਹੈ। ਧਰਨੇ ਰੋਕਣ ਲਈ ਡੀਜੀਪੀ ਸੁਰੇਸ਼ ਅਰੋੜਾ ਖ਼ੁਦ ਸਰਗਰਮ ਹਨ।

ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਨੇ ਵੀ 21 ਸਤੰਬਰ ਨੂੰ ਚੰਡੀਗੜ੍ਹ ਵਿੱਚ ਧਰਨਾ ਦੇਣ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ (ਏਕਤਾ)-ਸਿੱਧੂਪੁਰ ਨੇ 28 ਸਤੰਬਰ ਨੂੰ ਲਾਵਾਰਸ ਪਸ਼ੂਆਂ ਅਤੇ ਪਰਾਲੀ ਸਾੜਨ ਦਾ ਇਲਾਜ ਕਰਨ ਦੀ ਬਜਾਇ ਕਿਸਾਨਾਂ ਦੀਆਂ ਸੰਭਾਵੀ ਗ੍ਰਿਫ਼ਤਾਰੀਆਂ ਦੇ ਮੁੱਦਿਆਂ ਉੱਤੇ ਮੋਤੀ ਮਹਿਲ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਹੈ। ਇਹ ਐਲਾਨ ਯੂਨੀਅਨ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਅਤੇ ਜਨਰਲ ਸਕੱਤਰ ਬੋਘ ਸਿੰਘ ਮਾਨਸਾ ਨੇ ਮੰਗਲਵਾਰ ਨੂੰ ਚੰਡੀਗੜ੍ਹ ਵਿੱਚ ਰਾਸ਼ਟਰੀ ਕਿਸਾਨ ਮਹਾਂਸੰਘ ਦੀ ਦੋ ਰੋਜ਼ਾ ਕਨਵੈਨਸ਼ਨ ਤੋਂ ਬਾਅਦ ਕੀਤਾ।

ਕਿਸਾਨ ਆਗੂਆਂ ਨੇ ਸ਼ਾਂਤਮਈ ਧਰਨਿਆਂ ਦੀ ਇਜਾਜ਼ਤ ਨਾ ਦੇਣ ਕਾਰਨ ਪੰਜਾਬ ਸਰਕਾਰ ਉੱਤੇ ਜਮਹੂਰੀ ਹੱਕਾਂ ਦਾ ਘਾਣ ਕਰਨ ਅਤੇ ਤਾਨਾਸ਼ਾਹ ਵਿਹਾਰ ਕਰਨ ਦਾ ਦੋਸ਼ ਲਾਇਆ।

# 'ਪਾਪਾ ਦੀ ਪਰੀ' ਮੋਸਟ ਵਾਂਟਡ ਸੂਚੀ ਵਿਚ ਸਿਖ਼ਰ 'ਤੇ

**ਚੰਡੀਗੜ੍ਹ/ਬਿਊਰੋ ਨਿਊਜ਼ :**
ਸਾਧਵੀਆਂ ਦੀ ਪੱਤ ਲੁੱਟਣ ਵਾਲੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੀ ਗੋਦ ਲਈ ਧੀ ਹਨੀਪ੍ਰੀਤ, ਜੋ 25 ਅਗਸਤ ਨੂੰ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ ਜਾਣ ਬਾਅਦ ਫਰਾਰ ਹੈ, ਪੰਚਕੂਲਾ ਵਿੱਚ ਡੇਰਾ ਪ੍ਰੇਮੀਆਂ ਵੱਲੋਂ ਕੀਤੀ ਹਿੰਸਾ ਵਿਚ ਲੋੜੀਂਦੇ 45 ਜਣਿਆਂ ਦੀ ਸੂਚੀ ਵਿਚ ਸਿਖ਼ਰ ਉਤੇ ਹੈ। ਹਰਿਆਣਾ ਪੁਲੀਸ ਦੀ ਵੈੱਬਸਾਈਟ 'ਤੇ 45 ਮੋਸਟ ਵਾਂਟੇਡ ਵਿਅਕਤੀਆਂ ਦੀ ਸੂਚੀ ਵਿੱਚ ਡੇਰੇ ਦਾ ਸਾਬਕਾ ਤਰਜਮਾਨ ਡਾ. ਅਦਿਤਿਆ ਇੰਸਾਂ ਦੂਜੇ ਨੰਬਰ 'ਤੇ ਹੈ। ਹਨੀਪ੍ਰੀਤ ਤੇ ਅਦਿੱਤਿਆ ਦੀਆਂ ਤਸਵੀਰਾਂ ਤੇ ਨਾਂ ਅਪਲੋਡ ਕੀਤੇ ਗਏ ਹਨ ਜਦੋਂ ਕਿ ਬਾਕੀ 43 ਵਿਅਕਤੀਆਂ ਦੀਆਂ ਸਿਰਫ਼ ਤਸਵੀਰਾਂ ਹੀ ਪੋਸਟ ਕੀਤੀਆਂ ਗਈਆਂ ਹੈ। ਹਿੰਸਾ ਭੜਕਾਉਣ ਵਾਲੇ ਇਨ੍ਹਾਂ ਵਿਅਕਤੀਆਂ ਬਾਰੇ ਸੂਚਨਾ ਦੇਣ ਦੀ ਅਪੀਲ ਕਰਦਿਆਂ ਪੁਲੀਸ ਨੇ ਮੋਬਾਈਲ ਨੰਬਰ 81466-30005, 81466-30031 ਅਤੇ ਵਟਸਐਪ ਨੰਬਰ 81466-30011 ਜਾਰੀ ਕੀਤਾ ਹੈ। ਡੀਜੀਪੀ ਬੀਐਸ ਸੰਧੂ ਨੇ ਚਿਤਾਵਨੀ ਦਿੱਤੀ ਕਿ ਜੇਕਰ ਹਨੀਪ੍ਰੀਤ, ਅਦਿੱਤਿਆ ਅਤੇ ਪਵਨ ਇੰਸਾਂ ਵਰਗੇ ਲੋੜੀਂਦੇ ਵਿਅਕਤੀ ਜਾਂਚ ਵਿੱਚ ਸ਼ਾਮਲ ਨਾ ਹੋਏ ਤਾਂ ਇਨ੍ਹਾਂ ਨੂੰ ਭਗੌੜੇ ਕਰਾਰ ਦੇਣ ਲਈ ਪੁਲੀਸ ਵੱਲੋਂ ਅਦਾਲਤ ਵਿਚ ਪਹੁੰਚ ਕੀਤੀ ਜਾਵੇਗੀ।



# ਅਕਾਲੀ ਦਲ ਦੀ ਕਾਨਫਰੰਸ 'ਚੋਂ ਬਾਦਲ ਪਰਿਵਾਰ ਰਿਹਾ ਗ਼ੈਰਹਾਜ਼ਰ

**ਗੁਰੂ ਕੀ ਢਾਬ, ਜੈਤੋ/ਬਿਊਰੋ ਨਿਊਜ਼ :**
ਗੁਰੂ ਕੀ ਢਾਬ ਵਿੱਚ ਹੋਈ ਅਕਾਲੀ ਦਲ ਦੀ ਕਾਨਫਰੰਸ ਵਿਚੋਂ ਬਾਦਲ ਪਰਿਵਾਰ ਗਾਇਬ ਰਿਹਾ। ਸਾਲਾਨਾ ਮੇਲੇ ਵਿੱਚ ਉਨ੍ਹਾਂ ਦੀ ਇਹ ਲਗਾਤਾਰ ਤੀਜੀ ਗੈਰਹਾਜ਼ਰੀ ਸੀ। ਪ੍ਰਬੰਧਕ ਮਹੀਨੇ ਤੋਂ ਦੋਵਾਂ ਬਾਦਲਾਂ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਅਤੇ ਭਾਜਪਾ ਲੀਡਰਸ਼ਿਪ ਦੇ ਆਉਣ ਬਾਰੇ ਪ੍ਰਚਾਰ ਕਰ ਰਹੇ ਸਨ ਪਰ ਇਨ੍ਹਾਂ ਪ੍ਰਮੁੱਖ ਹਸਤੀਆਂ ਵਿਚੋਂ ਕਿਸੇ ਨੇ ਵੀ ਕਾਨਫਰੰਸ ਵਿੱਚ ਸ਼ਿਰਕਤ ਨਹੀਂ ਕੀਤੀ। ਭਾਜਪਾ ਆਗੂਆਂ ਨੇ ਵੀ ਭਾਈਵਾਲਾਂ ਦੇ ਇਕੱਠ ਤੋਂ ਟਾਲਾ ਵੱਟੀ ਰੱਖਿਆ। ਇਕੱਠ ਪੱਖੋਂ ਵੀ ਕਾਨਫਰੰਸ ਬੇਰੰਗ ਅਤੇ ਫਿੱਕੀ ਰਹੀ। ਸੀਨੀਅਰ ਲੀਡਰਸ਼ਿਪ ਦੀ ਖਾਨਾਪੂਰਤੀ ਲਈ ਪਾਰਟੀ ਦੇ ਹੇਠਲੇ ਆਗੂਆਂ ਨੇ ਹਾਜ਼ਰੀ ਲੁਆ ਕੇ ਖਲਾਅ ਭਰਨ ਦੀ ਕੋਸ਼ਿਸ਼ ਕੀਤੀ। ਅੰਦਰੂਨੀ ਨਾਰਾਜ਼ਗੀ ਕਾਰਨ ਪਿਛਲੇ ਸਾਲ ਕਾਨਫਰੰਸ ਵਿਚੋਂ ਨਦਾਰਦ ਰਹੇ ਸੂਬਾ ਸਿੰਘ ਬਾਦਲ ਦੀ ਇਸ ਵਾਰ ਸਰਦਾਰੀ ਰਹੀ। ਵਿਧਾਨ ਸਭਾ ਚੋਣ ਮੌਕੇ ਟਿਕਟ ਪ੍ਰਾਪਤੀ ਪਿੱਛੋਂ ਰਾਜ਼ੀ ਹੋਏ ਸੂਬਾ ਸਿੰਘ ਨੇ ਕਾਨਫਰੰਸ ਦੇ ਪ੍ਰਬੰਧ ਸੰਭਾਲੇ ਹੋਏ ਸਨ।



ਗੁਰੂ ਕੀ ਢਾਬ ਮੇਲੇ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਮੰਚ 'ਤੇ ਬਿਰਾਜਮਾਨ ਅਕਾਲੀ ਲੀਡਰਸ਼ਿਪ।

ਸਾਬਕਾ ਮੰਤਰੀ ਤੋਤਾ ਸਿੰਘ ਨੇ ਕੈਪਟਨ ਸਰਕਾਰ 'ਤੇ ਲੋਕਾਂ ਨੂੰ ਭਰਮਾ ਕੇ ਸੱਤਾ ਹਥਿਆਉਣ ਦਾ ਦੋਸ਼ ਲਾਇਆ। ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੇ ਕਿਹਾ ਕਿ ਫਰੇਬ ਨਾਲ ਸੱਤਾ ਵਿੱਚ ਆਈ ਹਕੂਮਤ ਦਾ ਚਿਹਰਾ ਦਿਨੋਂ-ਦਿਨ ਬੇਪਰਦ ਹੋ ਰਿਹਾ ਹੈ। ਇਸ ਮੌਕੇ ਪਰਮਬੰਸ ਸਿੰਘ ਰੋਮਾਣਾ, ਮਨਤਾਰ ਸਿੰਘ ਬਰਾੜ ਤੇ ਸੂਬਾ ਸਿੰਘ ਬਾਦਲ ਨੇ ਵੀ ਵਿਚਾਰ ਰੱਖੇ। ਇਸ ਦੌਰਾਨ ਮੰਚ 'ਤੇ ਸ਼੍ਰੋਮਣੀ ਕਮੇਟੀ ਮੈਂਬਰ ਸੁਖਦੇਵ ਸਿੰਘ ਬਾਠ, ਗੁਰਿੰਦਰ ਕੌਰ ਭੋਲੂਵਾਲਾ, ਨਾਜਰ ਸਿੰਘ ਸਰਾਵਾਂ, ਅਮਰਜੀਤ ਕੌਰ ਪੰਜਗਰਾਈਂ, ਤਰਲੋਚਨ ਸਿੰਘ ਦੂੱਲਟ, ਲਾਲੀ ਬਾਦਲ ਤੇ ਪਾਲੀ ਬਾਦਲ ਸਮੇਤ ਕਈ ਮੁਕਾਮੀ ਆਗੂ ਮੰਚ 'ਤੇ ਮੌਜੂਦ ਸਨ।

# 'ਆਪ' ਦੀ ਟੇਕ ਹੁਣ ਸਾਬਕਾ ਫ਼ੌਜੀਆਂ 'ਤੇ, ਮੇਜਰ ਜਨਰਲ ਸੁਰੇਸ਼ ਖਜੂਰੀਆ ਨੂੰ ਐਲਾਨਿਆ ਉਮੀਦਵਾਰ

## ਮਾਨ ਤੇ ਖਹਿਰਾ ਲਈ ਵੱਕਾਰ ਦਾ ਸਵਾਲ ਬਣੀ ਜ਼ਿਮਨੀ ਚੋਣ

**ਜਲੰਧਰ/ਬਿਊਰੋ ਨਿਊਜ਼ :**
'ਆਪ' ਦੇ ਸੂਬਾ ਪ੍ਰਧਾਨ ਭਗਵੰਤ ਮਾਨ ਤੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਇੱਥੇ ਗੁਰਦਾਸਪੁਰ ਜ਼ਿਮਨੀ ਚੋਣ ਲਈ ਪਾਰਟੀ ਉਮੀਦਵਾਰ ਦਾ ਰਸਮੀ ਐਲਾਨ ਕਰ ਦਿੱਤਾ ਹੈ। ਪਾਰਟੀ ਨੇ ਇੱਥੇ ਸਰਕਟ ਹਾਊਸ ਵਿੱਚ ਪਾਰਟੀ ਉਮੀਦਵਾਰ ਵਜੋਂ ਸੇਵਾਮੁਕਤ ਮੇਜਰ ਜਨਰਲ ਸੁਰੇਸ਼ ਖਜੂਰੀਆ ਦੇ ਨਾਮ ਦਾ ਐਲਾਨ ਕੀਤਾ ਹੈ। ਇਸ ਮੌਕੇ ਸ੍ਰੀ ਮਾਨ ਅਤੇ ਸ੍ਰੀ ਖਹਿਰਾ ਨੇ ਕਿਹਾ ਕਿ 'ਆਪ' ਨੇ ਗੁਰਦਾਸਪੁਰ ਚੋਣ ਲਈ ਸਥਾਨਕ ਆਗੂ ਨੂੰ ਉਮੀਦਵਾਰ ਬਣਾਇਆ ਹੈ, ਜਿਹੜੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਲੋੜਾਂ ਨੂੰ ਬਾਖ਼ੂਬੀ ਜਾਣਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਖਜੂਰੀਆ 21 ਸਤੰਬਰ ਨੂੰ ਨਾਮਜ਼ਦਗੀ ਕਾਗਜ਼ ਦਾਖ਼ਲ ਕਰਨਗੇ। ਫ਼ੌਜੀਆਂ ਦੇ ਗੜ੍ਹ ਵਜੋਂ ਜਾਣੇ ਜਾਂਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ 'ਆਪ' ਵੱਲੋਂ ਇੱਕ ਸਾਬਕਾ ਫ਼ੌਜੀ ਅਫ਼ਸਰ ਨੂੰ ਉਮੀਦਵਾਰ ਬਣਾਉਣ ਨੂੰ ਸਿਆਸੀ ਪੈਂਤੜੇ ਵਜੋਂ ਦੇਖਿਆ ਜਾ ਰਿਹਾ ਹੈ। 64 ਸਾਲਾ ਮੇਜਰ ਜਨਰਲ ਸੁਰੇਸ਼ ਖਜੂਰੀਆ ਪਠਾਨਕੋਟ ਨੇੜਲੇ ਪਿੰਡ ਭੂੰਗਲਾ ਦੇ ਰਹਿਣ ਵਾਲੇ ਹਨ ਤੇ ਅੱਜ-ਕੱਲ੍ਹ ਪਠਾਨਕੋਟ ਸ਼ਹਿਰ ਵਿੱਚ ਰਹਿ ਰਹੇ ਹਨ।



ਜਲੰਧਰ ਵਿਚ ਪ੍ਰੈੱਸ ਮਿਲਣੀ ਦੌਰਾਨ ਗੁਰਦਾਸਪੁਰ ਉਪ ਚੋਣ ਲਈ 'ਆਪ' ਉਮੀਦਵਾਰ ਮੇਜਰ ਜਨਰਲ (ਰਿਟਾ.) ਸੁਰੇਸ਼ ਖਜੂਰੀਆ, ਸੁਖਪਾਲ ਸਿੰਘ ਖਹਿਰਾ ਅਤੇ ਭਗਵੰਤ ਮਾਨ ਜੇਤੂ ਨਿਸ਼ਾਨ ਬਣਾਉਂਦੇ ਹੋਏ।

ਚੰਡੀਗੜ੍ਹ :ਗੁਰਦਾਸਪੁਰ ਲੋਕ ਸਭਾ ਦੀ 11 ਅਕਤੂਬਰ ਨੂੰ ਹੋ ਰਹੀ ਜ਼ਿਮਨੀ ਚੋਣ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਲਈ ਸਿਆਸੀ ਵੱਕਾਰ ਦਾ ਸਵਾਲ ਬਣ ਗਈ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਚੋਣ ਦੋਵਾਂ ਆਗੂਆਂ ਦਾ ਸਿਆਸੀ ਗਰਾਫ਼ ਤੈਅ ਕਰੇਗੀ।

ਦੱਸਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੀ ਰਵਾਇਤ ਤੋਂ ਉਲਟ ਇਸ ਵਾਰ ਗੁਰਦਾਸਪੁਰ ਲੋਕ ਸਭਾ ਹਲਕੇ ਲਈ ਮੇਜਰ ਜਨਰਲ (ਸੇਵਾਮੁਕਤ) ਸੁਰੇਸ਼ ਖਜੂਰੀਆ ਨੂੰ ਉਮੀਦਵਾਰ ਬਣਾਉਣ ਦਾ ਫ਼ੈਸਲਾ ਹਾਈਕਮਾਂਡ ਦੀ ਥਾਂ ਪੰਜਾਬ ਦੀ ਲੀਡਰਸ਼ਿਪ ਨੇ ਕੀਤਾ ਹੈ। ਸ੍ਰੀ ਮਾਨ ਅਤੇ ਸ੍ਰੀ ਖਹਿਰਾ ਨੇ ਪਿਛਲੇ ਦਿਨੀਂ ਸੂਬਾ ਲੀਡਰਸ਼ਿਪ ਸਮੇਤ ਗੁਰਦਾਸਪੁਰ ਜ਼ਿਲ੍ਹੇ ਦੀ ਲੀਡਰਸ਼ਿਪ ਦਾ ਪੱਖ ਸੁਣਨ ਤੋਂ ਬਾਅਦ ਹੀ ਸ੍ਰੀ ਖਜੂਰੀਆ ਦੇ ਨਾਮ 'ਤੇ ਮੋਹਰ ਲਾ ਦਿੱਤੀ ਸੀ। ਸ੍ਰੀ ਮਾਨ ਨੇ ਉਸੇ ਵੇਲੇ ਹੀ ਕਹਿ ਦਿੱਤਾ ਸੀ ਕਿ ਗੁਰਦਾਸਪੁਰ ਜ਼ਿਮਨੀ ਚੋਣ ਲਈ ਉਮੀਦਵਾਰ ਦਾ ਫ਼ੈਸਲਾ ਸੂਬਾਈ ਲੀਡਰਸ਼ਿਪ ਹੀ ਕਰੇਗੀ ਅਤੇ ਇਸ ਤੋਂ ਬਾਅਦ ਸਿਆਸੀ ਮਾਮਲਿਆਂ ਦੀ ਕਮੇਟੀ ਰਾਹੀਂ ਇਸ ਫ਼ੈਸਲੇ 'ਤੇ ਅੰਤਿਮ ਮੋਹਰ ਲਵਾਈ ਜਾਵੇਗੀ।

ਦੱਸਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਹਾਰ ਤੋਂ ਬਾਅਦ ਸ੍ਰੀ ਮਾਨ ਅਤੇ ਸ੍ਰੀ ਖਹਿਰਾ ਨੇ ਪਾਰਟੀ ਹਾਈਕਮਾਂਡ ਤੇ ਖ਼ਾਸ ਕਰ ਕੇ ਪੰਜਾਬ ਲਈ ਨਿਯੁਕਤ ਕੀਤੇ ਇੰਚਾਰਜਾਂ ਸੰਜੇ ਸਿੰਘ ਅਤੇ ਦੁਰਗੇਸ਼ ਪਾਠਕ ਦੀ ਪੰਜਾਬ ਇਕਾਈ ਵਿੱਚ ਹੱਦੋਂ ਵੱਧ ਦਖਲਅੰਦਾਜ਼ੀ 'ਤੇ ਜਨਤਕ ਇਤਰਾਜ਼ ਕੀਤਾ ਸੀ। ਸ੍ਰੀ ਮਾਨ ਨੇ ਤਾਂ ਟਿਕਟਾਂ ਦੀ ਵੰਡ ਮੌਕੇ ਉਨ੍ਹਾਂ ਸਮੇਤ ਪੰਜਾਬ ਦੀ ਲੀਡਰਸ਼ਿਪ ਨੂੰ ਭਰੋਸੇ ਵਿੱਚ ਨਾ ਲੈਣ ਦੇ ਵੀ ਦੋਸ਼ ਲਾਏ ਸਨ। ਹੁਣ ਪਾਰਟੀ ਦੀ ਪੰਜਾਬ ਇਕਾਈ ਦਾ ਸਮੁੱਚਾ ਢਾਂਚਾ ਵੀ ਪੰਜਾਬ ਦੀ ਲੀਡਰਸ਼ਿਪ ਵੱਲੋਂ ਹੀ ਘੜਿਆ ਗਿਆ ਹੈ, ਜਿਸ ਕਾਰਨ ਸ੍ਰੀ ਖਜੂਰੀਆ ਦੀ ਹਾਰ-ਜਿੱਤ ਲਈ ਪੰਜਾਬ ਦੀ ਲੀਡਰਸ਼ਿਪ ਹੀ ਜ਼ਿੰਮੇਵਾਰ ਮੰਨੀ ਜਾਵੇਗੀ। ਇਸ ਤੋਂ ਇਲਾਵਾ ਪਾਰਟੀ ਵਿੱਚ ਭਾਰੀ ਚਰਚਾ ਹੈ ਕਿ ਪੰਜਾਬ ਵਿੱਚ ਨੰਬਰ ਵੰਨ ਲੀਡਰ ਬਣਨ ਲਈ ਵੀ ਦੋ ਪ੍ਰਮੁੱਖ ਆਗੂਆਂ ਸ੍ਰੀ ਮਾਨ ਅਤੇ ਸ੍ਰੀ ਖਹਿਰਾ ਵਿਚਕਾਰ ਦੌੜ ਲੱਗੀ ਹੋਈ ਹੈ। ਜਿੱਥੇ ਪਿਛਲੇ ਸਮੇਂ ਪਾਰਟੀ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ ਵੱਲ ਮਾਰਚ ਕਰਨ ਦੇ ਪ੍ਰੋਗਰਾਮ ਦੀ ਸਾਰੀ ਕਮਾਂਡ ਸ੍ਰੀ ਖਹਿਰਾ ਨੇ ਹੱਥ ਵਿੱਚ ਰੱਖੀ ਸੀ, ਉਥੇ ਪਿਛਲੇ ਦਿਨੀਂ ਇੱਥੇ ਪੰਜਾਬ ਭਵਨ ਵਿੱਚ ਗੁਰਦਾਸਪੁਰ ਲਈ ਉਮੀਦਵਾਰ ਬਾਰੇ ਫ਼ੈਸਲਾ ਕਰਨ ਲਈ ਪਾਰਟੀ ਦੀ ਸੂਬਾ ਮੀਟਿੰਗ ਦੌਰਾਨ ਭਾਵੇਂ ਮੁੱਖ ਕੁਰਸੀ ਉਪਰ ਸ੍ਰੀ ਖਹਿਰਾ ਬਿਰਾਜਮਾਨ ਸਨ, ਪਰ ਬਾਅਦ ਵਿੱਚ ਮੀਡੀਆ ਦੇ ਰੂ-ਬ-ਰੂ ਮੁੱਖ ਤੌਰ 'ਤੇ ਭਗਵੰਤ ਮਾਨ ਹੀ ਹੋਏ ਸਨ। ਸੂਤਰਾਂ ਅਨੁਸਾਰ ਇਸ ਮੀਟਿੰਗ ਵਿੱਚ ਸੂਬੇ ਦੇ ਅਧਿਕਾਰਤ ਆਗੂਆਂ ਤੋਂ ਇਲਾਵਾ ਕੁਝ ਹੋਰ ਆਗੂਆਂ ਦੇ ਸ਼ਾਮਲ ਹੋਣ ਦੇ ਮੁੱਦੇ 'ਤੇ ਵੀ ਮੁੱਖ ਨੇਤਾਵਾਂ ਵਿੱਚ ਕੁਝ ਕੁੜੱਤਣ ਪੈਦਾ ਹੋਈ ਸੀ। ਸ੍ਰੀ ਮਾਨ ਨੇ ਗੁਰਦਾਸਪੁਰ ਚੋਣ ਲਈ ਸਾਰੇ ਵਿਧਾਇਕਾਂ ਸਮੇਤ ਪੰਜਾਬ ਭਰ ਦੀ ਲੀਡਰਸ਼ਿਪ ਦੀਆਂ ਵੱਖ-ਵੱਖ ਡਿਊਟੀਆਂ ਲਾ ਦਿੱਤੀਆਂ ਹਨ ਅਤੇ ਅਗਲੇ ਦਿਨੀਂ ਉਹ ਖ਼ੁਦ ਵੀ ਗੁਰਦਾਸਪੁਰ ਵਿੱਚ ਪੱਕੇ ਡੇਰੇ ਲਾ ਰਹੇ ਹਨ।

# ਦਰਦਮੰਦਾਂ ਦੀ ਆਹੀਂ; ਟੁਰ ਗਿਆ ਅਫਜ਼ਲ ਅਹਿਸਨ ਰੰਧਾਵਾ

**ਨਰਿੰਦਰ ਪਾਲ ਸਿੰਘ**

ਜੂਨ 1984 ਦੇ ਫੌਜੀ ਹਮਲੇ ਦੇ ਦਰਦ ਨੂੰ ਆਪਣੀ ਕਲਮ ਰਾਹੀਂ ਬਿਆਨ ਕਰਕੇ, ਵੀਹਵੀਂ ਸਦੀ ਦੇ ਸਿੱਖ ਸੰਘਰਸ਼ ਦੇ ਹਜ਼ਾਰਾਂ ਲੱਖਾਂ ਪਾਂਧੀਆਂ ਦੇ ਦਿਲਾਂ ਵਿੱਚ ਜਗ੍ਹਾ ਬਣਾਉਣ ਵਾਲੇ ਅਫਜ਼ਲ ਅਹਿਸਨ ਰੰਧਾਵਾ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਏ। ਗੁਰੂ ਨਗਰੀ ਅੰਮ੍ਰਿਤਸਰ ਵਿਚ ਜਨਮੇ ਅਫਜ਼ਲ ਅਹਿਸਨ ਰੰਧਾਵਾ 1947 ਦੀ ਵੰਡ ਉਪਰੰਤ ਆਪਣੇ ਪੁਰਖਿਆਂ ਨਾਲ ਪਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਨਾਲ ਜਾ ਜੁੜੇ ਸਨ। ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਵਕਾਲਤ ਦੀ ਪੜ੍ਹਾਈ ਕਰਕੇ ਸਾਲ 1972 ਤੋਂ 1977 ਤੀਕ ਮੈਂਬਰ ਨੈਸ਼ਨਲ ਅਸੈਂਬਲੀ (ਮੈਂਬਰ ਪਾਰਲੀਮੈਂਟ) ਦੇ ਮੁਕਾਮ ਤੀਕ ਪੁੱਜਣ ਵਾਲੇ ਅਫਜ਼ਲ ਅਹਿਸਨ ਰੰਧਾਵਾ ਦਾ ਧੁਰ ਅੰਦਰ ਬਟਵਾਰੇ ਦੇ ਦਰਦ ਨਾਲ ਵਿੰਨ੍ਹਿਆ ਹੋਇਆ ਸੀ ਇਸ ਦੀ ਝਲਕ ਉਨ੍ਹਾਂ ਦੁਆਰਾ ਲਿਖੀ ਇੱਕ ਕਹਾਣੀ 'ਗੁਆਚੀ ਹੋਈ ਖੁਸ਼ਬੋ' ਹੈ।

ਦੱਸਿਆ ਜਾ ਰਿਹਾ ਹੈ ਕਿ ਆਪਣਿਆਂ ਦੇ ਵਿਛੋੜੇ ਦਾ ਦਰਦ ਹੰਢਾਣ ਵਾਲਾ ਇਸ ਕਹਾਣੀ ਦਾ ਅਸਲ ਪਾਤਰ ਵੀ ਕਈ ਦਹਾਕਿਆਂ ਬਾਅਦ ਜਨਾਬ ਰੰਧਾਵਾ ਨੂੰ ਮਿਲ ਗਿਆ ਪਰ ਉਨ੍ਹਾਂ ਇਹ ਕਹਿ ਕੇ ਅੱਖਾਂ ਭਰ ਲਈਆਂ ਕਿ ਖੁਸ਼ਬੋ ਤਾਂ ਵਾਪਸ ਨਹੀਂ ਆਈ। ਜ਼ਿੰਦਗੀ ਦੀ ਖੁਸ਼ਬੋ ਆਪਣਿਆਂ ਵਿੱਚ ਬੀਤਾਏ ਦਿਨ ਹੀ ਹਨ। ਮਿੱਟੀ ਦੇ ਜਾਇਆਂ ਅਤੇ ਸਰਹੱਦਾਂ ਦੇ ਦਰਦ ਨੂੰ ਮਾਂ ਬੋਲੀ ਰਾਹੀਂ ਬਿਆਨਣ ਲਈ ਉਸ ਦੀਆਂ ਸ਼ਾਹਕਾਰ ਰਚਨਾਵਾਂ 'ਦੀਵਾ ਤੇ ਦਰਿਆ' 'ਦੋਆਬਾ', 'ਸੂਰਜ ਗ੍ਰਹਿਣ' ਜੀਵਨ ਫਲਸਫੇ ਦੀ ਬਾਤ ਜ਼ਰੂਰ ਪਾਉਂਦੀਆਂ ਹਨ। ਉਸ ਦੇ ਜੀਵਨ ਦੀ ਤ੍ਰਾਸਦੀ ਕਹਿ ਲਈ ਜਾਵੇ ਕਿ 1917 ਵਿੱਚ ਜਨਮੇ ਅਫਜ਼ਲ ਆਪਣੇ ਜਨਮ ਭੋਏਂ (ਅੰਮ੍ਰਿਤਸਰ) ਅਤੇ ਇਸ ਦੇ ਜਾਇਆਂ ਨੂੰ 1947 ਵਿੱਚ ਅੱਖਾਂ ਸਾਹਵੇਂ ਉਜੜਦਾ ਅਤੇ ਕੋਹਿਆ ਜਾਂਦਾ ਵੇਖਦੇ ਹਨ ਅਤੇ ਫਿਰ '47 ਦੇ ਜ਼ਖ਼ਮ ਦੇ 37 ਸਾਲ ਬਾਅਦ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਉੱਪਰ ਕੀਤੇ ਗਏ ਫੌਜੀ ਹਮਲੇ ਦੇ ਰੂਪ ਵਿੱਚ ਮੁੜ ਆਪਣੇ ਹੀ ਮਾਂ ਜਾਏ ਲਹੂ ਲੁਹਾਨ ਤੇ ਲੁੱਟੇ-ਪੁੱਟੇ ਵੇਖਦੇ ਹਨ।

ਸਿੱਖ ਇਤਿਹਾਸ ਵਿੱਚ ਜੂਨ 1984 ਦੇ ਫੌਜੀ ਹਮਲੇ ਨੂੰ ਤੀਸਰੇ ਘੱਲੂਘਾਰੇ ਵਜੋਂ ਵੇਖਿਆ ਜਾਂਦਾ ਹੈ ਤੇ ਸਰਹੱਦ ਪਾਰ ਬੇਗਾਨੇ ਸਮਝੇ ਜਾਣ ਵਾਲਿਆਂ ਵਿੱਚ ਬੈਠੇ ਅਫਜ਼ਲ ਅਹਿਸਨ ਰੰਧਾਵਾ ਇਸ ਵਰਤਾਰੇ ਤੋਂ ਪੈਦਾ ਹੋਏ ਹਾਲਾਤ ਵਿਚੋਂ ਕੌਮੀ ਦਰਦ ਵੀ ਮਹਿਸੂਸ ਕਰਦੇ ਹਨ ਭਵਿੱਖ ਦੀ ਰੌਸ਼ਨ ਕਿਰਨ ਵੀ ਮਹਿਸੂਸ ਕਰਦੇ ਹਨ। ਉਹ ਸ਼ਬਦਾਂ ਨੂੰ 'ਨਵਾਂ ਘੱਲੂਘਾਰਾ' ਸਿਰਲੇਖ ਵਜੋਂ ਅੰਕਿਤ ਕਰਦਾ ਹੈ:

ਸੁਣ ਰਾਹੀਆ ਕਰਮਾ ਵਾਲਿਆ
ਮੈਂ ਬੇਕਰਮੀ ਦੀ ਬਾਤ
ਮੇਰਾ ਚੜ੍ਹਦਾ ਸੂਰਜ ਡੁੱਬਿਆ
ਮੇਰੇ ਦਿਨ ਨੂੰ ਖਾ ਗਈ ਰਾਤ

ਫੌਜੀ ਹਮਲੇ ਕਾਰਣ ਢਹਿ ਢੇਰੀ ਸ੍ਰੀ ਅਕਾਲ ਤਖਤ ਸਾਹਿਬ ਅਤੇ ਗੋਲੀਆਂ ਵਿੰਨ੍ਹੇ ਚੌਗਿਰਦੇ ਨੂੰ ਉਹ:

ਮੇਰੇ ਬੁਰਜ ਮੁਨਾਰੇ ਢਾਹ ਦਿੱਤੇ
ਢਾਹ ਦਿੱਤਾ ਤਖਤ ਅਕਾਲ
ਮੇਰੇ ਸੋਨੇ ਰੰਗਾ ਰੰਗ ਅੱਜ
ਮੇਰੇ ਲਹੂ ਨਾਲ ਲਾਲੋ ਲਾਲ।

ਸੂਰਮਿਆਂ ਦੇ ਖੂਨ ਲਸੀਨੇ ਨਾਲ ਜ਼ਰਖੇਜ਼ ਮਿੱਟੀ ਦੇ ਆਪਣਿਆਂ ਦੀ ਸਿਫਤ ਸਲਾਹ ਕਰਦਿਆਂ ਉਹ ਵੀਹਵੀਂ ਸਦੀ ਦੇ ਮਹਾਨ ਜਰਨੈਲ ਅਤੇ ਜੂਨ 1984 ਦੇ ਫੌਜੀ ਹਮਲੇ ਦੌਰਾਨ ਜੂਝ ਕੇ ਸ਼ਹਾਦਤ ਪਾਣ ਵਾਲੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਪ੍ਰਤੀ :

ਮੇਰਾ ਸ਼ੇਰ ਬਹਾਦਰ ਸੂਰਮਾ
ਜਰਨੈਲਾਂ ਦਾ ਜਰਨੈਲ
ਉਸ ਮੌਤ ਵਿਆਹੀ ਹੱਸ ਕੇ
ਉਹਦੇ ਦਿਲ 'ਤੇ ਰਤਾ ਨਾ ਮੈਲ।

ਵਰਗੇ ਸ਼ਬਦ ਵਰਤਦਾ ਹੈ, ਮਿੱਟੀ ਖਾਤਰ ਵਹਾਏ ਖੂਨ ਦੀ ਕੀਮਤ ਮਹਿਸੂਸ ਕਰਦਿਆਂ ਭਵਿੱਖ ਦਾ ਚਿਤਰਣ ਵੀ ਕਰਦਾ ਹੈ:

ਸੁਣ ਰਾਹੀਆ ਰਾਹੇ ਜਾਂਦਿਆ
ਤੂੰ ਲਿਖ ਰੱਖੀ ਇਹ ਬਾਤ
ਮੇਰਾ ਡੁੱਬਿਆ ਸੂਰਜ ਚੜ੍ਹੇਗਾ
ਓੜਕ ਮੁੱਕੇਗੀ ਇਹ ਰਾਤ।

ਅੱਜ ਅਫਜ਼ਲ ਅਹਿਸਨ ਰੰਧਾਵ ਸਰੀਰਕ ਤੌਰ 'ਤੇ ਇਸ ਫਾਨੀ ਸੰਸਾਰ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੀ ਇਹ ਬੇਸ਼ਕੀਮਤੀ ਲਿਖਤ ਹਮੇਸ਼ ਲਈ ਉਨ੍ਹਾਂ ਨੂੰ ਜੀਉਂਦਾ ਰੱਖੇਗੀ।

## ਪਾਠਕਾਂ ਦੀ ਸੱਥ

ੴ ਸਤਿਗੁਰੂ ਪ੍ਰਸਾਦਿ

## ਰਾਹੁਲ ਦੀ ਬਰਕਲੀ ਫੇਰੀ ...

### *ਸਿੱਖਾਂ ਦੀ ਬੁਲੰਦੀ ... ਨਾਅਰੇ ਨਹੀਂ ਜੈਕਾਰੇ...*

ਕਈਆਂ ਦਿਨਾਂ ਦੀ ਚਰਚਾ ਸੀ ਕਿ ਬਰਕਲੀ ਯੂਨੀਵਰਸਿਟੀ ਦੇ ਇੱਕ ਵਿਭਾਗ ਦੇ ਸੱਦੇ ਉਪਰ ਰਾਹੁਲ ਗਾਂਧੀ ਆ ਰਿਹਾ ਹੈ। ਉਸਦੇ ਆਗਮਨ ਵਿਚ ਓਵਰਸੀਜ਼ ਕਾਂਗਰਸ ਵੀ ਪੱਬਾਂ ਭਾਰ ਲਗਦੀ ਸੀ ਅਤੇ ਫੇਰੀ ਬਾਰੇ ਪੇਪਰਾਂ ਰਾਹੀਂ ਜਾਣਕਾਰੀ ਦਿੱਤੀ ਜਾ ਰਹੀ ਸੀ।

ਦੂਸਰੇ ਪਾਸੇ ਸਿੱਖ ਸੰਗਤਾਂ ਵਿਚ ਵੀ ਇਸ ਦੀ ਫੇਰੀ ਨੂੰ ਕਾਂਗਰਸ ਦੇ ਉੱਚੇ ਆਹੁਦੇ ਵਾਲੇ ਕਿਸੇ ਲੀਡਰ ਦੀ ਫੇਰੀ ਅਤੇ ਕੌਮ ਦੇ ਜ਼ਖ਼ਮਾਂ ਤੇ ਲੂਣ ਛਿੜਕਣ ਵਾਲੀ ਗੱਲ ਸੀ।

ਆਪਣੇ ਇਕ ਦੋਸਤ ਨਾਲ ਇਸ ਰੋਸ ਵਿਚ ਸ਼ਾਮਲ ਹੋਣ ਲਈ ਗੱਲ ਕੀਤੀ ਤਾਂ ਉਸਦਾ ਵਿਚਾਰ ਸੀ ਕਿ ਸਿੱਖਾਂ ਨੂੰ ਰੋਸ ਮੁਜਾਹਰਿਆਂ ਤੋਂ ਬਗੈਰ ਹੋਰ ਕੋਈ ਕੰਮ ਨਹੀਂ ਰਿਹਾ, ਹਰ ਇਕ ਦਾ ਵਿਰੋਧ. ਚੰਗਾ ਹੋਵੇ ਜੇ ਰੋਸ ਨਾ ਕਰਨ ਤਾਂ ਅਗਲੇ ਵੀ ਇਨ੍ਹਾਂ ਵਲ ਸਵੱਲੀ ਨਜ਼ਰ ਰੱਖਣ। ਉਸ ਦਾ ਜੁਵਾਬ ਜਚਿਆ ਨਹੀਂ ਸੀ ਕਿਉਂਕਿ ਹਮੇਸ਼ਾਂ ਹੀ ਕੁਝ ਲੈਣਾ ਹੁੰਦਾ ਹੈ ਤੇ ਕੁਝ ਦੇਣਾ ਹੁੰਦਾ ਹੈ। ਸਿੱਖਾਂ ਨੇ ਹਮੇਸ਼ਾਂ ਦਿੱਤਾ ਹੀ ਹੈ ਪਰ ਹੁਣ ਤੱਕ ਖੁਆਰੀਆਂ ਗੁਲਾਮੀ ਦੇ ਅਹਿਸਾਸ ਨੂੰ ਵੀ ਖਤਮ ਕਰਨ ਵਾਸਤੇ ਕੁਝ ਵੀ ਨਹੀਂ ਹੋਇਆ ਦਿਸ ਰਿਹਾ। ਕਿਸੇ ਵੇਲੇ ਮਾਰਟਨ ਲੂਥਰ ਕਿੰਗ ਨੇ ਕਿਹਾ ਸੀ ਕਿ "ਪਛੜਿਆ ਤੇ ਦੇਰ ਨਾਲ ਦਿੱਤਾ ਇਨਸਾਫ ਨਹੀਂ ਹੁੰਦਾ।" ਸੰਨ 1947 ਤੋਂ ਲੈ ਕੇ 84 ਤੱਕ ਅਤੇ 1984 ਤੋਂ ਲੈ ਕੇ ਹੁਣ ਤੱਕ ਜਦੋਂ ਜਹਿਦਾਂ ਹੀ ਪੱਲੇ ਪਈਆਂ ਹਨ। ਚਸ਼ਮਦੀਦ ਗੁਆਹ ਮਰ-ਖਪ ਰਹੇ ਹਨ। ਫਾਇਲਾਂ ਉੱਤੇ ਧੂੜ ਇਕੱਠੀ ਹੋ ਰਹੀ ਹੈ। ਝੂਠ ਸਚ ਨਿਤਾਰਨ ਦੇ ਟੈਸਟ ਤੋਂ ਮੁੱਕਰ ਮੁਕਰ ਰਹੇ ਹਨ। ਹੈਰਾਨੀ ਹੁੰਦੀ ਹੈ ਕਾਮੀ ਬਾਬੇ ਨੂੰ ਜੇਲ੍ਹ ਤੋਂ ਹਸਪਤਾਲ ਲਿਜਾਣ ਲਈ ਜ਼ੋਰ ਲੱਗ ਰਿਹਾ ਹੈ, ਪਰ ਬਾਬ ਸੂਰਤ ਸਿੰਘ ਨੂੰ ਜਿਹੜਾ ਕਿ ਸਜ਼ਾਵਾਂ ਪੂਰੀਆਂ ਭੁਗਤ ਚੁਕਿਆਂ ਲਈ ਲੜ ਰਿਹਾ ਹੈ, ਉਸ ਨੂੰ ਹਸਪਤਾਲ ਤੋਂ ਧੱਕੇ ਨਾਲ ਕਢਿਆ ਜਾ ਰਿਹਾ ਹੈ। ਹੋਰ ਵੇਖਣ ਵਾਲੀ ਗੱਲ ਵੇਖੋ, ਸਜ਼ਾਵਾਂ ਪੂਰੀਆਂ ਹੋ ਗਈਆਂ ਹੋਣ ਤੇ ਵੀ ਜ਼ਿਲ੍ਹਿਆਂ ਦੇ ਡੀ ਸੀਆਂ ਨੂੰ ਪੁਛਿਆ ਜਾਂਦਾ ਹੈ, ਤੇ ਉਹ ਅੱਗੋਂ ਸੀ ਐਮ ਨੂੰ ਪੁੱਛ ਕੇ ਅਮਨ ਸ਼ਾਂਤੀ ਨੂੰ ਖਤਰਾ ਦਸ ਕੇ ਜੇਲ੍ਹਾਂ ਵਿਚ ਹੀ ਸੜਨ ਦਿੱਤਾ ਜਾ ਰਿਹਾ ਹੈ। ਕਿਆ ਦੂਰ ਅੰਦੇਸ਼ੀ ਹੈ ਕਿ ਕੌਮ ਵਿਚ ਦੀ ਗਿਣਤੀ ਵਿਚ ਵਧਾ ਕਰਨ ਦੀਆਂ ਉਮਰਾਂ ਵੀ ਜੇਲ੍ਹਾਂ ਵਿਚ ਹੀ ਬੀਤਣ। ਨਸ਼ਿਆਂ ਦੇ ਦਰਿਆ ਵਗਾ ਦਿੱਤੇ, ਕਰਜ਼ਿਆਂ ਦੀਆਂ ਪੰਡਾਂ ਚੁਕਾ ਦਿੱਤੀਆਂ ਕਿਉਂਕਿ ਸਿੱਖ ਕੌਮ ਨੂੰ ਗੋਲੀਆਂ, ਤੋਪਾਂ ਖ਼ਤਮ ਨਹੀ ਕਰ ਸਕਦੀਆਂ। ਉਨ੍ਹਾਂ ਲਈ ਸੌਦਾ ਕੋਈ ਮਹਿੰਗਾ ਨਹੀਂ ਦੋ ਕੁ ਜਨਰੇਸ਼ਨਾਂ ਬਾਅਦ ਸਭ ਕੁਝ ਸਮੇਟ ਦਿਤਾ ਜਾਵੇਗਾ, ਨਿਆਰਾ ਧਨ ਤਾਂ ਖਤਮ ਹੋ ਹੀ ਗਿਆ ਹੈ। ਕਿੰਨਾ ਦੁਖੀ ਹੁੰਦਾ ਹੈ ਹਿਰਦਾ ਜਦੋਂ ਹੱਥਾਂ ਵਿਚ ਫੜੇ ਪੋਸਟਰ 84 ਦੇ ਘਲੂਘਾਰੇ ਬਾਰੇ ਦਸਣ, ਹਜ਼ਾਰਾਂ ਦੀ ਗਿਣਤੀ ਵਿਚ ਸਾੜੇ ਗਏ ਹਜ਼ਾਰਾਂ ਦੀ ਪੱਤ ਲੁੱਟੀ ਗਈ। ਕਰੋੜਾਂ ਦੀ ਜਾਇਦਾਦ ਅੱਗ ਭੇਟ ਹੋਈ, ਰਾਹੁਲ ਦੀ ਪਾਰਟੀ ਵਿਚ ਜ਼ੁਲਮ ਕਰਨ ਵਾਲੇ ਅਜੇ ਵੀ ਆਜ਼ਾਦੀ ਦਾ ਨਿੱਘ ਲੈ ਰਹੇ ਹਨ।

ਰੋਸ ਮੁਜਾਹਰਿਆ ਵਿਚ ਸਿੰਘਾਂ ਦੇ ਮੂੰਹਾਂ ਤੋਂ ਜੈ ਕਾਰੇ ਖਾਲਸੇ ਦੇ ਬੋਲ ਬਾਲੇ ਵਾਲੇ ਨਾਹਰੇ ਸੋਹਨ। "ਰਾਹੁਲ ਕੁਤਾ, ਰਾਹੁਲ ਹਰਾਮੀ ਗੋ ਬੈਕ" ਵਰਗੇ ਬੋਲ ਜਚਦੇ ਨਹੀਂ ਕਿਉਂਕਿ ਸਿੰਘਾਂ ਦੇ ਜੈਕਾਰੇ ਹੀ ਜ਼ਾਲਮਾਂ ਦੀਆਂ ਨੀਂਦਾ ਉਡਾਉਣ ਦੇ ਸਮਰਥ ਹੁੰਦੇ ਹਨ।

ਅਮਰੀਕ ਸਿੰਘ ਪੰਨੂੰ (ਫੋਨ 510-799-6365)
164 Elderberry Ct, Hercules, CA 94547

## 'ਸਹਾਇਤਾ' ਵੱਲੋਂ ਫਰਿਜ਼ਨੋ 'ਚ ਤੀਸਰਾ ਸਾਲਾਨਾ ਫੰਡ ਰੇਜ਼ਰ 6 ਅਕਤੂਬਰ ਨੂੰ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** 'ਸਹਾਇਤਾ' ਸੰਸਥਾ ਵੱਲੋਂ ਤੀਸਰਾ ਸਾਲਾਨਾ ਫੰਡ ਰੇਜ਼ਰ ਸਥਾਨਕ ਐਲੀਫੈਂਟ ਲੌਜ ਰੇਸਟਰਾਂ ਵਿਖੇ 6 ਅਕਤੂਬਰ, ਸ਼ੁੱਕਰਵਾਰ ਸ਼ਾਮੀ 7.00 ਵਜੇ ਤੋਂ 10.00 ਵਜੇ ਦਰਮਿਆਨ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ 'ਸਹਾਇਤਾ' ਸੰਸਥਾ 2005 ਵਿੱਚ ਹੋਂਦ 'ਚ ਆਈ ਸੀ ਅਤੇ ਉਦੋਂ ਤੋਂ ਹੀ ਦੇਸ਼ਾਂ-ਵਿਦੇਸ਼ਾਂ ਵਿੱਚ ਲੋੜਵੰਦਾਂ ਅਤੇ ਬੇਸਹਾਰਾ ਬੱਚਿਆਂ ਦੀ ਦੇਖਭਾਲ ਲਈ ਉਪਰਾਲੇ ਕਰ ਰਹੀ ਹੈ। ਸੰਸਥਾ ਦੇ ਮੋਢੀ ਮੈਂਬਰ ਡਾ. ਹਰਕੇਸ਼ ਸਿੰਘ ਸੰਧੂ ਨੇ ਦੱਸਿਆ ਕਿ ਇਸ ਸਮੇਂ ਬਾਲ ਘਰ ਅਤੇ ਹੋਰ ਕਈ ਪ੍ਰੋਜੈਕਟ ਭਾਰਤ ਅੰਦਰ ਉਸਾਰੀ ਅਧੀਨ ਹਨ ਅਤੇ ਇਹਦੇ ਨਾਲ ਨਾਲ ਅਪਾਹਜ ਬੱਚਿਆਂ ਲਈ ਸ਼ਪੈਸਲ ਵਾਰਡ ਬਣਾਏ ਜਾ ਰਹੇ ਹਨ। ਡਾ. ਸੰਧੂ ਨੇ ਕਿਹਾ ਕਿ ਖੁਦਕੁਸ਼ੀਆਂ ਕਰ ਗਏ ਕਿਸਾਨਾਂ-ਮਜ਼ਦੂਰਾਂ ਦੇ ਬੇਸਹਾਰਾ ਬੱਚਿਆਂ ਨੂੰ ਪੜ੍ਹਾਉਣ ਦਾ ਬੀੜਾ ਵੀ ਚੁੱਕਿਆ ਗਿਆ ਹੈ ਅਤੇ ਇਹ ਸਾਰੇ ਪ੍ਰੋਜੈਕਟ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਸਿਰੇ ਚੜ੍ਹ ਸਕਦੇ ਹਨ। ਇਸ ਮੌਕੇ ਉਨ੍ਹਾਂ ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਸੰਸਥਾ ਦਾ ਇਹ ਫੰਡ ਰੇਜ਼ਰ ਉਲੀਕਨ ਲਈ ਸ਼ੁਕਰੀਆ ਅਦਾ ਕੀਤਾ ਤੇ ਦਾਨੀ ਸੱਜਣਾ ਨੂੰ ਵੱਧ ਚੜ੍ਹ ਕੇ ਇਸ ਨੇਕ ਕਾਰਜ ਲਈ ਆਪਣਾ ਦਸਵੰਧ ਕੱਢਣ ਦੀ ਅਪੀਲ ਕੀਤੀ। ਇਸ ਫੰਡ ਰੇਜ਼ਰ ਲਈ ਵਧੇਰੇ ਜਾਣਕਾਰੀ ਲਈ ਅੰਮ੍ਰਿਤ ਧਾਲੀਵਾਲ ਨਾਲ (209) 598-6980 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਪਲੈਜੰਟਨ ਬੇ-ਏਰੀਆ ਵਿਖੇ ਫੰਡ ਰੇਜ਼ਰ 30 ਸਤੰਬਰ ਨੂੰ

ਪਲੈਜੰਟਨ : 'ਸਹਾਇਤਾ' ਸੰਸਥਾ ਵੱਲੋਂ ਲੋੜਵੰਦਾਂ ਦੀ ਮੱਦਦ ਲਈ ਬੇ-ਏਰੀਏ ਦੇ ਸ਼ਹਿਰ ਪਲੈਜੰਟਨ ਵਿੱਚ 30 ਸਤੰਬਰ, ਸ਼ਨਿਚਰਵਾਰ ਸ਼ਾਮੀ 6.30 ਤੋਂ 10.30 ਵਜੇ ਦਰਮਿਆਨ ਸਥਾਨਕ ਸੀਨੀਅਰ ਸੈਂਟਰ ਵਿੱਚ ਫੰਡ ਰੇਜ਼ਰ ਹੋ ਰਿਹਾ ਹੈ। ਵਧੇਰੇ ਜਾਣਕਾਰੀ ਲਈ Info@sahita.org 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਹਾਕੀ ਕਲੱਬ ਵਲੋਂ ਖੇਡ ਪੱਤਰਕਾਰ ਜਗਰੂਪ ਸਿੰਘ ਜਰਖੜ ਦਾ ਸਨਮਾਨ




**ਫੇਅਰਫੀਲਡ/ਬਿਊਰੋ ਨਿਊਜ਼ :** ਫੇਅਰਫੀਲਡ ਈਗਲ ਫੀਲਡ ਹਾਕੀ ਕਲੱਬ ਵੱਲੋਂ ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਵਿਖੇ ਸਾਲਾਨਾ ਹਾਕੀ ਟੂਰਨਾਮੈਂਟ ਕਰਵਾਇਆ ਗਿਆ। ਇਸ ਵਿਚ ਕੈਨੇਡਾ ਤੇ ਅਮਰੀਕਾ ਦੀਆਂ ਹਾਕੀ ਟੀਮਾਂ ਨੇ ਸ਼ਿਰਕਤ ਕੀਤੀ। ਇਹ ਟੂਰਨਾਮੈਂਟ 2 ਦਿਨ ਚੱਲਿਆ। ਇਸ ਦੌਰਾਨ ਪੰਜਾਬ ਤੋਂ ਆਏ ਖੇਡ ਪੱਤਰਕਾਰ ਜਗਰੂਪ ਸਿੰਘ ਜਰਖੜ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਗੁਰੂ ਘਰ ਵੱਲੋਂ ਜਗਰੂਪ ਸਿੰਘ ਜਰਖੜ ਨੂੰ ਸਿਰਪਾਓ ਭੇਟ ਕੀਤਾ। ਜਦਕਿ ਕੇਵਲ ਸਿੰਘ ਨੇ ਹਾਕੀ ਕਲੱਬ ਵੱਲੋਂ ਉਨ੍ਹਾਂ ਦੀਆਂ ਖੇਡਾਂ ਪ੍ਰਤੀ ਸੇਵਾਵਾਂ ਬਦਲੇ ਟਰਾਫੀ ਦੇ ਕੇ ਸਨਮਾਨ ਕੀਤਾ।

ਇਸ ਮੌਕੇ ਗੁਰਜਤਿੰਦਰ ਸਿੰਘ ਰੰਧਾਵਾ, ਸਤਿੰਦਰਪਾਲ ਹੇਅਰ, ਕੈਪਟਨ ਕਰਨਬੀਰ ਸਿੰਘ ਔਲਖ, ਧੱਪੂ ਸਰਕਾਰੀਆ, ਹੁਸ਼ਿਆਰ ਸਿੰਘ ਡਡਵਾਲ, ਗੁਰਪਾਲ ਸਿੰਘ ਡਡਵਾਲ, ਜਸਪਾਲ ਸਿੰਘ ਡਡਵਾਲ, ਸੁਰਜੀਤ ਸਿੰਘ ਰੌਤੂ ਤੇ ਸ਼ਸ਼ੀਪਾਲ ਵੀ ਹਾਜ਼ਰ ਸਨ।

## ਐਲਕ ਗਰੋਵ ਸਿਟੀ 'ਚ ਭਾਈਚਾਰਕ ਸਾਂਝ ਵਧਾਉਣ ਲਈ ਵਿੱਢੀ ਜਾਵੇਗੀ ਮੁਹਿੰਮ



**ਸੈਕਰਾਮੈਂਟੋ/ਬਿਊਰੋ ਨਿਊਜ਼ :** ਮਲਟੀਕਲਚਰ ਕਮੇਟੀ, ਐਲਕ ਗਰੋਵ ਸਿਟੀ ਦੀ ਅਹਿਮ ਮੀਟਿੰਗ ਸਿਟੀ ਹਾਲ ਵਿਖੇ ਹੋਈ। ਇਸ ਮੀਟਿੰਗ ਵਿਚ ਗੁਰਜਤਿੰਦਰ ਸਿੰਘ ਰੰਧਾਵਾ, ਸਕਾਟ ਮੈਲਸੁਮੋਟੋ, ਜਿੰਕੀ ਡਾਲਰ, ਡਾ. ਅਸ਼ੋਕ ਸ਼ੇਕਰ, ਕ੍ਰਿਸਟੋਫਰਟੇਨ ਅਤੇ ਮਹਿੰਦਰ ਸਿੰਘ ਵੀ ਹਾਜ਼ਰ ਹੋਏ। ਇਸ ਦੌਰਾਨ ਅਹਿਮ ਫੈਸਲਾ ਲੈਂਦੇ ਹੋਏ ਮਤਾ ਪਾਸ ਕੀਤਾ ਗਿਆ ਕਿ ਐਲਕ ਗਰੋਵ ਸਿਟੀ ਵਿਚ ਆਪਸੀ ਭਾਈਚਾਰਾ ਬਣਾਏ ਰੱਖਣ ਲਈ ਅਕਤੂਬਰ ਤੋਂ ਮਾਰਚ ਦੇ ਅਖੀਰ ਤੱਕ 6 ਮਹੀਨੇ ਲਗਾਤਾਰ ਵੱਖ-ਵੱਖ ਤਰੀਕਿਆਂ ਨਾਲ ਪ੍ਰਚਾਰ ਕੀਤਾ ਜਾਵੇਗਾ। ਸਥਾਨਕ ਅੰਗਰੇਜ਼ੀ ਦੀਆਂ ਅਖ਼ਬਾਰਾਂ, ਬਿਲ ਬੋਰਡ, ਸੋਸ਼ਲ ਮੀਡੀਆ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਨਾਲ ਆਪਸੀ ਭਾਈਚਾਰੇ ਦਾ ਪ੍ਰਚਾਰ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਐਲਕ ਗਰੋਵ ਵਿਚ 80 ਦੇ ਕਰੀਬ ਵੱਖ-ਵੱਖ ਧਰਮਾਂ ਅਤੇ ਦੇਸ਼ਾਂ ਦੇ ਲੋਕ ਰਹਿੰਦੇ ਹਨ। ਇਸ ਮੀਟਿੰਗ ਦੌਰਾਨ ਅਕਤੂਬਰ ਮਹੀਨੇ ਵਿਚ ਸਿਟੀ ਹਾਲ ਵਿਖੇ ਦੀਵਾਲੀ ਮਨਾਉਣ ਦਾ ਮਤਾ ਵੀ ਪਾਸ ਕੀਤਾ ਗਿਆ।

## ਪੀ.ਵੀ. ਸਿੰਧੂ ਨੇ ਵਿਸ਼ਵ ਚੈਂਪੀਅਨ ਨੂੰ ਹਰਾ ਕੇ ਜਿੱਤਿਆ ਕੋਰੀਆ ਬੈਡਮਿੰਟਨ ਓਪਨ

**ਸਿਓਲ/ਬਿਊਰੋ ਨਿਊਜ਼ :** ਉਲੰਪਿਕ ਚਾਂਦੀ ਤਗਮਾ ਜੇਤੂ ਭਾਰਤੀ ਸਟਾਰ ਬੈਡਮਿੰਟਨ ਖਿਡਾਰਨ ਪੀ. ਵੀ. ਸਿੰਧੂ ਨੇ ਜਾਪਾਨ ਦੀ ਵਿਸ਼ਵ ਚੈਂਪੀਅਨ ਖਿਡਾਰਨ ਨੋਜ਼ੋਮੀ ਓਕੁਹਾਰਾ ਨੂੰ ਫਾਈਨਲ ਵਿਚ ਹਰਾ ਕੇ ਕੋਰੀਆ ਓਪਨ ਸੁਪਰ ਸੀਰੀਜ਼ ਬੈਡਮਿੰਟਨ ਟੂਰਨਾਮੈਂਟ ਦਾ ਮਹਿਲਾ ਸਿੰਗਲ ਵਰਗ ਦਾ ਖਿਤਾਬ ਜਿੱਤ ਲਿਆ। 22 ਸਾਲ ਦੀ ਖਿਡਾਰਨ ਸਿੰਧੂ ਨੇ ਇਸ 6,00,000 ਡਾਲਰ ਇਨਾਮੀ ਟੂਰਨਾਮੈਂਟ ਦੇ ਫਾਈਨਲ ਵਿਚ ਓਕੁਹਾਰਾ ਨੂੰ 1 ਘੰਟਾ 23 ਮਿੰਟ ਤੱਕ ਚੱਲੇ ਮੈਚ ਵਿਚ 22-20, 11-21, 20-18 ਨਾਲ ਮਾਤ ਦੇ ਕੇ ਇਸ ਖਿਤਾਬ 'ਤੇ ਕਬਜ਼ਾ ਕੀਤਾ। ਸਿੰਧੂ ਨੇ ਪਹਿਲੇ ਹਾਫ਼ ਦੇ ਸ਼ੁਰੂ ਵਿਚ ਹੀ 2-0 ਨਾਲ ਬੜਤ ਬਣਾ ਲਈ ਪਰ ਵਿਰੋਧੀ ਖਿਡਾਰਨ ਨੇ ਜਲਦ ਹੀ ਬਰਾਬਰੀ ਕਰ ਲਈ ਜਿਸ ਤੋਂ ਬਾਅਦ ਸਿੰਧੂ ਫਿਰ 5-4 ਨਾਲ ਅੱਗੇ ਹੋ ਗਈ। ਇਨ੍ਹਾਂ ਦੋਵੇਂ ਖਿਡਾਰਨਾਂ ਵਿਚਕਾਰ ਵਿਸ਼ਵ ਚੈਂਪੀਅਨਸ਼ਿਪ ਦੀ ਝਲਕ 6-5 ਦੇ ਅੰਕਾਂ 'ਤੇ ਦੇਖਣ ਨੂੰ ਮਿਲੀ ਜਦ ਉਨ੍ਹਾਂ ਵਿਚਕਾਰ ਕਾਫ਼ੀ ਲੰਮੇ ਸਮੇਂ ਤੱਕ ਖੇਡ ਚੱਲੀ। ਇਸੇ ਦੌਰਾਨ ਸਿੰਧੂ ਨੇ ਕਰਾਰਾ ਸਮੈਸ਼ ਕਰਕੇ ਅੰਕ ਆਪਣੇ ਨਾਂਅ ਕੀਤਾ। ਹਾਲਾਂਕਿ ਓਕੁਹਾਰਾ ਨੇ ਇਸ ਤੋਂ ਬਾਅਦ ਲਗਾਤਾਰ ਚਾਰ ਅੰਕ ਬਣਾਏ ਜਦਕਿ ਸਿੰਧੂ ਨੇ ਅੰਕਾਂ ਨੂੰ ਫਿਰ 9-9 ਦੀ ਬਰਾਬਰੀ 'ਤੇ ਲਿਆ ਦਿੱਤਾ ਪਰ ਜਾਪਾਨੀ ਖਿਡਾਰਨ ਬ੍ਰੇਕ ਤੱਕ 11-9 ਨਾਲ ਬੜਤ ਬਣਾਉਣ ਵਿਚ ਸਫ਼ਲ ਰਹੀ। ਇਸ ਤੋਂ ਬਾਅਦ ਸਿੰਧੂ ਨੇ ਵਿਚਕਾਰੋਂ ਅੱਠਾਂ ਵਿਚੋਂ ਪੰਜ ਅੰਕ ਹਾਸਲ ਕੀਤੇ ਤੇ ਉਹ 14-13 ਨਾਲ ਅੱਗੇ ਹੋ ਗਈ। ਫਿਰ ਦੋਵਾਂ ਵਿਚ ਕੁਝ ਰੁਮਾਂਚਕ ਖੇਡ ਦੇਖਣ ਨੂੰ ਮਿਲੀ ਤੇ ਇਸੇ ਵਿਚਕਾਰ ਓਕੁਹਾਰਾ ਨੂੰ ਦੋ ਗੇਮ ਪੁਆਇੰਟ ਮਿਲੇ ਗਏ ਤੇ ਦੂਜਾ ਹਾਫ਼ ਉਸ ਨੇ ਆਪਣੇ ਨਾਂਅ ਕਰ ਲਿਆ। ਹਾਲਾਂਕਿ ਸਿੰਧੂ ਨੇ ਦੂਜੇ ਹਾਫ਼ ਦੀਆਂ ਸਭ ਗਲਤੀਆਂ ਨੂੰ ਪਿੱਛੇ ਛੱਡਦਿਆਂ ਸ਼ਾਨਦਾਰ ਵਾਪਸੀ ਕੀਤੀ ਤੇ ਤੀਜੇ ਸੈੱਟ ਦੀ ਬ੍ਰੇਕ ਤੱਕ 11-5 ਨਾਲ ਅੱਗੇ ਹੋ ਗਈ। ਜਦਕਿ ਓਕੁਹਾਰਾ ਨੇ ਵੀ ਆਪਣੀ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ ਪਰ ਮੈਚ ਦੇ ਅੰਤ ਵਿਚ ਸਿੰਧੂ ਇਸ ਟੂਰਨਾਮੈਂਟ 'ਤੇ ਕਬਜ਼ਾ ਕਰਨ ਵਿਚ ਸਫ਼ਲ ਰਹੀ।



**ਕੋਰੀਆ ਓਪਨ ਜਿੱਤਣ ਵਾਲੀ ਪਹਿਲੀ ਭਾਰਤੀ ਖਿਡਾਰਨ ਬਣੀ**

ਸਿੰਧੂ ਪਿਛਲੇ ਮਹੀਨੇ ਗਲਾਸਗੋ 'ਚ ਵਿਸ਼ਵ ਚੈਂਪੀਅਨਸ਼ਿਪ ਦੇ ਫਾਈਨਲ ਵਿਚ ਕਾਫ਼ੀ ਰੁਮਾਂਚਕ ਮੁਕਾਬਲੇ ਨਾਲ ਓਕੁਹਾਰਾ ਤੋਂ ਹਾਰ ਗਈ ਸੀ। ਇਸ ਮੈਚ ਨੂੰ ਮਾਹਰਾਂ ਨੇ ਬਹੁਤ ਅਹਿਮ ਮੈਚ ਕਰਾਰ ਦਿੱਤਾ ਸੀ ਪਰ ਸਿੰਧੂ ਨੇ ਜਾਪਾਨੀ ਖਿਡਾਰਨ ਤੋਂ ਬਦਲਾ ਲੈ ਕੇ ਟੂਰਨਾਮੈਂਟ ਜਿੱਤ ਲਿਆ। ਇਸ ਤਰ੍ਹਾਂ ਕੋਰੀਆ ਓਪਨ ਸੁਪਰ ਸੀਰੀਜ਼ ਜਿੱਤਣ ਵਾਲੀ ਉਹ ਪਹਿਲੀ ਭਾਰਤੀ ਖਿਡਾਰਨ ਬਣ ਗਈ ਹੈ।

# Sir Speedy Tustin
Printers to the Community

**Outdoor 3'x11' Promo Flag**
**Only $29/-**
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
**Only $69/-**

**Receipt Books**
Customized with your information and design. 2 part carbonless with numbering and perforation.
**Call for Price**

**Retractable 33"x 80" Banner**
Includes stand and carry bag. Hi-res imaging, durable and Brilliant colors!
**Only $225/-**

**All Weather 18"x24" Yard Signs**
Includes H-stakes. Single sided, durable to sunlight and rain. Reusable!
**$49/- for 4**

**11" Printed Balloons**
Printed with your logo and info. One color, one location. Min. qty 1000
**19¢ each**

White T-Shirts, 1 color screen printing in 1 position. Min Qty. 100
**Your Printed T-Shirts**
**Only $4.99**

1 color in 1 position. Min Qty. 100
**Your Printed Caps**
**Only $4.99**

**Trip Envelopes** Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

**CUSTOMIZED SWEET BOXES**

*South Asian Wedding Cards*

CALL NOW

# ਜਦੋਂ ਤਲਾਅ ਦਾ ਪਾਣੀ ਜਵਾਨਾਂ ਦੇ ਖ਼ੂਨ ਨਾਲ ਹੋ ਗਿਆ ਸੀ ਲਾਲ

**ਰੇਹਾਨ ਫ਼ਜ਼ਲ**

ਫ਼ਿਰੋਜ਼ਪੁਰ ਛਾਉਣੀ ਵਿਚ ਇਕ ਲਾਲ ਪੱਥਰ ਦਾ ਸਮਾਰਕ ਬਣਿਆ ਹੋਇਆ ਹੈ, ਜਿਸ 'ਤੇ ਲਿਖਿਆ ਹੈ, 'ਬਰਕੀ, 10 ਸਤੰਬਰ 1965'। ਉਸ ਦੇ ਨਾਲ ਹੀ ਪਾਕਿਸਤਾਨ ਦਾ ਪੈਟਨ ਟੈਂਕ ਖੜ੍ਹਿਆ ਹੈ ਤੇ ਇਕ ਮੀਲ ਪੱਥਰ ਵੀ ਲੱਗਾ ਹੈ, ਜਿਸ 'ਤੇ ਲਿਖਿਆ ਹੈ, ਲਾਹੌਰ 15 ਮੀਲ।

6 ਸਤੰਬਰ 1965 ਨੂੰ ਸਿੱਖ ਜਵਾਨਾਂ ਨੂੰ ਪਾਕਿਸਤਾਨੀ ਸਰਹੱਦ ਵੱਲ ਵਧਣ ਲਈ ਕਿਹਾ ਗਿਆ। ਰਾਤ ਹੁੰਦੇ ਹੁੰਦੇ ਉਹ ਖਾਲੜਾ ਪਹੁੰਚ ਗਏ। ਖਾਲੜਾ ਤੇ ਬਰਕੀ ਵਿਚਾਲੇ ਪਿੰਡ ਪੈਂਦਾ ਹੈ ਹੁਡਿਆਰਾ। ਇਸੇ ਨਾਂ ਨਾਲ ਇਥੇ ਨਾਲਾ ਵੀ ਹੈ। ਉਸ ਦਿਨ 48 ਇਨਫ਼ੈਂਟਰੀ ਬ੍ਰਿਗੇਡ ਹੁਡਿਆਰਾ ਤਾਂ ਪਹੁੰਚ ਗਈ ਪਰ ਪਾਕਿਸਤਾਨ ਵਲੋਂ ਆ ਰਹੀ ਜ਼ਬਰਦਸਤ ਗੋਲੀਬਾਰੀ ਨੇ ਉਨ੍ਹਾਂ ਨੂੰ ਨਾਲਾ ਪਾਰ ਨਾ ਕਰਨ ਦਿੱਤਾ। ਯੋਜਨਾ ਬਣਾਈ ਗਈ ਕਿ ਰਾਤ ਦੇ ਹਨੇਰੇ ਵਿਚ ਪਾਕਿਸਤਾਨੀ ਫ਼ੌਜ 'ਤੇ ਹਮਲਾ ਬੋਲਿਆ ਜਾਵੇ ਪਰ ਇਹ ਯੋਜਨਾ ਉਦੋਂ ਧਰੀ-ਧਰਾਈ ਰਹਿ ਗਈ ਜਦੋਂ ਪਾਕਿਸਤਾਨੀ ਫ਼ੌਜੀਆਂ ਨੇ ਹੁਡਿਆਰਾ ਪੁਲ ਉਡਾ ਕੇ ਪੁਜ਼ੀਸ਼ਨਾਂ ਲੈ ਲਈਆਂ।



4 ਸਿੱਖ ਦੇ ਜਵਾਨਾਂ ਨਾਲ ਹੱਥ ਮਿਲਾਉਂਦੇ ਹੋਏ ਭਾਰਤ ਦੇ ਉਸ ਵੇਲੇ ਦੇ ਰਾਸ਼ਟਰਪਤੀ ਸਰਵਪੱਲੀ ਰਾਧਾਕ੍ਰਿਸ਼ਨਣ



ਬਰਕੀ ਵਿਚ ਭਾਰਤ ਨੂੰ ਜਿੱਤ ਦਿਵਾਉਣ ਵਿਚ ਬ੍ਰਿਗੇਡੀਅਰ ਕੰਵਲਜੀਤ ਸਿੰਘ ਦੀ ਅਹਿਮ ਭੂਮਿਕਾ ਰਹੀ ਸੀ।

**ਪਾਕਿਸਤਾਨੀਆਂ ਨੇ ਆਪਣਾ ਹੀ ਪੁਲ ਉਡਾਇਆ...**

ਕਰਨਲ ਮਨਮੋਹਨ ਸਿੰਘ ਮੰਨਦੇ ਹਨ ਕਿ ਪਾਕਿਸਤਾਨੀਆਂ ਦੇ ਇਸ ਕਦਮ ਨਾਲ ਭਾਰਤੀ ਟੈਂਕ ਉਥੇ ਹੀ ਖੜ੍ਹੇ ਰਹਿ ਗਏ। ਉਹ ਕਹਿੰਦੇ ਹਨ, 'ਵੈਸੇ ਤਾਂ ਨਾਲਾ ਸਿਰਫ਼ ਡੇਢ ਫੁੱਟ ਡੂੰਘਾ ਸੀ ਪਰ ਕਿਉਂਕਿ ਉਸ ਦੀ ਚੌੜਾਈ 50 ਫੁੱਟ ਸੀ, ਇਸ ਲਈ ਉਸ ਵਿਚ ਟੈਂਕ ਉਤਾਰਨ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ ਸੀ।' ਪਾਕਿਸਤਾਨੀ ਗੋਲੀਬਾਰੀ ਦੌਰਾਨ 4 ਸਿੱਖ ਦੀਆਂ ਦੋ ਕੰਪਨੀਆਂ ਪੁਲ ਦੁਬਾਰਾ ਬਣਾਉਣ ਵਿਚ ਲੱਗ ਗਈਆਂ। ਸ਼ਾਮ ਤਕ ਪੁਲ ਬਣ ਕੇ ਤਿਆਰ ਹੋ ਗਿਆ ਪਰ ਜਦੋਂ ਉਸ ਦੀ ਜਾਂਚ ਕੀਤੀ ਗਈ ਤਾਂ ਪਤਾ ਚੱਲਿਆ ਕਿ ਟੈਂਕ ਲੰਘਣ ਲਈ ਇਹ ਜਗ੍ਹਾ ਹਾਲੇ ਵੀ ਕਾਫ਼ੀ ਨਹੀਂ ਹੈ।

**ਜਹਾਜ਼ ਮਾਰੂ ਤੋਪਾਂ ਦਾ ਇਸਤੇਮਾਲ...**

ਪਰ ਪਾਕਿਸਤਾਨ ਵਲੋਂ ਜ਼ਬਰਦਸਤ ਗੋਲੀਬਾਰੀ ਕੀਤੀ ਜਾ ਰਹੀ ਸੀ। ਕਰਨਲ ਮਨਮੋਹਨ ਸਿੰਘ ਯਾਦ ਕਰਦੇ ਹਨ, 'ਫ਼ੌਜੀ ਭਾਸ਼ਾ ਵਿਚ ਅਸੀਂ ਇਸ ਨੂੰ ਕਾਰਪਟ ਬੰਬਿੰਗ ਕਹਿੰਦੇ ਹਾਂ। ਉਸ ਇਲਾਕੇ ਦੇ ਇਕ ਇੰਚ 'ਤੇ ਉਨ੍ਹਾਂ ਦੇ ਗੋਲੇ ਡਿੱਗ ਰਹੇ ਸਨ। ਚੰਗੀ ਗੱਲ ਇਹ ਰਹੀ ਕਿ ਰਾਤ ਨੂੰ ਹੀ ਅਸੀਂ ਖੱਡਾ ਖੋਦ ਲਿਆ ਸੀ। ਅਸੀਂ ਉਸ ਅੰਦਰ ਚਲੇ ਗਏ। ਅਸੀਂ ਆਪਣੇ ਸਿਰ ਹੇਠ ਰੱਖੇ ਤੇ ਗੋਲੇ ਸਾਡੇ ਉਪਰੋਂ ਲੰਘਦੇ ਰਹੇ।' ਪਾਕਿਸਤਾਨੀਆਂ ਨੇ ਨਵੀਂ ਗੱਲ ਇਹ ਕੀਤੀ ਕਿ ਇਸ ਗੋਲਾਬਾਰੀ ਦੌਰਾਨ ਉਨ੍ਹਾਂ ਨੇ ਆਪਣੀ ਜਹਾਜ਼ ਮਾਰੂ ਤੋਪਾਂ ਦਾ ਮੂੰਹ ਹੇਠ ਕਰਕੇ ਬਰਕੀ ਵੱਲ ਵਧਦੇ ਭਾਰਤੀ ਫ਼ੌਜੀਆਂ ਵੱਲ ਕਰ ਦਿੱਤਾ। ਬ੍ਰਿਗੇਡੀਅਰ ਕੰਵਲਜੀਤ ਸਿੰਘ ਯਾਦ ਕਰਦੇ ਹਨ, 'ਸਾਡੇ ਸਿਰ ਉਪਰ ਮੱਚਦਾ ਹੋਇਆ ਸੂਰਜ ਸੀ ਤੇ ਖੱਡਿਆਂ ਵਿਚ ਸਾਡਾ ਦਮ ਘੁੱਟ ਰਿਹਾ ਸੀ। ਅਸੀਂ ਬੁਰੀ ਤਰ੍ਹਾਂ ਪਿਆਸੇ ਸੀ ਪਰ ਸਾਡੇ ਜਵਾਨਾਂ ਨੇ ਗ਼ਜ਼ਬ ਦਾ ਜਲ ਅਨੁਸ਼ਾਸਨ ਦਿਖਾਇਆ। ਕੋਈ ਵੀ ਆਪਣੀ ਥਾਂ ਤੋਂ ਨਾ ਹਿਲਿਆ।'

**ਕਰਨਲ ਅਨੰਤ ਸਿੰਘ ਦਾ ਉਹ ਭਾਸ਼ਣ...**

ਤੈਅ ਹੋਇਆ ਕਿ ਪਹਿਲਾਂ 4 ਸਿੱਖ ਦੇ ਫ਼ੌਜੀ ਰਾਤ ਨੂੰ ਬਰਕੀ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨਗੇ। ਸੈਂਟਰਲ ਇੰਡੀਆ ਹਾਰਸ ਦੇ ਸ਼ਰਮਨ ਟੈਂਕ ਆਪਣੀਆਂ ਬੱਤੀਆਂ ਜਗਾਈ ਗੋਲੀਬਾਰੀ ਕਰਦੇ ਹੋਏ ਅੱਗੇ ਅੱਗੇ ਵਧਣਗੇ ਤੇ ਉਨ੍ਹਾਂ ਦੀ ਓਟ ਲੈਂਦੇ ਹੋਏ 4 ਸਿੱਖ ਦੇ ਜਵਾਨ ਜਾਣਗੇ। ਹਮਲੇ ਤੋਂ ਪਹਿਲਾਂ ਲੈਫ਼ਟੀਨੈਂਟ ਕਰਨਲ ਅਨੰਤ ਸਿੰਘ ਨੇ ਆਪਣੇ ਜਵਾਨਾਂ ਨੂੰ ਸੰਬੋਧਨ ਕੀਤਾ, 'ਸਾਡੀ ਕਿਸਮਤ ਬਹੁਤ ਚੰਗੀ ਆ। ਅੱਜ ਮੌਕਾ ਮਿਲਿਆ ਵਾਪਸ ਆਪਣੇ ਘਰ ਜਾਣ ਦਾ। ਅੱਜ ਹਾਥੀਆਂ ਨਾਲ ਸਾਡੀ ਬਰਾਤ ਜਾਊਗੀ ਤੇ ਅਜਿਹੀ ਆਤਿਸ਼ਬਾਜ਼ੀ ਹੋਵੇਗੀ ਕਿ ਦੀਵਾਲੀ ਵੀ ਫਿੱਕੀ ਪੈ ਜਾਊਗੀ। ਬਰਕੀ ਵੋਹਟੀ ਵਾਂਗ ਹੈ। ਤੁਸੀਂ ਅੱਜ ਲਾੜੇ ਹੋ। ਸ਼ੇਰੋ ਤਗ਼ੜੇ ਹੋ ਜਾਵੋ। ਅੱਜ ਬਰਕੀ ਵਿਆਹੁਣੀ ਐ।'

**ਪਿਲ ਬਕਸਿਆਂ 'ਚੋਂ ਉਗਲਦੀ ਅੱਗ...**

ਪਰ ਲਗਦਾ ਹੈ ਪਾਕਿਸਤਨੀਆਂ ਨੂੰ ਭਾਰਤੀ ਹਮਲੇ ਦਾ ਖ਼ਦਸ਼ਾ ਹੋ ਗਿਆ। ਉਨ੍ਹਾਂ ਨੇ ਆਪਣੇ ਤੋਪਖਾਨੇ ਨਾਲ ਭਾਰੀ ਫਾਇਰ ਕਰਨਾ ਸ਼ੁਰੂ ਕਰ ਦਿੱਤਾ। ਕੰਵਲਜੀਤ ਸਿੰਘ ਯਾਦ ਕਰਦੇ ਹਨ, 'ਦੁਸ਼ਮਣ ਦੀ ਆਰਟਲਰੀ ਫਾਇਰ ਏਨੀ ਤੀਬਰ ਸੀ ਕਿ ਉਨ੍ਹਾਂ ਨੇ ਪੌਣੇ ਘੰਟੇ ਵਿਚ ਸਾਡੇ ਉਪਰ 3000 ਗੋਲੇ ਚਲਾਏ।' ਪਾਕਿਸਤਾਨੀਆਂ ਨੇ ਪੂਰੇ ਪਿੰਡ ਵਿਚ 11 ਪਿਲ ਬਾਕਸ ਬਣਾ ਰੱਖੇ ਸਨ। ਉਹ ਕੰਕਰੀਟ ਤੇ ਇਸਪਾਤ ਨਾਲ ਬਣੇ ਸਨ। ਉਨ੍ਹਾਂ ਵਿਚ ਮੋਹਰੀਆਂ ਵੀ ਸਨ ਤਾਂ ਕਿ ਗੰਨ ਫਾਇਰਿੰਗ ਕੀਤੀ ਜਾ ਸਕੇ। ਹਰ ਪਿਲ ਬਾਕਸ ਵਿਚ ਘੱਟੋ-ਘੱਟ 3 ਜਵਾਨ ਸਨ ਤੇ ਉਨ੍ਹਾਂ ਕੋਲ ਮੀਡੀਅਮ ਮਸ਼ੀਨ ਗੰਨ, ਲਾਈਟ ਮਸ਼ੀਨ ਗੰਨ ਤੇ ਸਟੇਨ ਗੰਨ ਸੀ।

ਕਰਨਲ ਮਨਮੋਹਨ ਸਿੰਘ ਯਾਦ ਕਰਦੇ ਹਨ, 'ਸਾਡੀਆਂ 25 ਪੌਂਡ ਦੀਆਂ ਤੋਪਾਂ ਦਾ ਵੀ ਉਨ੍ਹਾਂ ਪਿਲ ਬਾਕਸ 'ਤੇ ਕੋਈ ਅਸਰ ਨਹੀਂ ਪੈ ਰਿਹਾ ਸੀ। ਐਂਟੀ ਟੈਂਕ ਗੰਨ ਵੀ ਪੂਰੇ ਪਿਲ ਬਾਕਸ ਨੂੰ ਮਾਮੂਲੀ ਨੁਕਸਾਨ ਹੀ ਪਹੁੰਚਾ ਰਿਹਾ ਸੀ। ਉਨ੍ਹਾਂ ਨੂੰ ਰੋਕਣ ਦਾ ਸਿਰਫ਼ ਇਕੋ ਤਰੀਕਾ ਸੀ, ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਇਨ੍ਹਾਂ ਪਿਲ ਬਕਸਿਆਂ ਵਿਚ ਵੜਿਆ ਜਾਵੇ ਜਾਂ ਇਨ੍ਹਾਂ ਅੰਦਰ ਹੈਂਡ ਗਰਨੇਡ ਸੁੱਟ ਕੇ ਫਾਇਰਿੰਗ ਕਰ ਰਹੇ ਲੋਕਾਂ ਨੂੰ ਖ਼ਤਮ ਕੀਤਾ ਜਾਵੇ।'

**ਟੈਂਕਾਂ ਨੇ ਆਪਣਿਆਂ 'ਤੇ ਵਰ੍ਹਾਏ ਗੋਲੇ...**

ਜਦੋਂ ਬਰਕੀ 250 ਮੀਟਰ ਰਹਿ ਗਿਆ ਤਾਂ 4 ਸਿੱਖ ਤੇ ਪਾਕਿਸਤਾਨੀ ਜਵਾਨਾਂ ਵਿਚਾਲੇ ਹੱਥਾਂ ਦੀ ਲੜਾਈ ਹੋਣ ਲੱਗੀ। ਭਾਰਤੀ ਜਵਾਨ ਰੇਂਗਦੇ ਹੋਏ ਪਿਲ ਬਾਕਸ ਵੱਲ ਵਧੇ ਤੇ ਉਨ੍ਹਾਂ ਅੰਦਰ ਗਰਨੇਡ ਸੁੱਟ ਕੇ ਉਨ੍ਹਾਂ ਬੰਦੂਕਾਂ ਨੂੰ ਸ਼ਾਂਤ ਕੀਤਾ। ਉਧਰ ਲੈਫਟੀਨੈਂਟ ਕੰਵਲਜੀਤ ਸਿੰਘ ਨੂੰ ਨਿਰਦੇਸ਼ ਦਿੱਤੇ ਗਏ ਕਿ ਉਹ 16ਵੇਂ ਮਾਈਲ ਸਟੋਨ 'ਤੇ ਰੁਕ ਕੇ ਪਿਛੋਂ ਆ ਰਹੇ ਟੈਂਕਾਂ ਦਾ ਇੰਤਜ਼ਾਰ ਕਰਨ ਤੇ ਫਿਰ ਉਨ੍ਹਾਂ ਨਾਲ ਅੱਗੇ ਵਧਣ। ਜਦੋਂ 8 ਵਜੇ ਤਕ ਟੈਂਕ ਨਹੀਂ ਆਏ ਤਾਂ ਲੈਫ਼ਟੀਨੈਂਟ ਕਰਨਲ ਅਨੰਤ ਸਿੰਘ ਰੇਡੀਓ 'ਤੇ ਚਿਲਾਏ, 'ਭਾਈਬੰਡ ਆਰ ਨੌਂ ਭਾਈਬੰਡ। ਐਵਰੀ ਜਵਾਨ ਆਫ਼ 4 ਸਿੱਖ ਇਜ਼ ਭਾਈਬੰਡ। ਟੈੱਲ ਦੈੱਮ ਟੂ ਮੂਵ।'

ਕੰਵਲਜੀਤ ਸਿੰਘ ਜਾਣਦੇ ਸਨ ਕਿ 'ਭਾਈਬੰਡ' ਕੋਡ ਵਰਡ ਹੈ, ਜਿਸ ਦਾ ਮਤਲਬ ਸੀ ਟੈਂਕ। ਵੀਹ ਮਿੰਟਾਂ ਵਿਚ ਹੀ ਉਥੇ ਟੈਂਕ ਪਹੁੰਚ ਗਏ। ਉਨ੍ਹਾਂ ਨੇ ਆ ਦੇਖਿਆ, ਨਾ ਤਾਅ, ਬਰਕੀ 'ਤੇ ਗੋਲੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਭਾਰਤੀ ਫ਼ੌਜੀ ਪਹਿਲਾਂ ਹੀ ਬਰਕੀ ਪਹੁੰਚ ਗਏ ਸਨ ਤੇ ਉਨ੍ਹਾਂ ਦੇ ਗੋਲੇ ਭਾਰਤੀ ਫ਼ੌਜੀਆਂ ਉਪਰ ਹੀ ਪੈ ਰਹੇ ਸਨ। ਕੰਵਲਜੀਤ ਸਿੰਘ ਤੁਰੰਤ ਸਭ ਤੋਂ ਅੱਗੇ ਚਲ ਰਹੇ ਟੈਂਕ ਵੱਲ ਦੌੜੇ। ਟੈਂਕ ਚਲਾ ਰਹੇ ਸ਼ਖ਼ਸ ਨੇ ਉਨ੍ਹਾਂ ਦੀ ਆਵਾਜ਼ ਨਹੀਂ ਸੁਣੀ। ਉਹ ਟੈਂਕ ਦੇ ਕਪੋਲਾ ਉਪਰ ਚੜ੍ਹੇ ਤੇ ਉਸ ਦੇ ਉਪਰ ਆਪਣੀ ਸਟੇਨ ਗਨ ਨਾਲ ਜ਼ੋਰ ਦੀ ਆਵਾਜ਼ ਕੀਤੀ। ਉਨ੍ਹਾਂ ਨੂੰ ਬਾਹਰ ਕੱਢ ਦਫ਼ਾਦਾਰ ਨੂੰ ਦੱਸਿਆ ਕਿ ਸੜਕ ਦੀ ਸੇਧ ਵਿਚ ਤੁਰੰਤ ਫਾਇਰਿੰਗ ਰੋਕੋ ਤੇ ਖੱਬੇ ਪਾਸੇ ਫਾਇਰ ਕਰੋ। ਤੁਰੰਤ ਇਹ ਸੰਦੇਸ਼ ਸਾਰੇ ਟੈਂਕਾਂ ਨੂੰ ਪਹੁੰਚਾਇਆ ਗਿਆ ਤੇ ਤਾਂ ਜਾ ਕੇ ਖੱਬੇ ਪਾਸੇ ਫਾਇਰਿੰਗ ਹੋਈ।

**ਬੋਲੇ ਸੋ ਨਿਹਾਲ...**

ਇਸੇ ਦੌਰਾਨ ਜ਼ਖ਼ਮੀ ਹੋ ਚੁੱਕੇ ਭਾਰਤੀ ਫ਼ੌਜੀਆਂ ਨੂੰ ਫਰਸਟ ਏਡ ਵੀ ਨਹੀਂ ਦਿੱਤੀ ਗਈ। ਉਨ੍ਹਾਂ ਨੂੰ ਛੂਹਿਆ ਤਕ ਨਾ ਗਿਆ ਕਿਉਂਕਿ ਉਥੇ ਇਕ ਇਕ ਮਿੰਟ ਦੀ ਕੀਮਤ ਸੀ। ਬਰਕੀ ਵੱਲ ਆਖ਼ਰੀ 90 ਮੀਟਰ ਬਹੁਤ ਮੁਸ਼ਕਲ ਸਿੱਧ ਹੋਏ। ਪਰ 4 ਸਿੱਖ ਦੇ ਜਵਾਨ, 'ਬੋਲੇ ਸੋ ਨਿਹਾਲ, ਸਤ ਸ਼੍ਰੀ ਅਕਾਲ' ਦਾ ਨਾਅਰਾ ਲਾਉਂਦੇ ਹੋਏ ਅੱਗੇ ਵਧੇ। ਉਦੋਂ ਤਕ ਬਹਾਦੁਰੀ ਨਾਲ ਮੁਕਾਬਲਾ ਕਰ ਰਹੇ ਪਾਕਿਸਤਾਨੀ ਫ਼ੌਜੀਆਂ ਦਾ ਹੌਸਲਾ ਪਸਤ ਹ ਗਿਆ ਤੇ ਅਚਾਨਕ ਉਨ੍ਹਾਂ ਵਲੋਂ ਆ ਰਿਹਾ ਤੇਜ਼ ਪ੍ਰਤੀਰੋਧ ਬੰਦ ਹੋ ਗਿਆ। ਤਾਂ ਆਕਾਸ਼ ਵਿਚ 2 ਫਲੇਅਰਜ਼ ਸੁੱਟ ਦਿੱਤੇ। ਜਿਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਦੇਖਿਆ ਉਹ ਖ਼ੁਸ਼ੀ ਵਿਚ ਨੱਚਣ ਲੱਗੇ। ਇਸ ਦਾ ਮਤਲਬ ਸੀ ਬਰਕੀ 'ਤੇ ਹੁਣ ਭਾਰਤੀ ਫ਼ੌਜੀਆਂ ਦਾ ਕਬਜ਼ਾ ਹੋ ਚੁੱਕਾ ਸੀ।

**ਲਾਲ ਰੰਗ ਦਾ ਤਲਾਅ ਦਾ ਪਾਣੀ...**

ਬ੍ਰਿਗੇਡੀਅਰ ਕੰਵਲਜੀਤ ਸਿੰਘ ਯਾਦ ਕਰਦੇ ਹਨ, 'ਅਗਲੇ ਦਿਨ ਮੈਂ ਆਪਣੇ ਸਾਥੀ ਲੈਫਟੀਨੈਂਟ ਬੀ.ਐਸ. ਚਾਹਲ ਨਾਲ ਟਰੈਂਚ ਵਿਚ ਸੀ। ਪਿਆਸ ਨਾਲ ਮੇਰਾ ਗਲਾ ਸੁੱਕ ਰਿਹਾ ਸੀ। ਮੈਂ ਇਕ ਜਵਾਨ ਨੂੰ ਪਾਣੀ ਲਿਆਉਣ ਲਈ ਕਿਹਾ। ਉਹ ਇਕ ਗਿਲਾਸ ਪਾਣੀ ਲੈ ਆਇਆ। ਜਦੋਂ ਮੈਂ ਘੁੱਟ ਭਰਿਆ ਤਾਂ ਮੈਨੂੰ ਉਸ ਦਾ ਸਵਾਦ ਕੁਝ ਅਜੀਬ ਲੱਗਾ। ਜਦੋਂ ਮੈਂ ਦੇਖਿਆ ਤਾਂ ਉਸ ਦਾ ਰੰਗ ਕੁਝ ਲਾਲ ਜਿਹਾ ਸੀ।' ਇਸ ਤੋਂ ਕੰਵਲਜੀਤ ਸਿੰਘ ਨੇ ਜਵਾਨ ਨੂੰ ਪੁਛਿਆ, 'ਇਹ ਪਾਣੀ ਤੂੰ ਕਿਥੋਂ ਲੈ ਕੇ ਆਇਐਂ?' ਉਸ ਨੇ ਨੇੜੇ ਦੇ ਤਲਾਅ ਵੱਲ ਇਸ਼ਾਰਾ ਕੀਤਾ। ਜਦੋਂ ਮੈਂ ਉਸ ਤਲਾਅ 'ਤੇ ਪਹੁੰਚਿਆ ਤਾਂ ਮੈਂ ਦੇਖਿਆ ਕਿ ਉਹ ਪਾਕਿਸਤਾਨੀ ਫ਼ੌਜੀਆਂ ਦੀਆਂ ਲਾਸ਼ਾਂ ਨਾਲ ਭਰਿਆ ਪਿਆ ਸੀ। ਉਸ ਵਿਚ ਮਰੇ ਹੋਏ ਜਾਨਵਰਾਂ ਵੀ ਤੈਰ ਰਹੇ ਸਨ। ਉਨ੍ਹਾਂ ਦੇ ਖ਼ੂਨ ਨਾਲ ਤਲਾਅ ਦਾ ਰੰਗ ਲਾਲ ਹੋ ਗਿਆ ਸੀ। ਮੈਂ ਏਨਾ ਪਿਆਸਾ ਸੀ ਕਿ ਮੈਂ ਆਪਣੀਆਂ ਅੱਖਾਂ ਬੰਦ ਕੀਤੀਆਂ ਤੇ ਪਾਣੀ ਦੇ 2 ਘੁੱਟ ਭਰੇ ਤੇ ਨਾਲ ਹੀ ਉਲਟੀ ਆ ਗਈ।'

## ਪਾਕਿਸਤਾਨ ਦੇ ਹੀਰੋ ਮੇਜਰ ਅਜ਼ੀਜ਼ ਭੱਟੀ...

ਪਾਕਿਸਤਾਨ ਵਲੋਂ ਬਰਕੀ ਦੀ ਲੜਾਈ 17 ਪੰਜਾਬ ਨੇ ਲੜੀ, ਜਿਸ ਦੀ ਅਗਵਾਈ ਕਰ ਰਹੇ ਸਨ ਮੇਜਰ ਰਾਜਾ ਅਜ਼ੀਜ਼ ਭੱਟੀ। ਉਹ ਬਹੁਤ ਬਹਾਦੁਰੀ ਨਾਲ ਲੜੇ ਤੇ ਬਰਕੀ 'ਤੇ ਕਬਜ਼ੇ ਤੋਂ ਇਕ ਦਿਨ ਬਾਅਦ ਭਾਰਤੀ ਗੋਲੇ ਦਾ ਸ਼ਿਕਾਰ ਹੋ ਗਏ। ਉਸ ਸਮੇਂ ਉਹ ਦਰਖ਼ਤ 'ਤੇ ਚੜ੍ਹ ਕੇ ਭਾਰਤੀ ਫ਼ੌਜੀਆਂ 'ਤੇ ਗੋਲੀਆਂ ਚਲਾ ਰਹੇ ਸਨ। ਬ੍ਰਿਗੇਡੀਅਰ ਕੰਵਲਜੀਤ ਸਿੰਘ ਕਹਿੰਦੇ ਹਨ, 'ਸਾਡੇ ਉਪਰ ਪਾਕਿਸਤਾਨੀ ਗੋਲੀਬਾਰੀ ਏਨੀ ਤੇਜ਼ੀ ਨਾਲ ਹੋ ਰਹੀ ਸੀ, ਕਿ ਉਨ੍ਹਾਂ ਦਾ ਲੀਡਰ ਏਨੇ ਉਚੇ ਪੱਧਰ ਦਾ ਸੀ। ਇਹ ਉਨ੍ਹਾਂ ਦੀ ਮੁਹਾਰਤ ਸੀ ਕਿ ਉਨ੍ਹਾਂ ਨੇ ਉਸ ਲੜਾਈ ਨੂੰ ਏਨੀ ਦੇਰ ਤਕ ਤੇ ਏਨੀ ਚੰਗੀ ਤਰ੍ਹਾਂ ਸੰਭਾਲਿਆ ਸੀ।'



ਮੇਜਰ ਅਜ਼ੀਜ਼ ਭੱਟੀ ਨੂੰ 1965 ਦੇ ਯੁੱਧ ਵਿਚ ਬਹਾਦੁਰੀ ਲਈ ਮਰਨ ਉਪਰੰਤ ਨਿਸ਼ਾਨ-ਏ-ਹੈਦਰ ਦਿੱਤਾ ਗਿਆ।

**ਬੀਬੀਸੀ ਤੋਂ ਧੰਨਵਾਦ ਸਹਿਤ**

# ਆਸਟਰੇਲੀਆ : ਸਿੱਖ ਪਰਿਵਾਰ ਨੇ ਇਸਾਈ ਸਕੂਲ ਖ਼ਿਲਾਫ਼ ਜਿੱਤੀ ਕਾਨੂੰਨੀ ਲੜਾਈ

## ਅਦਾਲਤ ਨੇ ਕਿਹਾ-ਪਟਕੇ 'ਤੇ ਪਾਬੰਦੀ ਲਗਾਉਣਾ ਗਲਤ

**ਮੈਲਬਰਨ/ਬਿਊਰੋ ਨਿਊਜ਼ :** ਸਥਾਨਕ ਇਸਾਈ ਸਕੂਲ ਵੱਲੋਂ ਸਿੱਖ ਵਿਦਿਆਰਥੀ ਉੱਤੇ ਪਟਕਾ ਬੰਨ੍ਹ ਕੇ ਸਕੂਲ ਆਉਣ ਉੱਤੇ ਲਾਈ ਪਾਬੰਦੀ ਨੂੰ ਵਿਕਟੋਰੀਅਨ ਅਦਾਲਤ ਨੇ ਗ਼ੈਰਕਾਨੂੰਨੀ ਤੇ ਪੱਖਪਾਤੀ ਕਾਰਵਾਈ ਐਲਾਨ ਦਿੱਤਾ ਹੈ। ਪੀੜਤ ਸਿੱਖ ਪਰਿਵਾਰ ਦੇ ਹੱਕ ਵਿੱਚ ਆਏ ਇਸ ਫ਼ੈਸਲੇ ਮਗਰੋਂ ਸਿੱਖ ਭਾਈਚਾਰੇ ਨੇ ਖ਼ੁਸ਼ੀ ਦੇ ਨਾਲ ਰਾਹਤ ਵੀ ਮਹਿਸੂਸ ਕੀਤੀ ਹੈ। ਉਧਰ ਸਕੂਲ ਦੇ ਬੁਲਾਰੇ ਨੇ ਕਿਹਾ ਕਿ ਅਦਾਲਤੀ ਫ਼ੈਸਲੇ ਮਗਰੋਂ ਵਿਦਿਆਰਥੀ ਦੇ ਮਾਪਿਆਂ ਨਾਲ ਮਿਲ ਕੇ ਮਸਲਾ ਹੱਲ ਕਰ ਲਿਆ ਜਾਵੇਗਾ। ਯਾਦ ਰਹੇ ਕਿ ਸ਼ਹਿਰ ਦੇ ਪੱਛਮੀ ਇਲਾਕੇ ਵਿੱਚ ਸਥਿਤ ਮੈਲਟਨ ਕ੍ਰਿਸ਼ਚਨ ਸਕੂਲ ਨੇ ਪਿਛਲੇ ਸਾਲ ਪੰਜ ਸਾਲਾ ਵਿਦਿਆਰਥੀ ਸਿਦਕ ਸਿੰਘ ਅਰੋੜਾ ਉੱਤੇ ਪਟਕਾ ਬੰਨ੍ਹ ਕੇ ਸਕੂਲ ਆਉਣ ਉੱਤੇ ਰੋਕ ਲਾ ਦਿੱਤੀ ਸੀ। ਸਕੂਲ ਦਾ ਤਰਕ ਸੀ ਕਿ ਪਟਕਾ ਸਕੂਲ ਦੀ ਵਰਦੀ ਨੀਤੀ ਦੇ ਦਾਇਰੇ ਵਿਚ ਨਹੀਂ ਆਉਂਦਾ। ਇਸ ਮਗਰੋਂ ਪੀੜਤ ਬੱਚੇ ਦੇ ਪਿਤਾ ਸਾਗਰਦੀਪ ਸਿੰਘ ਅਰੋੜਾ ਤੇ ਮਾਂ ਅਨੁਪ੍ਰੀਤ ਨੇ ਇਸ ਪਾਬੰਦੀ ਖ਼ਿਲਾਫ਼ ਅਦਾਲਤ ਦਾ ਬੂਹਾ ਖੜਕਾਇਆ ਸੀ। ਬਰਾਬਰਤਾ ਕਾਨੂੰਨ ਦੀ ਸਿੱਧੇ ਤੌਰ 'ਤੇ ਉਲੰਘਣਾ ਕਰਦੇ ਇਸ ਕੇਸ ਵਿੱਚ ਹੁਣ ਤੱਕ ਸਿਦਕ ਨੂੰ ਕਾਨੂੰਨੀ ਤੌਰ 'ਤੇ ਕੌਮਾਂਤਰੀ ਪੱਧਰ 'ਤੇ ਵੀ ਸਹਿਯੋਗ ਮਿਲਿਆ ਸੀ। ਫ਼ੈਸਲੇ ਵਿੱਚ ਟ੍ਰਿਬਿਊਨਲ ਮੈਂਬਰ ਜੂਲੀ ਗਰੈਂਗਰ ਨੇ ਸਕੂਲ ਦੀ ਗ਼ੈਰਇਸਾਈ ਵਿਦਿਆਰਥੀਆਂ ਲਈ ਵਰਦੀ ਨੀਤੀ ਨੂੰ ਪੱਖਪਾਤੀ ਦੱਸਿਆ ਹੈ।



ਕੈਪਸ਼ਨ-ਸਾਗਰਦੀਪ ਸਿੰਘ ਆਪਣੇ ਬੱਚੇ ਸਿਦਕ ਸਿੰਘ ਅਰੋੜਾ ਨਾਲ

ਉਪਰੋਕਤ ਸਕੂਲ ਹੁਣ ਤੱਕ ਬਰਾਬਰਤਾ ਕਾਨੂੰਨ ਦੀ ਮੱਦ 42 ਨੂੰ ਆਧਾਰ ਬਣਾ ਕੇ ਵਰਦੀ ਵਿੱਚ 'ਵਾਜਿਬ' ਪੱਧਰ ਨੂੰ ਬਣਾਈ ਰੱਖਣ ਦੀ ਦਰਜ ਛੋਟ ਨੂੰ ਆਪਣੇ ਹੱਕ ਵਿਚ ਪੇਸ਼ ਕਰਦਾ ਆਇਆ ਹੈ। ਅਦਾਲਤੀ ਫ਼ੈਸਲੇ 'ਤੇ ਬਰਾਬਰਤਾ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਵੀ ਤਸੱਲੀ ਪ੍ਰਗਟਾਈ ਹੈ। ਉਧਰ ਸਿਦਕ ਦੇ ਪਿਤਾ ਨੇ ਕੇਸ ਜਿੱਤਣ ਮਗਰੋਂ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਫ਼ੈਸਲਾ ਭਵਿੱਖ ਲਈ ਸਿੱਖ ਪਛਾਣ ਨੂੰ ਲੈ ਕੇ ਮਜ਼ਬੂਤ ਆਧਾਰ ਬਣੇਗਾ। ਉਨ੍ਹਾਂ ਕੌਮਾਂਤਰੀ ਸਿੱਖ ਜਥੇਬੰਦੀ ਯੂਨਾਈਟਿਡ ਸਿਖ਼ਜ਼, ਵਿਕਟੋਰੀਅਨ ਸਿੱਖ ਗੁਰਦੁਆਰਾ ਕੌਂਸਲ ਅਤੇ ਸਿੱਖ ਕੌਂਸਲ ਆਫ਼ ਆਸਟਰੇਲੀਆ ਸਮੇਤ ਸਥਾਨਕ ਭਾਈਚਾਰੇ ਦੇ ਸਹਿਯੋਗ ਲਈ ਧੰਨਵਾਦ ਵੀ ਕੀਤਾ।

# ਬਰਤਾਨੀਆ ਦੀ ਅਦਾਲਤ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 5 ਪਾਵਨ ਸਰੂਪ ਤੇ ਇਕ ਪੋਥੀ ਮਿਲੀ

## *25 ਸਾਲਾਂ ਤੋਂ ਕੰਮ ਕਰ ਰਹੀ ਅਧਿਕਾਰੀ ਅਨੁਸਾਰ, ਉਸ ਤੋਂ ਵੀ ਪਹਿਲਾਂ ਮੌਜੂਦ ਸਨ ਸਰੂਪ*

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਇਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ। ਵੇਲਜ਼ ਦੀ ਕਾਰਡਿਫ਼ ਅਦਾਲਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 6 ਸੰਪੂਰਨ ਸਰੂਪ ਮਿਲੇ ਹਨ, ਜੋ ਬਿਨਾਂ ਕਿਸੇ ਮਰਿਯਾਦਾ ਜਾਂ ਸਾਂਭ ਸੰਭਾਲ ਦੇ ਇਕ ਆਮ ਕਿਤਾਬ ਵਾਂਗ ਰੱਖੇ ਹੋਏ ਸਨ। ਇਹ ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਇਕ ਸਿੱਖ ਈਸ਼ਰ ਸਿੰਘ ਡਰਾਈਵਿੰਗ ਕੇਸ ਦੇ ਸਬੰਧ ਵਿਚ ਅਦਾਲਤ ਵਿਚ ਪੇਸ਼ ਹੋਇਆ ਅਤੇ ਸਹੁੰ ਚੁੱਕਣ ਸਮੇਂ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕੀਤੇ। ਈਸ਼ਰ ਸਿੰਘ ਨੇ ਕਿਹਾ ਕਿ ਉਹ ਸੋਚਦਾ ਸੀ ਕਿ ਸਹੁੰ ਚੁੱਕਣ ਲਈ ਗੁਟਕਾ ਸਾਹਿਬ ਦੇ ਦਰਸ਼ਨ ਕਰੇਗਾ, ਪਰ ਅਫ਼ਸੋਸ ਕਿ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਿੱਤੇ ਗਏ। ਬਾਅਦ ਵਿਚ ਈਸ਼ਰ ਸਿੰਘ ਨੇ ਇਹ ਮਾਮਲਾ ਸਤਿਕਾਰ ਕਮੇਟੀ ਯੂ.ਕੇ. ਦੇ ਧਿਆਨ ਵਿਚ ਲਿਆਂਦਾ, ਜਿਨ੍ਹਾਂ ਨੇ ਅਦਾਲਤ ਵਿਚ ਹੋ ਰਹੀ ਇਸ ਬੇਅਦਬੀ ਦੇ ਮਾਮਲੇ ਨਾਲ ਨਜਿੱਠਣ ਲਈ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਇਸ ਘਟਨਾ ਬਾਰੇ ਜਾਣਕਾਰੀ ਦਿੰਦੇ ਹੋਏ ਸਕਿਤਾਰ ਕਮੇਟੀ ਯੂ.ਕੇ. ਦੇ ਮਨਵੀਰ ਸਿੰਘ, ਹੀਰਾ ਸਿੰਘ ਅਤੇ ਇਕਬਾਲ ਸਿੰਘ ਨੇ ਪ੍ਰਤੀਨਿੱਧ ਨੂੰ ਦੱਸਿਆ ਕਿ ਉਨ੍ਹਾਂ ਨੂੰ ਅਦਾਲਤ ਵਿਚੋਂ 5 ਸੰਪੂਰਨ ਸਰੂਪ ਅਤੇ ਇਕ ਪੋਥੀ ਮਿਲੇ ਹਨ।



**ਵੇਲਜ਼ ਦੀ ਕਾਰਡਿਫ਼ ਅਦਾਲਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦਾ ਮਾਮਲਾ ਸਾਹਮਣੇ ਲਿਆਉਣ ਵਾਲਾ ਈਸ਼ਰ ਸਿੰਘ।**

ਜਿਨ੍ਹਾਂ ਨੂੰ ਹੁਣ ਪੂਰਨ ਗੁਰਮਰਿਯਾਦਾ ਅਨੁਸਾਰ ਗੁਰਦੁਆਰਾ ਬਾਬਾ ਸੰਗ ਸਮੈਦਿਕ ਵਿਖੇ ਨਵੇਂ ਬਣਾਏ ਸੱਚਖੰਡ ਸਾਹਿਬ ਵਿਖੇ ਲਿਆਂਦਾ ਗਿਆ ਹੈ। ਸਤਿਕਾਰ ਕਮੇਟੀ ਯੂ. ਕੇ. ਦੇ ਸੇਵਾਦਾਰਾਂ ਨੇ ਦੱਸਿਆ ਕਿ ਇਹ ਸਰੂਪ ਜੀਵਨ ਸਿੰਘ ਚਤਰ ਸਿੰਘ ਪ੍ਰੈੱਸ ਤੋਂ ਪ੍ਰਕਾਸ਼ਨ ਵਾਲੇ ਹਨ, ਜੋ ਸਾਲ 2007 ਵਿਚ ਬੰਦ ਹੋ ਗਈ ਸੀ, ਜਿਸ ਤੋਂ ਅੰਦਾਜ਼ਾ ਲਗਦਾ ਸੀ ਕਿ ਇਹ ਬਹੁਤ ਪੁਰਾਣੇ ਸਰੂਪ ਹਨ। ਜਦ ਕਿ ਅਦਾਲਤ ਵਿਚ ਕੰਮ ਕਰਦੀ ਇਕ ਮਹਿਲਾ ਅਧਿਕਾਰੀ ਨੇ ਸੇਵਾਦਾਰਾਂ ਨੂੰ ਦੱਸਿਆ ਕਿ ਉਹ ਬੀਤੇ 25 ਸਾਲਾਂ ਤੋਂ ਕੰਮ ਕਰ ਰਹੀ ਹੈ ਅਤੇ ਇਹ ਸਰੂਪ ਉਸ ਤੋਂ ਵੀ ਪਹਿਲਾਂ ਇੱਥੇ ਪਏ ਸਨ।

## ਕਤਲੇਆਮ ਦਾ ਸ਼ਿਕਾਰ ਰੋਹਿੰਗੀਆ ਮੁਸਲਮਾਨਾਂ ਦੀ ਮਦਦ ਲਈ 'ਖ਼ਾਲਸਾ ਏਡ' ਵੱਲੋਂ ਗੁਰਦੁਆਰਿਆਂ ਨੂੰ ਅਪੀਲ

**ਜਲੰਧਰ/ਬਿਊਰੋ ਨਿਊਜ਼ :** ਇੱਥੋਂ ਦੇ ਦੋ ਗੁਰਦੁਆਰਿਆਂ ਵਿੱਚ ਖ਼ਾਲਸਾ ਏਡ ਨੇ ਸੰਗਤ ਨੂੰ ਰੋਹਿੰਗਿਆ ਸ਼ਰਨਾਰਥੀਆਂ ਦੀ ਮਦਦ ਵਾਸਤੇ ਅਪੀਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਸੰਗਤਾਂ ਨੇ ਇਸ ਬਾਬਤ ਦਾਨ ਦੇਣਾ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਰੋਹਿੰਗਿਆ ਸ਼ਰਨਾਰਥੀਆਂ ਲਈ ਲੰਗਰ ਦਾ ਪ੍ਰਬੰਧ ਕੀਤਾ ਜਾ ਸਕੇ। ਗੁਰਦੁਆਰਾ ਬਾਬਾ ਨਿਹਾਲ ਸਿੰਘ ਤੱਲ੍ਹਣ ਅਤੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਗੁਰੂ ਤੇਗ਼ ਬਹਾਦਰ ਵਿਖੇ ਖ਼ਾਲਸਾ ਏਡ ਦੇ ਸੇਵਾਦਾਰਾਂ ਵੱਲੋਂ ਸੰਗਤ ਨੂੰ ਰੋਹਿੰਗਿਆ ਸ਼ਰਨਾਰਥੀਆਂ ਦੀ ਮਦਦ ਵਾਸਤੇ ਪਹਿਲਕਦਮੀ ਕਰਨ ਦੀ ਅਪੀਲ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਤੇਜਿੰਦਰਪਾਲ ਸਿੰਘ ਪ੍ਰਿੰਸ ਨੇ ਦੱਸਿਆ ਕਿ ਗੁਰਦੁਆਰਿਆਂ ਵਿੱਚ ਜਾ ਕੇ ਸੰਗਤ ਨੂੰ ਪੈਸਿਆਂ ਅਤੇ ਚੀਜ਼ਾਂ ਦਾਨ ਕਰਨ ਲਈ ਅਪੀਲ ਕੀਤੀ ਜਾਂਦੀ ਹੈ, ਜਿਹੜੀਆਂ ਸ਼ਰਨਾਰਥੀਆਂ ਲਈ ਲੋੜੀਂਦੀਆਂ ਹਨ। ਖ਼ਾਲਸਾ ਏਡ ਦੇ ਕਾਰਕੁਨਾਂ ਵਿਚ ਬੀਬੀਆਂ ਵੀ ਸ਼ਾਮਲ ਹਨ ਅਤੇ ਉਹ ਵੀ ਸੰਗਤ ਨੂੰ ਮਦਦ ਵਾਸਤੇ ਅਪੀਲ ਕਰ ਰਹੀਆਂ ਹਨ। ਬੀਤੇ ਦਿਨੀਂ ਗੁਰਦੁਆਰਾ ਬਾਬਾ ਨਿਹਾਲ ਸਿੰਘ ਤੱਲ੍ਹਣ ਵਿਖੇ ਜਥੇਬੰਦੀ ਦੇ ਸੇਵਾਦਾਰਾਂ ਨੇ ਇਕ ਵੱਡੀ ਫਲੈਕਸ ਫੜੀ ਹੋਈ ਸੀ, ਜਿਸ ਉਪਰ ਮਿਆਂਮਾਰ ਤੋਂ ਉੱਜੜ ਕੇ ਆਏ ਰੋਹਿੰਗਿਆ ਦੀ ਤਰਸਯੋਗ ਹਾਲਤ ਦੀਆਂ ਤਸਵੀਰਾਂ ਛਾਪੀਆਂ ਹੋਈਆਂ ਸਨ ਤੇ ਨਾਲ ਹੀ ਮਦਦ ਵਾਸਤੇ ਅਪੀਲ ਕੀਤੀ ਗਈ ਸੀ। ਖਾਲਸਾ ਏਡ ਵੱਲੋਂ ਸ਼ਰਨਾਰਥੀਆਂ ਲਈ ਚੌਲ, ਦਾਲਾਂ ਤੇ ਉਨ੍ਹਾਂ ਦੇ ਰਹਿਣ ਲਈ ਤੰਬੂਆਂ ਦਾ ਸਾਮਾਨ ਭੇਜਿਆ ਜਾ ਰਿਹਾ ਹੈ। ਤੇਜਿੰਦਰਪਾਲ ਸਿੰਘ ਨੇ ਦੱਸਿਆ ਕਿ ਜਿਵੇਂ ਹੀ ਉਨ੍ਹਾਂ ਨੂੰ ਬੰਗਲਾਦੇਸ਼ ਤੋਂ ਸੁਨੇਹਾ ਆਏਗਾ ਤਾਂ ਉਨ੍ਹਾਂ ਦੀ ਟੀਮ ਰਵਾਨਾ ਹੋ ਜਾਵੇਗੀ। ਗੁਰਦੁਆਰਾ ਨੌਵੀਂ ਪਾਤਸ਼ਾਹੀ ਦੇ ਪ੍ਰਧਾਨ ਜਗਜੀਤ ਸਿੰਘ ਗਾਬਾ ਨੇ ਦੱਸਿਆ ਕਿ ਗੁਰਦੁਆਰੇ ਦੀ ਪ੍ਰਬੰਧਕੀ ਕਮੇਟੀ ਵੱਲੋਂ ਵੀ ਰੋਹਿੰਗਿਆ ਸ਼ਰਨਾਰਥੀਆਂ ਦੀ ਮਦਦ ਵਾਸਤੇ ਯਤਨ ਕੀਤੇ ਜਾ ਰਹੇ ਹਨ।

## ਪੁਲੀਸ ਦਾ ਦਾਅਵਾ - ਯੂ.ਪੀ. 'ਚੋਂ ਬੱਬਰ ਖ਼ਾਲਸਾ ਦੇ ਦੋ ਅਤਿਵਾਦੀ ਕੀਤੇ ਗ੍ਰਿਫ਼ਤਾਰ

**ਲਖਨਊ/ਬਿਊਰੋ ਨਿਊਜ਼ :** ਯੂਪੀ ਦੇ ਦਹਿਸ਼ਤਗਰਦੀ-ਰੋਕੂ ਦਸਤੇ (ਏਟੀਐਸ) ਅਤੇ ਪੰਜਾਬ ਪੁਲੀਸ ਨੇ ਸਾਂਝੇ ਅਪਰੇਸ਼ਨ ਤਹਿਤ ਯੂਪੀ ਦੇ ਜ਼ਿਲ੍ਹਾ ਲਖੀਮਪੁਰ ਖੀਰੀ ਵਿੱਚ ਕਥਿਤ ਤੌਰ 'ਤੇ ਬੱਬਰ ਖ਼ਾਲਸਾ ਨਾਲ ਸਬੰਧਤ ਦੋ ਅਤਿਵਾਦੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਯੂਪੀ-ਏਟੀਐਸ ਦੇ ਆਈਜੀ ਅਸੀਮ ਅਰੁਣ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਦੀ ਦੋ ਵੱਖੋ-ਵੱਖਰੇ ਕੇਸਾਂ ਸਬੰਧੀ ਲੋੜ ਸੀ। ਇਨ੍ਹਾਂ ਦੀ ਪਛਾਣ ਜਤਿੰਦਰ ਸਿੰਘ ਟੋਨੀ ਤੇ ਸਤਨਾਮ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਟੋਨੀ ਦੀ ਬੀਤੇ ਸਾਲ ਨਵੰਬਰ ਮਹੀਨੇ ਹੋਏ ਨਾਭਾ ਜੇਲ੍ਹ ਬਰੇਕ ਕਾਂਡ ਵਿੱਚ ਭੱਜੇ ਜੇਲ੍ਹ ਬੰਦੀਆਂ ਨੂੰ ਗ਼ੈਰਕਾਨੂੰਨੀ ਹਥਿਆਰ ਸਪਲਾਈ ਕਰਨ ਸਬੰਧੀ ਪੁਲੀਸ ਨੂੰ ਤਲਾਸ਼ ਸੀ। ਉਸ ਨੂੰ ਜ਼ਿਲ੍ਹਾ ਲਖੀਮਪੁਰ ਖੀਰੀ ਦੇ ਮੈਲਾਨੀ ਖੇਤਰ ਤੋਂ ਕਾਬੂ ਕੀਤਾ ਗਿਆ। ਦੂਜੇ ਪਾਸੇ ਸਤਨਾਮ ਸਿੰਘ ਨੂੰ ਜ਼ਿਲ੍ਹੇ ਦੇ ਸਿਕੰਦਰਪੁਰ ਖੇਤਰ ਤੋਂ ਹਿਰਾਸਤ ਵਿੱਚ ਲਿਆ ਗਿਆ ਹੈ। ਸ੍ਰੀ ਅਰੁਣ ਨੇ ਕਿਹਾ ਕਿ ਬੀਤੇ ਮਹੀਨੇ ਫੜੇ ਗਏ ਬਲਵੰਤ ਸਿੰਘ ਤੇ ਜਸਵੰਤ ਸਿੰਘ ਦੀ ਪੁੱਛ-ਗਿੱਛ ਦੌਰਾਨ ਇਨ੍ਹਾਂ ਦੇ ਨਾਂ ਸਾਹਮਣੇ ਆਏ ਸਨ।

**ਨਾਭਾ ਜੇਲ੍ਹ ਕਾਂਡ ਦਾ ਇੱਕ ਹੋਰ ਮੁਲਜ਼ਮ ਕਾਬੂ :** ਪਟਿਆਲਾ : ਪਟਿਆਲਾ ਪੁਲੀਸ ਨੇ ਇੱਕ ਅਪਰੇਸ਼ਨ ਦੌਰਾਨ ਨਾਭਾ ਜੇਲ੍ਹ ਕਾਂਡ ਦੇ ਇੱਕ ਅਹਿਮ ਮੁਲਜ਼ਮ ਗੁਰਜੀਤ ਸਿੰਘ ਲਾਡਾ ਨੂੰ ਪਿਸਤੌਲ ਤੇ ਜਾਅਲੀ ਨੰਬਰ ਲੱਗੀ ਪਜੈਰੋ ਗੱਡੀ ਸਮੇਤ ਕਾਬੂ ਕੀਤਾ ਹੈ।

## ਹਵਾਈ ਫ਼ੌਜ ਦੇ ਇਕਲੌਤੇ ਮਾਰਸ਼ਲ ਅਰਜਨ ਸਿੰਘ ਨੇ ਲਈ ਦੁਨੀਆ ਤੋਂ ਆਖ਼ਰੀ ਸਲਾਮੀ

**ਬਾਕੀ**

ਐਮਕੇਆਈ ਲੜਾਕੂ ਜਹਾਜ਼ਾਂ ਨੇ 1965 ਦੀ ਭਾਰਤ ਪਾਕਿ ਜੰਗ ਦੇ ਹੀਰੋ ਨੂੰ ਸਰਧਾਂਜਲੀ ਵਜੋਂ ਫਲਾਈ ਪਾਸਟ ਦਿੱਤੀ। ਭਾਰਤੀ ਹਵਾਈ ਫ਼ੌਜ ਦੇ ਹੈਲੀਕਾਪਟਰਾਂ ਐਮਆਈ-17 ਵੀ5 ਨੇ ਵੀ ਇਸ ਪਾਸਟ ਵਿੱਚ ਹਿੱਸਾ ਲਿਆ। ਅਰਜਨ ਸਿੰਘ ਦੇ ਦੇਹਾਂਤ ਉੱਤੇ ਸ਼ੋਕ ਵਜੋਂ ਰਾਜਧਾਨੀ ਦਿੱਲੀ ਦੀਆਂ ਸਾਰੀਆਂ ਸਰਕਾਰੀ ਇਮਾਰਤਾਂ 'ਤੇ ਲੱਗੇ ਤਿਰੰਗੇ ਝੰਡੇ ਅੱਧੇ ਲਹਿਰਾਏ ਗਏ। ਇਸ ਤੋਂ ਪਹਿਲਾਂ ਉਨ੍ਹਾਂ ਦੀ ਰਿਹਾਇਸ਼ 7 ਕੌਟਿੱਲਿਆ ਮਾਰਗ ਕੇਂਦਰੀ ਦਿੱਲੀ ਤੋਂ ਅਰਜਨ ਸਿੰਘ ਦੀ ਮ੍ਰਿਤਕ ਦੇਹ ਨੂੰ ਤਿਰੰਗੇ ਵਿੱਚ ਲਪੇਟ ਕੇ ਇੱਕ ਤੋਪ ਵਾਲੀ ਗੱਡੀ ਰਾਹੀਂ ਬਰਾੜ ਸਕੁਏਅਰ ਲਿਆਂਦਾ ਗਿਆ। ਇਸ ਮੌਕੇ ਮੁਲਕ ਦੀ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਤੇ ਫ਼ੌਜ ਦੇ ਤਿੰਨਾਂ ਅੰਗਾਂ ਦੇ ਮੁਖੀ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ, ਹਰਵਿੰਦਰ ਸਿੰਘ ਫੂਲਕਾ, ਵਿਧਾਇਕ ਜਰਨੈਲ ਸਿੰਘ ਤੇ ਸੁਰਿੰਦਰ ਸਿੰਘ ਕਮਾਂਡੋ, ਮਨਜੀਤ ਸਿੰਘ ਜੀ.ਕੇ. ਤੇ ਮਨਜਿੰਦਰ ਸਿੰਘ ਸਿਰਸਾ, ਕੇਂਦਰੀ ਰਾਜ ਮੰਤਰੀ ਹਰਦੀਪ ਸਿੰਘ ਪੁਰੀ, ਅਦਾਕਾਰਾ ਮੰਦਿਰਾ ਬੇਦੀ ਤੇ ਹੋਰ ਅਧਿਕਾਰੀ, ਸਿਆਸੀ ਆਗੂ, ਰਿਸ਼ਤੇਦਾਰ ਅਤੇ ਦੋਸਤ ਮਿੱਤਰ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਮੁਲਕ ਦੇ ਫ਼ੌਜੀ ਇਤਿਹਾਸ ਦੇ ਧਰੂ-ਤਾਰੇ ਅਰਜਨ ਸਿੰਘ ਨੇ 1965 ਦੀ ਹਿੰਦ-ਪਾਕਿ ਜੰਗ ਸਮੇਂ ਤਜਰਬੇ ਵਿਹੂਣੀ ਭਾਰਤੀ ਹਵਾਈ ਫ਼ੌਜ ਦੀ ਅਗਵਾਈ ਕੀਤੀ ਸੀ ਅਤੇ ਉਹ ਮਹਿਜ਼ 44 ਸਾਲਾਂ ਦੇ ਸਨ। ਪਾਕਿਸਤਾਨ ਨੇ ਜੰਮੂ ਕਸ਼ਮੀਰ ਦੇ ਬੇਹੱਦ ਅਹਿਮ ਸ਼ਹਿਰ ਅਖ਼ਨੂਰ ਉਤੇ ਅਪਰੇਸ਼ਨ ਗਰੈਂਡ ਸਲੈਮ ਤਹਿਤ ਧਾਵਾ ਬੋਲਿਆ ਤਾਂ ਉਨ੍ਹਾਂ ਨੇ ਹੌਸਲੇ, ਦਲੇਰੀ, ਦ੍ਰਿੜ੍ਹਤਾ ਅਤੇ ਪੇਸ਼ੇਵਰ ਹੁਨਰ ਦਾ ਮੁਜ਼ਾਹਰਾ ਕੀਤਾ। ਲੜਾਕੂ ਪਾਇਲਟ ਅਰਜਨ ਸਿੰਘ ਨੂੰ 1965 ਵਿੱਚ ਦੂਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ 'ਪਦਮ ਵਿਭੂਸ਼ਨ' ਪੁਰਸਕਾਰ ਨਾਲ ਸਨਮਾਨਿਆ ਗਿਆ। ਉਹ ਪਹਿਲੀ ਅਗਸਤ, 1964 ਤੋਂ 15 ਜੁਲਾਈ, 1969 ਤਕ ਭਾਰਤੀ ਹਵਾਈ ਫ਼ੌਜ ਦੇ ਮੁਖੀ ਰਹੇ। ਦੱਸਣਯੋਗ ਹੈ ਕਿ ਫੀਲਡ ਮਾਰਸ਼ਲ ਸੈਮ ਮਾਨਕਸ਼ਾਅ ਅਤੇ ਫ਼ੌਜ ਦੇ ਕੇ ਐਮ ਕੈਰੀਅੱਪਾ ਦੋ ਹੋਰ ਅਫ਼ਸਰ ਸਨ, ਜੋ 5-ਸਟਾਰ ਰੈਂਕ ਤਕ ਪਹੁੰਚੇ।

ਭਾਰਤ ਨੇ ਫੌਜ ਦਾ ਮਹਾਨ ਨਾਇਕ ਗੁਆ ਦਿੱਤਾ ਹੈ। ਭਾਰਤੀ ਹਵਾਈ ਸੈਨਾ ਦੇ ਇੱਕਲੌਤੇ ਪੰਜ ਤਾਰਾ ਜਨਰਲ ਭਾਰਤੀ ਹਵਾਈ ਸੈਨਾ ਦੇ ਡੀਐਫਸੀ ਮਾਰਸ਼ਲ ਅਰਜਨ ਸਿੰਘ ਇੱਕ ਫੌਜੀ ਤੇ ਕੂਟਨੀਤਕ ਹੋਣ ਦੇ ਨਾਲ ਨਾਲ ਭੱਦਰਪੁਰਸ਼ ਵੀ ਸਨ। ਉਹ ਜੰਗ ਤੇ ਅਮਨ ਦੋਵਾਂ ਸਮਿਆਂ ਵਿਚ ਨਾਇਕ ਵਾਂਗ ਹੀ ਵਿਚਰੇ ਤੇ ਉਨ੍ਹਾਂ ਸਮਾਜ ਸੇਵਾ ਲਈ ਵੀ ਮਿਸਾਲੀ ਕੰਮ ਕੀਤੇ। ਲੜਾਕੂ ਜਹਾਜ਼ ਦੇ ਫੁਰਤੀਲੇ ਪਾਇਲਟ ਅਰਜਨ ਸਿੰਘ ਨੂੰ ਆਮ ਫੌਜੀਆਂ ਦੇ ਜਨਰਲ ਵਜੋਂ ਜਾਣਿਆ ਜਾਂਦਾ ਸੀ ਤੇ ਉਹ ਇੱਕ ਕਾਮਯਾਬ ਕੂਟਨੀਤਕ ਵੀ ਸਨ। ਉਹ ਆਪਣੇ ਮਜ਼ਬੂਤ ਜੁੱਸੇ ਤੇ ਤਿੱਖੀ ਨਜ਼ਰ ਕਾਰਨ ਸਖ਼ਤ ਸ਼ਖ਼ਸੀਅਤ ਦੇ ਮਾਲਕ ਦਿਖਾਈ ਦਿੰਦੇ ਸਨ, ਪਰ ਜਦ ਉਹ ਗੱਲਬਾਤ ਕਰਦੇ ਤਾਂ ਆਮ ਲੋਕਾਂ ਨੂੰ ਬਹੁਤ ਸਹਿਜ ਮਹਿਸੂਸ ਕਰਾਉਂਦੇ ਸਨ। ਉਹ ਦਿਲੋਂ ਬਹੁਤ ਸਾਦੇ ਵਿਅਕਤੀ ਸਨ, ਪਰ ਉਨ੍ਹਾਂ ਦੇ ਕਾਰਨਾਮੇ ਵਿਲੱਖਣ ਸਨ। ਰਿਸਾਲਦਾਰ-ਮੇਜਰ ਭਗਵਾਨ ਸਿੰਘ ਦੇ ਪੋਤੇ ਅਰਜਨ ਸਿੰਘ ਦਾ ਜਨਮ 15 ਅਪ੍ਰੈਲ 1919 ਨੂੰ ਲਾਇਲਪੁਰ (ਹੁਣ ਪਾਕਿਸਤਾਨ ਵਿਚ) ਦੇ ਪਿੰਡ ਕੋਹਾਲੀ ਵਿਚ ਪਿਤਾ ਕਿਸ਼ਨ ਸਿੰਘ ਤੇ ਮਾਤਾ ਕਰਤਾਰ ਕੌਰ ਦੇ ਘਰ ਹੋਇਆ। ਪੁੱਤਰ ਦੇ ਜਨਮ ਤੋਂ ਕੁਝ ਸਮਾਂ ਬਾਅਦ ਕਿਸ਼ਨ ਸਿੰਘ ਇੰਜਨੀਅਰਿੰਗ ਦੀ ਪੜ੍ਹਾਈ ਲਈ ਐਡਿਨਬ੍ਰਾ ਯੂਨੀਵਰਸਿਟੀ ਚਲੇ ਗਏ ਤੇ ਸਿਲੋਨ ਰੇਲਵੇ ਨਾਲ ਕੰਮ ਸ਼ੁਰੂ ਕਰ ਦਿੱਤਾ। ਅਰਜਨ ਸਿੰਘ ਨੇ ਪਹਿਲਾਂ ਮਿੰਟਗੁਮਰੀ ਦੇ ਸਰਕਾਰੀ ਸਕੂਲ ਤੇ ਬਾਅਦ ਵਿੱਚ ਲਾਹੌਰ ਦੇ ਸਰਕਾਰੀ ਕਾਲਜ ਵਿਚ ਪੜ੍ਹਾਈ ਕੀਤੀ। ਚੌਥੇ ਸਾਲ ਵਿੱਚ ਉਹ ਭਾਰਤੀ ਹਵਾਈ ਸੈਨਾ ਲਈ ਚੁਣੇ ਗਏ। ਉਨ੍ਹਾਂ ਇੰਗਲੈਂਡ ਵਿਚ ਸਿਖਲਾਈ ਲਈ ਅਤੇ ਜਨਵਰੀ 1940 ਨੂੰ ਅੰਬਾਲਾ ਵਿਚ ਨੰ. 1 ਸਕੁਐਰਡਨ ਵਿਚ ਨਿਯੁਕਤੀ ਹਾਸਲ ਕੀਤੀ। ਉਨ੍ਹਾਂ ਹਾਅਕਰ ਔਡੈਕਸ ਉਡਾਇਆ ਜਿਸ ਨੂੰ ਬਾਅਦ ਵਿਚ ਐਨਡਬਲਿਊਐਫਪੀ ਵਿਚ ਪਠਾਣਾਂ ਨੇ ਮਾਰ ਸੁੱਟਿਆ ਤੇ ਇਸ ਵਿਚ ਉਨ੍ਹਾਂ ਦਾ ਗੰਨਰ ਜ਼ਖ਼ਮੀ ਹੋ ਗਿਆ।

ਸਾਲ 1943 ਵਿਚ ਸਕੁਐਡਰਨ ਲੀਡਰ ਅਰਜਨ ਸਿੰਘ ਇੱਕ ਮੀਟਿੰਗ ਲਈ ਦਿੱਲੀ ਵਿਚ ਸਨ ਜਦੋਂ ਉਨ੍ਹਾਂ ਦੀ ਮੁਲਾਕਾਤ ਖੂਬਸੂਰਤ ਤੇਜੀ ਨਾਲ ਹੋਈ। ਉਨ੍ਹਾਂ ਦੋਹਾਂ ਦਾ ਵਿਆਹ ਸਾਲ 1948 ਵਿਚ ਜਨਪਥ ਸਥਿਤ ਖੁਸ਼ਵੰਤ ਸਿੰਘ ਦੇ ਪਿਤਾ ਸੋਭਾ ਸਿੰਘ ਦੇ ਘਰ ਵਿਚ ਹੋਇਆ। ਉਨ੍ਹਾਂ ਨੂੰ ਆਪਣੇ ਜੀਵਨ ਵਿਚ ਕਈ ਤਰੱਕੀਆਂ ਤੇ ਐਵਾਰਡ ਵੀ ਮਿਲੇ। ਅਰਜਨ ਸਿੰਘ ਨੂੰ ਦੂਜੀ ਸੰਸਾਰ ਜੰਗ ਸਮੇਂ ਇੰਫਾਲ ਘਾਟੀ ਦੀ ਹਿਫ਼ਾਜ਼ਤ ਲਈ ਦਿਖਾਈ ਬਹਾਦੁਰੀ ਬਦਲੇ ਜੂਨ 1944 ਵਿਚ ਲੌਰਡ ਲੂਈ ਮਾਊਂਟਬੈਟਨ ਵੱਲੋਂ ਡਿਸਟਿੰਗੁਇਸ਼ਡ ਫਲਾਈਂਗ ਕਰਾਸ (ਡੀਐਫਸੀ) ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਆਜ਼ਾਦੀ ਤੋਂ ਬਾਅਦ ਉਨ੍ਹਾਂ ਭਾਰਤੀ ਹਵਾਈ ਸੈਨਾ ਨੂੰ ਨਵੇਂ ਸਿਰੇ ਤੋਂ ਖੜ੍ਹਾ ਕੀਤਾ ਤੇ ਤਿੰਨਾਂ ਜੰਗਾਂ ਵਿਚ ਹਵਾਈ ਸੈਨਾ ਨੇ ਅਹਿਮ ਭੂਮਿਕਾ ਨਿਭਾਈ। ਉਹ ਭਾਰਤੀ ਹਵਾਈ ਸੈਨਾ ਦੇ ਪਹਿਲੇ ਏਅਰ ਚੀਫ ਮਾਰਸ਼ਲ ਸਨ। 1965 ਦੀ ਜੰਗ ਵਿਚ ਭਾਰਤੀ ਹਵਾਈ ਸੈਨਾ ਵੱਲੋਂ ਨਿਭਾਈ ਗਈ ਭੂਮਿਕਾ ਮਗਰੋਂ ਉਨ੍ਹਾਂ ਦਾ ਅਹੁਦਾ ਚੀਫ ਆਫ ਏਅਰ ਸਟਾਫ ਤੋਂ ਵਧਾ ਕੇ ਏਅਰ ਚੀਫ ਮਾਰਸ਼ਲ ਕਰ ਦਿੱਤਾ ਗਿਆ। ਇਸੇ ਸਾਲ ਉਨ੍ਹਾਂ ਨੂੰ ਪਦਮ ਵਿਭੂਸ਼ਨ ਦਿੱਤਾ ਗਿਆ। ਉਹ 1969 ਵਿਚ ਬਤੌਰ ਏਅਰ ਚੀਫ ਮਾਰਸ਼ਲ ਸੇਵਾਮੁਕਤ ਹੋ ਗਏ। ਦੋ ਸਾਲ ਬਾਅਦ ਉਹ ਸਵਿਟਜ਼ਰਲੈਂਡ ਤੇ ਵੈਟੀਕਨ ਵਿਚ ਭਾਰਤ ਦੇ ਰਾਜਦੂਤ ਨਿਯੁਕਤ ਹੋਏ। ਉਹ ਕੀਨੀਆ ਦੇ ਹਾਈ ਕਮਿਸ਼ਨਰ ਵੀ ਰਹੇ। 1980 ਉਹ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਬਣੇ ਤੇ 1989 ਵਿਚ ਦਿੱਲੀ ਦੇ ਲੈਫਟੀਨੈਂਟ ਗਵਰਨਰ ਵਜੋਂ ਸੇਵਾਵਾਂ ਨਿਭਾਈਆਂ। 2002 ਦੇ ਆਜ਼ਾਦੀ ਦਿਹਾੜੇ ਮੌਕੇ ਉਨ੍ਹਾਂ ਭਾਰਤੀ ਹਵਾਈ ਸੈਨਾ ਦੇ ਮਾਰਸ਼ਲ ਦੇ ਰੈਂਕ ਨਾਲ ਨਿਵਾਜਿਆ ਗਿਆ। ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਉਨ੍ਹਾਂ ਦੇ ਨਾਂ ਨਾਲ ਸੇਵਾਮੁਕਤੀ ਸ਼ਬਦ ਕਦੀ ਨਹੀਂ ਲੱਗੇਗਾ, ਕਿਉਂਕਿ ਫੀਲਡ ਮਾਰਸ਼ਲ ਦਾ ਰੈਂਕ ਉਮਰ ਭਰ ਦੀ ਨਿਯੁਕਤੀ ਹੈ।

ਅਰਜਨ ਸਿੰਘ ਦੇ ਤਿੰਨ ਬੱਚੇ ਹਨ। ਬੇਟਾ ਅਰਵਿੰਦ ਅਮਰੀਕਾ ਦੀ ਯੂਨੀਵਰਸਿਟੀ ਵਿਚ ਪੜ੍ਹਾਉਂਦਾ ਹੈ। ਵੱਡੀ ਬੇਟੀ 1999 ਵਿਚ ਕਾਰ ਹਾਦਸੇ ਵਿਚ ਮਾਰੀ ਗਈ ਤੇ ਉਸ ਦਾ ਪਤੀ ਤੇ ਬੱਚੇ ਅਤੇ ਉਨ੍ਹਾਂ ਦੀ ਛੋਟੀ ਬੇਟੀ ਆਸ਼ਾ ਦਿੱਲੀ ਵਿਚ ਰਹਿੰਦੇ ਹਨ। ਸਾਲ 2011 ਵਿਚ ਅਰਜਨ ਸਿੰਘ ਦੇ ਹਰ ਦੁੱਖ-ਸੁੱਖ ਦੀ ਸਾਥੀ ਉਨ੍ਹਾਂ ਦੀ ਪਤਨੀ ਤੇਜੀ ਦਾ ਦੇਹਾਂਤ ਹੋ ਗਿਆ। ਪਤਨੀ ਦੇ ਦੇਹਾਂਤ ਤੋਂ ਬਾਅਦ ਵੀ ਉਨ੍ਹਾਂ ਆਪਣਾ ਜੀਵਨ ਫੌਜੀ ਵਾਂਗ ਬਤੀਤ ਕੀਤਾ ਤੇ ਉਨ੍ਹਾਂ ਹਰ ਮਹੱਤਵਪੂਰਨ ਸਮਾਗਮ ਤੇ ਭਾਰਤੀ ਹਵਾਈ ਸੈਨਾ ਨਾਲ ਸਬੰਧਤ ਤੇ ਕੌਮੀ ਸਮਾਗਮਾਂ ਵਿਚ ਸਰਗਰਮੀ ਨਾਲ ਹਾਜ਼ਰੀ ਲੁਆਈ।

ਬੀਤੇ ਦਿਨ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਦੇ ਗ੍ਰਹਿ ਵਿਖੇ ਜਾ ਕੇ ਜੰਗ ਦੇ ਨਾਇਕ ਨੂੰ ਸ਼ਰਧਾਂਜਲੀ ਭੇਟ ਕੀਤੀ ਸੀ। ਸ੍ਰੀ ਅਰਜਨ ਸਿੰਘ ਦੇਸ਼ ਦੇ ਪਹਿਲੇ ਅਜਿਹੇ ਫ਼ੌਜੀ ਅਧਿਕਾਰੀ ਸਨ ਜਿਨ੍ਹਾਂ ਨੂੰ ਹਵਾਈ ਫ਼ੌਜ ਦੀ ਸਰਵੋਤਮ ਉਪਾਧੀ 5 ਸਿਤਾਰਾ ਏਅਰ ਮਾਰਸ਼ਲ ਨਾਲ ਨਿਵਾਜਿਆ ਗਿਆ ਸੀ। ਇਹ ਉਪਾਧੀ ਥਲ ਸੈਨਾ ਦੇ ਫੀਲਡ ਮਾਰਸ਼ਲ ਦੇ ਬਰਾਬਰ ਹੈ।

ਇਸ ਦੌਰਾਨ ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ ਨੇ ਉਨ੍ਹਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਇਕਲੌਤੇ ਮਹਾ ਨਾਇਕ ਹਨ ਜਿਨ੍ਹਾਂ ਦੇ ਨਾਮ 'ਤੇ ਪਾਨਾਗੜ੍ਹ ਏਅਰ ਬੇਸ ਦਾ ਨਾਮ ਰੱਖਿਆ ਗਿਆ ਹੈ। ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਉਨ੍ਹਾਂ ਨੂੰ ਫ਼ੌਜ ਦੀ ਮਸ਼ਾਲ ਦੱਸਿਆ ਜੋ ਹੁਣ ਬੁਝ ਗਈ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਉਨ੍ਹਾਂ ਨੂੰ ਜ਼ਬਰਦਸਤ ਫ਼ੌਜੀ ਅਤੇ ਕੂਟਨੀਤਕ ਦੱਸਿਆ ਹੈ ਜਿਨ੍ਹਾਂ ਦੇ ਦੇਹਾਂਤ ਨਾਲ ਦੇਸ਼ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।

## ਕੇਂਦਰੀ ਸਿੱਖ ਅਜਾਇਬ ਘਰ 'ਚ ਲਾਈ ਜਾਵੇਗੀ ਮਾਰਸ਼ਲ ਅਰਜਨ ਸਿੰਘ ਦੀ ਤਸਵੀਰ

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਮਾਰਸ਼ਲ ਅਰਜਨ ਸਿੰਘ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਦੀ ਤਸਵੀਰ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਰਸ਼ਲ ਨੇ 1965 ਦੀ ਜੰਗ ਵਿਚ ਭਾਰਤੀ ਹਵਾਈ ਫ਼ੌਜ ਦੀ ਅਗਵਾਈ ਕਰਕੇ ਦੇਸ਼ ਦੀ ਰੱਖਿਆ ਵਿਚ ਵੱਡਮੁੱਲਾ ਯੋਗਦਾਨ ਪਾਇਆ ਸੀ। ਉਨ੍ਹਾਂ ਨੇ ਅਰਜਨ ਸਿੰਘ ਨੂੰ ਸਿੱਖ ਕੌਮ ਦਾ ਮਾਣ ਅਤੇ ਭਾਰਤੀ ਹਵਾਈ ਫੌਜ ਦੀ ਸ਼ਾਨ ਦੱਸਿਆ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ। ਉਨ੍ਹਾਂ ਕਿਹਾ ਕਿ 1965 ਦੀ ਜੰਗ ਦੇ ਨਾਇਕ ਮਾਰਸ਼ਲ ਅਰਜਨ ਸਿੰਘ, ਜਨਰਲ ਹਰਬਖ਼ਸ਼ ਸਿੰਘ ਅਤੇ 1971 ਦੀ ਜੰਗ ਦੇ ਨਾਇਕ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਸਿੱਖ ਕੌਮ ਦੇ ਅਨਮੋਲ ਹੀਰੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਜਨਰਲ ਹਰਬਖ਼ਸ਼ ਸਿੰਘ ਅਤੇ ਜਗਜੀਤ ਸਿੰਘ ਅਰੋੜਾ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਦਾ ਪਹਿਲਾਂ ਹੀ ਫੈਸਲਾ ਕੀਤਾ ਜਾ ਚੁੱਕਾ ਹੈ। ਇਸ ਦੌਰਾਨ ਇਥੇ ਖੰਨਾ ਸਮਾਰਕ ਵਿਖੇ ਭਾਜਪਾ ਵੱਲੋਂ ਮਾਰਸ਼ਲ ਅਰਜਨ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

## ਪੰਜਾਬ 'ਚ 3 ਦਿਨ ਦਾ ਸ਼ੋਕ ਮਨਾਇਆ, ਕੈਪਟਨ ਅਮਰਿੰਦਰ ਸਿੰਘ ਨੇ ਦਿੱਤੀ ਸ਼ਰਧਾਂਜਲੀ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਾਰਸ਼ਲ ਅਰਜਨ ਸਿੰਘ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਇਸ ਬਹਾਦਰ ਅਫ਼ਸਰ ਦੇ ਮਾਣ-ਸਤਿਕਾਰ ਵਿਚ 3 ਦਿਨਾਂ ਦਾ ਰਾਜ ਪੱਧਰੀ ਸ਼ੋਕ ਮਨਾਇਆ ਗਿਆ। ਇਨ੍ਹਾਂ 3 ਦਿਨਾਂ ਦੌਰਾਨ ਕੋਈ ਵੀ ਸਰਕਾਰੀ ਜਸ਼ਨ ਨਹੀਂ ਹੋਇਆ ਤੇ ਸਾਰੀਆਂ ਸਰਕਾਰੀ ਇਮਾਰਤਾਂ 'ਤੇ ਰਾਸ਼ਟਰੀ ਝੰਡਾ ਅੱਧਾ ਝੁਕਿਆ ਰਿਹਾ। ਆਪਣੇ ਸ਼ੋਕ ਸੰਦੇਸ਼ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਲਈ ਅਰਜਨ ਸਿੰਘ ਦਾ ਯੋਗਦਾਨ ਹਮੇਸ਼ਾ ਹੀ ਯਾਦ ਰੱਖਿਆ ਜਾਵੇਗਾ। ਉਨ੍ਹਾਂ ਦੀ ਮੌਤ ਨਾਲ ਭਾਰਤ ਦਾ ਮਹਾਨ ਪੁੱਤਰ ਖੁਸ ਗਿਆ ਹੈ। ਦੂਸਰੀ ਵਿਸ਼ਵ ਜੰਗ ਅਤੇ 1965 ਦੀ ਭਾਰਤ-ਪਾਕਿ ਜੰਗ ਦੌਰਾਨ ਉਨ੍ਹਾਂ ਨੇ ਹਵਾਈ ਫ਼ੌਜ ਵਿਚ ਵਿਲੱਖਣ ਅਤੇ ਮਹਾਨ ਯੋਗਦਾਨ ਦਿੱਤਾ। ਮੁੱਖ ਮੰਤਰੀ ਨੇ ਇਸ ਗੱਲ ਨੂੰ ਵੀ ਯਾਦ ਕੀਤਾ ਕਿ ਭਾਰਤੀ ਹਵਾਈ ਫ਼ੌਜ ਦੇ ਪਹਿਲੇ ਮਾਰਸ਼ਲ ਬਣਨ ਤੋਂ ਇਲਾਵਾ ਅਰਜਨ ਸਿੰਘ ਫ਼ੌਜ ਦਾ ਇਕੋ-ਇਕ ਜਿਊਂਦਾ ਪੰਜ ਸਟਾਰ ਅਫ਼ਸਰ ਬਣਿਆ। ਕੈਪਟਨ ਅਮਰਿੰਦਰ ਸਿੰਘ ਨੇ ਅਰਜਨ ਸਿੰਘ ਦੀਆਂ ਵੱਖ-ਵੱਖ ਦੇਸ਼ਾਂ ਵਿਚ ਰਾਜਦੂਤ, ਕੀਨੀਆ ਦੇ ਹਾਈ ਕਮਿਸ਼ਨਰ, ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਅਤੇ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਵਜੋਂ ਸ਼ਾਨਦਾਰ ਸੇਵਾਵਾਂ ਨੂੰ ਵੀ ਯਾਦ ਕੀਤਾ। ਦੁਖੀ ਪਰਿਵਾਰ ਨਾਲ ਆਪਣੀ ਹਮਦਰਦੀ ਦਾ ਪ੍ਰਗਟਾਵਾ ਕਰਦੇ ਹੋਏ ਮੁੱਖ ਮੰਤਰੀ ਨੇ ਵਿਛੜੀ ਰੂਹ ਦੀ ਆਤਮਾ ਅਤੇ ਇਹ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਸਹਿਣ ਕਰਨ ਲਈ ਪਰਿਵਾਰ ਨੂੰ ਬਲ ਬਖ਼ਸ਼ਣ ਵਾਸਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ।

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲ਼ਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

(ਭਾਗ- 20)

## ਗੀਗਾ ਜੰਮਿਆ ਸੀ

### ਅੱਜ ਲੋਹੜੀ ਹੈ -

ਕੁੜੀਆਂ ਮੁੰਡਿਆਂ ਦੀ ਲੋਹੜੀ, ਗੀਗੇ ਗੀਗਿਆਂ ਦੀ ਲੋਹੜੀ, ਨਵੇਂ ਵਿਆਹਿਆਂ ਦੀ ਲੋਹੜੀ ਤੇ ਬੁੜ੍ਹਿਆਂ-ਠੇਰਿਆਂ ਦੀ ਲੋਹੜੀ।

ਲੋਹੜੀ ਤੇ ਇਸ ਵਾਰ ਅਸੀਂ ਜਟਾਣੇ ਹਾਂ, ਦਾਦਕੀਂ –

ਲੋਹੜੀ ਵਾਲੇ ਦਿਨ – ਹਮ-ਉਮਰ ਦੇ ਕੁੜੀਆਂ-ਮੁੰਡੇ ਟੋਲੀਆਂ ਬਣਾ ਬਣਾ ਲੋਹੜੀ ਮੰਗਦੇ ਹਨ, ਘਰ ਘਰ ਜਾ – ਉਂਜ ਬਹੁਤੀਆਂ ਕੁੜੀਆਂ ਹੀ ਹੁੰਦੀਆਂ ਹਨ ਸਾਡੇ ਇੱਥੇ – ਤੇ ਅਸੀਂ ਵੀ – ਤਾਇਆਂ-ਚਾਚਿਆਂ ਦੀਆਂ ਕੁੜੀਆਂ (ਦੇਬੋ, ਭਗਵੰਤ, ਕੁਲਵੰਤ ਤੇ ਮੈਂ) ਆਪਣੀ ਇਕ ਟੋਲੀ ਬਣਾ – ਤਸਲੇ ਲੈ ਤੁਰ ਪੈਂਦੀਆਂ ਹਾਂ, ਲੋਹੜੀ ਮੰਗਣ – ਛੋਟੇ ਵੱਡੇ – ਹਰ ਘਰ – ਬੀਹੀ ਗਲੀ ਵਿਚ ਐਧਰ ਇਕ ਘਰ ਵਿਚ ਇਕ 'ਕੱਲੀ ਬੁੜ੍ਹੀ ਹੀ ਰਹਿੰਦੀ ਹੈ। ਉਹਦੇ ਘਰ ਵੀ ਜਾਂਦੀਆਂ ਹਾਂ – ਖ਼ਬਰਨੀ ਕੀ ਲਗਦੀ ਹੈ ਸਾਡੀ – ਪਰ ਅਸੀਂ ਤਾਂ ਅੰਮਾ ਹੀ ਕਹਿੰਦੀਆਂ ਹਾਂ – ਜਦ ਗੀਤ ਗਾਉਂਦੀਆਂ ਅਸੀਂ ਤਾਂ ਲੱਖ ਅਸੀਸਾਂ ਦਿੰਦੀ – ਅੰਤਾਂ ਦੀ ਖੁਸ਼ ਹੁੰਦੀ –

- **ਉੱਖਲੀ 'ਚ ਤੇਲ**
  ਤੇਰਾ ਪੁੱਤ ਚੜੂਗਾ ਰੇਲ।
- ਲੋਹੜੀ ਲੱਕੜੀ ਬਾਜਰਾ ਪਾ-ਪਾ-ਪਾ ਮਾਈ ਪਾ।
- ਸਾਡੇ ਪੈਰਾਂ ਹੇਠ ਰੋੜ
  ਸਾਨੂੰ ਛੇਤੀ ਛੇਤੀ ਤੋਰ।
  ਸਾਡੇ ਪੈਰਾਂ ਹੇਠਾਂ ਸਲਾਈਆਂ
  ਅਸੀਂ ਕਿਹੜੇ ਵੇਲੇ ਦੀਆਂ ਆਈਆਂ।

ਤੇ ਜਿੱਥੇ ਮੁੰਡਾ ਜੰਮਿਆਂ ਹੁੰਦਾ, ਉੱਥੇ ਹੋਰ ਵੀ ਗਾਉਂਦੀਆਂ:

- ਗੀਗਾ ਜੰਮਿਆ ਸੀ
  ਗੁੜ ਵੰਡਿਆ ਸੀ
  ਗੁੜ ਦੀਆਂ ਰਿਉੜੀਆਂ ਸੀ
  'ਭਾਈਆਂ' ਜੋੜੀਆਂ ਸੀ –

ਤੇ ਕਿਤੇ ਕਿਤੇ

- ਹੁੱਕਾ ਬਈ ਹੁੱਕਾ
  ਇਹ ਘਰ ਭੁੱਖਾ
- ਹੁੱਕੀ ਬਈ ਹੁੱਕੀ
  ਇਹ ਮਾਈ ਭੁੱਖੀ

– ਹੱਸਦੀਆਂ ਨੱਚਦੀਆਂ, ਨੰਗੇ ਪੈਰ ਦੇਰ ਰਾਤ ਤੱਕ ਘਰ ਮੁੜਦੀਆਂ ਹਾਂ – ਸਿਰਾਂ 'ਤੇ ਅੰਨਦਾਣੇ ਦੇ ਤਸਲੇ ਲਈ।

ਸਾਡੇ ਪਿੰਡ ਵਿਚ ਬਹੁਤੀ ਧਾਨ ਤੇ ਗੰਨੇ ਦੀ ਫਸਲ ਹੁੰਦੀ ਹੈ – ਕਣਕ, ਮੱਕੀ, ਘੱਟ – ਲੋਹੜੀ ਵਿਚ ਵੀ ਸਾਨੂੰ ਬਹੁਤੇ ਧਾਨ ਤੇ ਗੁੜ-ਸ਼ੱਕਰ ਹੀ ਮਿਲਦਾ ਹੈ ਪਰ ਕਿਤੋਂ ਕਿਤੋਂ ਪੈਸਿਆਂ ਦੇ ਨਾਲ ਨਾਲ ਮੱਕੀ ਕਣਕ ਦੇ ਦਾਣੇ ਵੀ – ਧਾਨਾਂ ਦੇ ਤਾਂ ਸਾਡੇ ਤਸਲੇ ਹੀ ਭਰ ਜਾਂਦੇ ਹਨ।

ਤਾਈ, ਬੀਜੀ ਹੋਣੀ ਮਿਲ ਕੇ – ਸਾਡੇ ਸਾਰੇ ਧਾਨ, ਉੱਲੀ 'ਚ ਕੁੱਟ ਫੇਰ ਪੀਹ ਵੀ ਦਿੰਦੀਆਂ ਹਨ – ਪਿੰਨੀਆਂ ਬਣਾਉਣ ਨੂੰ, ਧਾਨਾਂ ਤੇ ਗੁੜ ਨੂੰ ਛੱਡ ਕੇ ਅਸੀਂ ਹੱਟੀ ਜਾਂ, ਨਿੱਕਸੁੱਕ ਵੱਟੇ ਤੇ ਪੈਸਿਆਂ ਦਾ ਘੀ, ਖੋਪਾ, ਦਾਖਾਂ ਖਰੀਦ ਲਿਆਉਂਦੀਆਂ ਹਾਂ ਪਿੰਨੀਆਂ ਵਿਚ ਪਾਉਣ ਨੂੰ – ਜਦ ਕਿ ਮੁੰਗਫਲੀ, ਤਿਲ ਤਾਂ ਸਾਨੂੰ ਬਹਾਲ ਸਿਓਂ ਤਾਇਆ ਜੀ ਦੇ ਘਰੋਂ ਹੀ ਮਿਲ ਜਾਂਦਾ ਹੈ – ਸਭ ਮੁਫ਼ਤ।

ਇਸ ਸਾਰਾ ਕੁਝ ਅਮਰੋ ਤਾਈ (ਦੇਬੋ ਦੀ ਬੇਬੇ, ਬਹਾਲ ਸਿੰਘ ਤਾਇਆ ਜੀ ਦੀ ਘਰ ਆਲੀ) ਦੇ ਘਰ ਹੀ ਹੁੰਦਾ ਹੈ। ਇਕ ਤਾਂ ਇਨ੍ਹਾਂ ਦਾ ਘਰ ਸਾਡੇ ਸਾਰਿਆਂ ਘਰਾਂ ਦੇ ਐਨ ਗੱਭੇ ਹੈ, ਦੂਸਰਾ ਇਹ ਤਾਈ ਸਾਰੀਆਂ ਦਰਾਣੀਆਂ ਜਠਾਣੀਆਂ ਵਿਚ ਸਿਰਮੌਰ ਹੈ – ਹੋਰ ਵੀ ਸਾਰੀਆਂ ਸੁੱਖ – ਸਹੂਲਤਾਂ ਹਨ ਇਥੇ – ਤੇ ਉਤੋਂ ਹਸਮੁੱਖ ਤੇ ਖੁਲ੍ਹੇ ਸੁਭਾਅ ਦੀ ਹੈ ਤਾਈ – ਅਤਿ ਸਾਧਾਰਨ ਵੀ। ਪਹਿਲਾਂ ਤਾਈ ਦੀ ਹੀ ਸੁਣ ਲਓ – ਮਾੜੀ ਜੀ –

ਇਕ ਦਿਨ – ਸੰਝ ਦਾ ਵੇਲਾ – ਹਨੇਰਾ ਉਤਰ ਰਿਹਾ ਹੈ – ਤਾਈ ਕਦੀ ਅੰਦਰ, ਕਦੀ ਬਾਹਰ – ਬਿੰਦ ਕੁ ਮਗਰੋਂ ਆਏ ਫੇਰ ਜਾ ਖੜ੍ਹੇ ਬਾੜੇ ਵਿਚ – ਸਿਰ 'ਤੇ ਕੱਠਾ ਕਰਕੇ ਧਰਿਆ ਝੋਨਾ, ਲੱਕ 'ਤੇ ਹੱਥ ਧਰੀ, ਦੂਰ ਦੂਰ ਤੱਕ ਦੇਖਦੀ, ਹਨੇਰੇ ਨੂੰ ਚੀਰ ਕੇ – ਜਿਵੇਂ ਕੁਝ ਖੋਇਆ ਲੱਭ ਰਹੀ ਹੋਵੇ – ਫੇਰ ਅੰਦਰ ਫੇਰ ਬਾਹਰ, ਨਾ ਖੜੇ ਟਿਕ ਕੇ ਨਾ ਬਿੰਦ ਬੈਠੇ- ਹੁਣੇ ਐਥੇ ਹੁਣੇ ਉਥੇ – ਨਿਰੀ ਬੇਚੈਨ –

"ਤਾਈ ਕੀ ਹੋਇਆ, ਤੂੰ ਹਾਂਏ ਕੀਹਨੂੰ ਦੇਖੀ ਜਾਂਦੀ ਹੈ ਬਾਰ ਬਾਰ।" ਮੈਂ ਤਾਈ ਦੇ ਮੂਹਰੇ ਆ ਖੜ੍ਹਦੀ ਹਾਂ।

'ਕੁਝ ਨੀ ਪੁੱਤ, ਬੱਸ ਉਈਂ ਦੇਖਦੀ ਆਂ।" ਫੇਰ ਦੂਰ ਗੋਹਰ ਵੱਲ ਦੇਖਦੀ ਦੇਖਦੀ ਤਾਈ ਨੇ ਅਨਮਨੇ ਜੇਹੇ ਨਾਲ ਉੱਤਰ ਦਿੱਤਾ।

"ਤਾਈ ਤੂੰ ਕਦੀ ਅੰਦਰ ਕਦੀ ਬਾਹਰ ਕੀਹਨੂੰ ਟੋਲਦੀ ਹੈਂ – ਮੈਨੂੰ ਦਸ, ਕੀਹਨੂੰ ਬੁਲਾਉਣਾ ਹੈ, ਮੈਂ ਬੁਲਾ ਲਿਆਉਂਦੀ ਹਾਂ।"

"ਸਾਰੀ ਮਲੱਖ ਕਦ ਦੀ ਆਗੀ ਘਰਾਂ ਨੂੰ ਪਰ 'ਮਨੁੱਖ' ਅਜੇ ਤਾਂਈ ਨੀ ਆਇਆ।"

'ਮਨੁੱਖ' ਹੁਣ ਇਹ ਮਨੁੱਖ ਕੌਣ ਹੈ – ਤਾਈ ਤੋਂ ਪਹਿਲਾਂ ਤਾਂ ਅਜਿਹਾ ਕੁਝ ਨੀ ਸੁਣਿਆ ਅਸੀਂ ਕਦੇ –

"ਮਨੁੱਖ ਕੌਣ – ਤਾਈ?"

"ਤੇਰਾ ਤਾਇਆ – ਹੋਰ ਕੌਣ?"

ਮੇਰਾ ਤਾਂ ਹਾਸਾ ਹੀ ਨਾ ਰੁਕੇ – ਪਾਗਲਾਂ ਵਾਂਗ ਹੱਸੀ ਜਾਵਾਂ ਮੈਂ। ਤਾਈਂ ਕਿਉਂ ਪ੍ਰੇਸ਼ਾਨ ਹੈ – ਘੜੀ ਕੁ ਪਹਿਲਾਂ ਦੀ ਉਹਦੀ ਬੇਚੈਨੀ – ਮੈਨੂੰ ਸਭ ਭੁੱਲ ਜਾਂਦੀ ਹੈ। ਬਸ ਮੈਂ ਤਾਂ ਹੱਸੀ ਹੀ ਜਾਂਦੀ ਹਾਂ ਤਾਈ ਦੀ 'ਮਨੁੱਖ' ਵਾਲੀ ਗੱਲ ਸੁਣ।

"ਨਾ ਤਾਈ ਤੂੰ ਐਂ ਦੱਸ 'ਕਲਾ ਤਾਇਆ ਹੀ ਮਨੁੱਖ ਹੈ ਬਾਕੀ ਆਹ ਸਾਰੇ ਡੰਗਰ ਲਗਦੇ ਤੈਨੂੰ?"

ਤਾਈ ਹੱਸ ਪੈਂਦੀ ਹੈ, "ਨੀ – ਆਏਂ ਨੀ ਕਿਹਾ ਮੈਂ....."

ਆਏਂ ਨੀ ਕਿਹਾ ਫੇਰ ਹੋਰ ਕੀ ਕਿਹਾ ਤਾਈ ਨੇ – ਨਹੀਂ ਸਮਝਦੀ ਹਾਂ ਮੈਂ। ਉਹਦੀ ਚਿੰਤਾ ਕਿੱਥੇ ਕੁ ਖੜ੍ਹੀ ਹੈ – ਮੁੱਕਗੀ ਜਾਂ ਹੈ ਜਾਂ ਨਹੀਂ – ਨਹੀਂ ਜਾਣਦੀ ਹਾਂ ਮੈਂ। ਪਰ ਬਿੰਦ ਕੁ ਲਈ ਮੈਂ ਉਸ ਨੂੰ ਹਸਾ ਜ਼ਰੂਰ ਦਿੰਦੀ ਹਾਂ ਤੇ ਫੇਰ ਇਸ ਗੱਲ ਦਾ ਢੰਡੋਰਾ ਪਿੱਟਣ ਨੂੰ ਤੁਰ ਪੈਂਦੀ ਹਾਂ ਉਥੋਂ – ਪਰ ਸੋਚਦੀ ਹਾਂ – ਤਾਈ ਇੰਜ ਵੀ ਤਾਂ ਕਹਿ ਸਕਦੀ ਸੀ – ਤੇਰਾ ਤਾਇਆ ਨੀ ਆਇਆ ਜਾਂ ਦੇਬੋ ਦਾ ਬਾਪੂ – ਜਿਵੇਂ ਗੱਲ ਗੱਲ 'ਤੇ ਉਹ ਅੱਗੇ ਕਹਿੰਦੀ ਹੈ ਪਰ ਇਹ 'ਮਨੁੱਖ' ਵਾਲੀ ਗੱਲ ਨਾ ਮੇਰੇ ਪੱਲੇ ਪੈਂਦੀ ਹੈ ਨਾ ਮੈਨੂੰ ਸਮਝ ਆਉਂਦੀ ਹੈ।

ਚਲੋ ਛੱਡੋ – ਤਾਈਂ 'ਮਨੁੱਖ' ਕਹੇ ਜਾਂ ਕੁਝ ਹੋਰ ਆਪਾਂ ਨੂੰ ਕੀ – ਆ ਜੋ – ਆਪਾਂ ਤਾਂ ਪਿੰਨੀਆਂ ਬਣਵਾਉਣੀਆਂ ਹਨ – ਹਾਲ ਦੀ ਘੜੀ ਉਹਤੋਂ।

ਚੌਲਾਂ ਦਾ ਆਟਾ ਪੀਹ ਹੋ ਗਿਆ – ਗੁੜ ਸਮੇਤ ਸਭ ਤਿਆਰ ਪਿਆ ਹੈ – ਖੋਪਾ, ਦਾਖਾਂ, ਤਿਲ, ਮੂੰਗਫਲੀ ਸਣੇ – ਮੂੰਹ ਵਿਚ ਪਾਣੀ ਵੀ ਆਈ ਜਾਂਦਾ ਹੈ –

ਤਾਈ ਨੇ ਚੁੱਲ੍ਹੇ 'ਤੇ ਕੜਾਹੀ ਰੱਖ ਦਿੱਤੀ ਹੈ ਤੇ ਹੁਣ ਮੈਂ ਵੀ ਆ ਬੈਠੀ ਹਾਂ ਮੂਹਰੇ – ਆਪਣਾ ਮੂਹੜਾ ਲੈ ਕੇ – ਚਾਓ ਵਿਚ।

ਹਾਸੇ ਮਜ਼ਾਕ – ਖੇਡ ਖੇਡ ਵਿਚ – ਵੱਟ ਸੁਆਰ ਕੇ ਬਣ ਜਾਂਦੀਆਂ ਹਨ, ਪਿੰਨੀਆਂ।

ਤੇ ਹੁਣ ਪਿੰਨੀਆਂ ਵੰਡਣ ਦਾ ਕੰਮ ਬੀਜੀ ਨੂੰ ਸੌਂਪਿਆ ਜਾਂਦਾ ਹੈ–

ਬੀਜੀ ਸਾਰਿਆਂ ਦੇ ਹੱਥ 'ਤੇ – ਇਕ ਇਕ ਪਿੰਨੀ ਧਰ ਦਿੰਦੀ ਹੈ – ਜਿੰਨੇ ਜਣੇ ਉੱਥੇ ਬੈਠੇ ਹਨ – ਵਿਆਹ ਰਚਾਈ – ਗਰਮ ਗਰਮ ਪਿੰਨੀਆਂ ਸੁਆਦ ਲੈ ਲੈ, ਮਚਾਕੇ ਲਾ ਲਾ ਖਾਣ ਨੂੰ।

ਬਾਕੀ ਦੀਆਂ ਸਾਨੂੰ ਵੰਡ ਦਿੰਦੀ ਹੈ – ਚਾਰਾਂ ਜਣੀਆਂ ਨੂੰ – ਗਿਣ ਗਿਣ ਕੇ – ਇੰਜ ਜਿੰਨੇ ਦਿਨ ਚਲਦੀਆਂ ਰਹਿੰਦੀਆਂ ਹਨ ਪਿੰਨੀਆਂ ਉਨੇ ਦਿਨ ਹੀ ਬਣੀ ਰਹਿੰਦੀ ਹੈ ਸਾਡੀ ਲੋਹੜੀ – ਲੋਹੜੀ ਦੀਆਂ ਗੱਲਾਂ ਤੋਂ ਲੋਹੜੀ ਦਾ ਨਸ਼ਾ ਚੜ੍ਹਿਆ ਰਹਿੰਦਾ ਹੈ, ਸਾਨੂੰ ਸਾਰੇ ਨਿਆਣਿਆਂ ਨੂੰ ।

ਇਸ ਵਾਰ ਐਤਕੀਂ ਇਕ ਲੋਹੜੀ ਤੇ ਮੈਂ ਆਪਣੇ ਨਾਨਕੀਂ ਹਾਂ – ਟੱਪਰੀਆਂ।

ਇੱਥੇ ਮੈਂ ਆਪਣੀਆਂ ਸਹੇਲੀਆਂ (ਜੀਤੋ, ਲਾਡੋ, ਅਜਮੇਰੋ, ਤੇ ਡੁੱਡੀ) ਹੋਰਾਂ ਨਾਲ ਲੋਹੜੀ ਮੰਗਣ ਜਾਂਦੀ ਹਾਂ – ਸਾਰੀਆਂ ਮੇਰੀਆਂ ਹਾਨਣਾਂ। ਜੀਤੋ ਨੂੰ ਛੱਡ ਕੇ ਬਾਕੀ ਤਿੰਨੇ ਤਾਏ-ਚਾਚੇ ਦੀਆਂ ਕੁੜੀਆਂ-ਭੈਣਾਂ – ਜੀਤੋ ਵੀ ਆਪਣੇ ਨਾਨਕੇ ਆਈ ਹੋਈ ਹੈ। ਬੀਜੀ ਦੀ ਸਹੇਲੀ 'ਨਿਕੀ' ਦੀ ਧੀ – ਜੀਤੋ ਥੋੜ੍ਹੇ ਜਿਹੇ ਪੀਲੇ ਰੰਗ ਦੀ ਹੈ- ਨਿਆਣੇ ਇਹਨੂੰ, "ਪੀਲਾ ਡੱਡੂ ਵੈਂ-ਵੈਂ" ਕਹਿ ਕੇ ਛੇੜਦੇ ਰਹਿੰਦੇ ਹਨ ਉਂਜ ਥੋੜ੍ਹੇ ਹਸਮੁੱਖ ਜਿਹੇ ਸੁਭਾ ਆਲੀ ਹੈ, ਮਾੜੀ ਜੀ ਢਿਲੜ ਜਿਹੀ ਵੀ ਪਰ ਮੇਰੀ ਸਭ ਤੋਂ ਪਿਆਰੀ ਸਹੇਲੀ ਹੈ ਡੁੱਡੀ। ਇਹਦਾ ਕੋਈ ਹੋਰ ਨਾਓ ਵੀ ਹੈ – ਪਤਾ ਨਹੀਂ ਸਾਰੇ ਇਸੇ ਨਾਂ ਨਾਲ ਬੁਲਾਉਂਦੇ ਹਨ – ਕਿਸੀ ਬੁਖਾਰ ਵਿਚ ਬੁੱਲਾ ਪੈ ਗਿਆ – ਲੱਤ ਨੂੰ – ਮਾਰੀ ਗਈ – ਉਂਜ ਜਨਮ ਤੋਂ ਉਹ ਠੀਕ ਸੀ। ਇੰਜ ਦੱਸਦੇ ਹਨ ਸਭ।

ਇੱਥੇ ਸਾਨੂੰ ਲੋਹੜੀ ਮੰਗਣ ਵੇਲੇ ਕਣਕ ਬਹੁਤ ਮਿਲਦੀ ਹੈ, ਬਾਕੀ ਨਿਕਸੁਕ ਸਣੇ – ਪਰ ਸਾਨੂੰ ਤਾਂ ਝਾਕ ਹੁੰਦੀ ਹੈ 'ਬਿਹਾਰੀ' ਮਾਮੇ ਦੇ ਘਰ ਦੀ – ਜਿੱਥੋਂ ਸਾਰੇ ਨਿਆਣਿਆਂ ਨੂੰ ਇਕ ਇਕ ਰੁਪਈਏ ਦਾ ਨਵਾਂ ਨਵਾਂ ਨੋਟ ਮਿਲਦਾ ਹੈ, ਸਾਡੇ ਲਈ ਬਹੁਤ ਵੱਡੀ ਰਕਮ। ਰੁਪਈਏ ਦਾ ਕੀ ਕੁਝ ਆ ਜਾਂਦਾ ਹੋਵੇਗਾ, ਪਤਾ ਨਹੀਂ – ਅਸੀਂ ਤਾਂ ਕਦੀ ਖਰਚ ਕੇ ਹੀ ਨਹੀਂ ਦੇਖਿਆ – ਖਰਚਣਾ ਕੀ ਹੈ ਕਦੀ ਮਿਲਿਆ ਹੀ ਨਹੀਂ ਖਰਚਣ ਨੂੰ – ਬਸ ਆਨੇ ਦੁਆਨੀ ਤੋਂ ਵੱਧ, ਹੋਰ ਕਦੇ ਕੁਝ ਹੋਰ-ਘੱਟ ਹੀ–



ਪਰ ਮੈਨੂੰ ਯਾਦ ਹੈ ਕਿ ਇਕ ਵਾਰੀ ਮੇਰੇ ਦਾਦਕਿਓਂ- ਖ਼ਬਰਨੀ ਕਿੰਨੇ ਸਾਰੇ ਮਰਦ ਤੀਵੀਆਂ ਆਏ 'ਰੋਪੜ' – ਕਿਸੀ ਦੀ ਮਕਾਣ – ਪੈਦਲ ਹੀ – ਸਤ ਅੱਠ ਕੋਹ ਦੀ 'ਬਾਟ' ਕਰਕੇ ਤੇ ਬੀਜੀ ਦੇ ਕਹੇ ਮੈਂ ਵੀ ਉਨ੍ਹਾਂ ਨਾਲ ਰੋਪੜ ਆ ਜਾਂਦੀ ਹਾਂ – ਮਿੰਦਰ ਮਾਮਾ ਜੀ ਹੋਰਾਂ ਕੋਲ ਮਿਲਣ।

ਲੰਮੀ ਬਾਟ (ਵਾਟ), ਪਿੰਡ ਖੇਤਾਂ ਵਿਚ ਨੂੰ ਪੈਦਲ ਆਉਂਦੀਆਂ ਆਉਂਦੀਆਂ ਗੱਲਾਂ ਕਰਨ ਤੀਵੀਆਂ – "ਭਾਈ ਅੱਜ ਤਾਂ ਅਠਿਆਨੀ ਅਠਿਆਨੀ ਬਚਾ ਲੀ ਕਰਾਏ ਦੀ, ਗੱਲਾਂ ਗੱਲਾਂ 'ਚ ਦੇਖ ਲਓ, ਪਤਾ ਹੀ ਨੀ ਲੱਗਾ ਕਦ ਰੋਪੜ ਆ ਗਿਆ।"

ਹੁਣ ਇਕ ਥਾਂ ਆ, ਖਾਲ ਦੇ ਪਾਣੀ 'ਚ ਹੱਥ ਮੂੰਹ ਧੋਂਦੀ ਇਕ ਨੇ ਕਿਹਾ।

"ਅਠਿਆਨੀ ਦਾ ਨੂਣ (ਲੂਣ) ਹੀ ਲੈ ਲਈਏ ਜੇ – ਤਾਂ ਸਾਲ ਭਰ ਨੀ ਮੁਕਣਾ।" ਕੋਲੋਂ ਦੀ ਦੂਜੀ ਘੱਗਰਾ ਪਾਉਂਦੀ ਬੋਲੀ।

ਹੁਣ ਹੱਥ ਮੂੰਹ ਧੋ ਆਪਣੇ ਘੱਗਰੇ (ਜੋ ਹੁਣ ਤੱਕ ਕੱਛਾਂ ਵਿਚ ਮਾਰੇ ਹੋਏ ਸਨ) ਪਾ ਤਿਆਰ ਹੋ ਰਹੀਆਂ ਸਨ ਸਾਰੀਆਂ ਚੌਧਰਾਣੀਆਂ- ਝੋਨਿਆਂ ਦੀਆਂ ਬੁਕਲਾਂ ਸੁਆਰਦੀਆਂ- ਘੁੰਡ ਬਣਾ ਬਣਾ ਕੇ।

ਦੇਖ ਦੇਖ ਮੈਂ ਹੈਰਾਨ ਹੁੰਦੀ -ਹੁਣੇ ਸਾਰੇ ਰਾਹ ਹੱਸ ਹੱਸ ਕੇ ਪਾਗਲ ਹੁੰਦੀਆਂ... ਘੜੀ ਨੂੰ ਕਿਵੇਂ ਰੋਣਗੀਆਂ ਉੱਥੇ ਜਾ ਕੇ – ਕਿਵੇਂ ਸਾਂਗ ਕਰਨਗੀਆਂ ਇਹ – ਇਸ ਤੋਂ ਪਹਿਲਾਂ ਕਿ ਮੈਂ ਹੋਰ ਸੋਚੀ ਜਾਂਦੀ ਉਨ੍ਹਾਂ ਬਾਰੇ – ਉਹ ਮੈਨੂੰ ਮੇਰੇ ਮਾਮੇ ਦੀ ਦੁਕਾਨ 'ਤੇ ਛੱਡ – ਖਿੜ ਖਿੜ ਕਰਦੀਆਂ – ਇਕ ਦੂਜੀ ਦੇ ਪੈਰ ਦੱਬਦੀਆਂ – ਪੈਰ ਧਰਦੀਆਂ – ਆਹ ਆਈਆਂ ਔਹ ਗਈਆਂ।

### ਜਨਮ ਜਨਮ ਦੇ ਗੇੜੇ

"ਚੱਲੀਏ-"

"ਠਹਿਰ ਜੋ, ਮਾੜਾ ਜਾ ਭਾਰੀ ਕੱਪੜਾ ਲੈ ਲਾਂ – ਔਂਦਿਆਂ ਨੂੰ ਤਾਂ ਠੰਢ ਉਤਰ ਆਉ।" ਡਾਕਟਰਨੀ – ਅਮਰੋ ਤਾਈ ਕਹਿੰਦੀ ਹੈ।

ਜਾਣ ਵੇਲੇ ਕਈ ਜਣੇ ਬਾੜੇ ਵਿਚ 'ਕਠੇ ਹੋਗੇ ਤੇ ਹੁਣ ਤੁਰ ਪਏ ਹਨ, ਬੇਲੇ ਨੂੰ।

'ਰਾਮਲੀਲਾ' ਦੇਖਣ – ਵੱਡੇ ਛੋਟੇ ਤੀਮੀਆਂ ਆਦਮੀ ਤੇ ਨਿਆਣੇ ਵੀ – ਕਈਆਂ ਨੇ ਤਾਂ ਡਾਂਗਾਂ ਵੀ ਚੁੱਕੀਆਂ ਹੋਈਆਂ ਹਨ।

ਟੋਲੇ ਬਣਾ ਆਉਂਦੇ ਹਨ ਆਸੇ ਪਾਸੇ ਦੇ ਪਿੰਡਾਂ ਦੇ ਲੋਕ, ਬੇਲੇ – ਰਾਮ ਲੀਲਾ ਦੇਖਣ।

ਦਿਨੇ ਤਾਂ ਅਸੀਂ ਜਾਂਦੇ ਹੀ ਹਾਂ ਬੇਲੇ ਸਕੂਲ – ਭਾਵੇਂ ਰਾਹ ਜਾਣਿਆ ਪਛਾਣਿਆ ਹੈ ਪਰ ਰਾਤ ਨੂੰ ਤਾਂ ਕਦੇ ਨਹੀਂ ਗਏ – ਸਾਰੇ ਪਾਸੇ ਹਨੇਰਾ ਹੀ ਹਨੇਰਾ – ਮੈਨੂੰ ਤਾਂ ਬਹੁਤ ਡਰ ਲੱਗ ਰਿਹਾ ਹੈ – ਹੁਣ ਮੈਂ ਟੋਲੇ ਦੇ ਵਿਚਕਾਰ ਜਿਹੇ ਹੋ ਕੇ ਤੁਰ ਰਹੀ ਹਾਂ–

'ਸਾਧ ਦੇ ਇੱਖ' ਲੰਘ ਫੇਰ ਹੋਰ ਖੇਤ ਤੇ ਹੁਣ ਬੇਲੇ ਪਿੰਡ ਵਿਚ ਵੜਨ ਤੋਂ ਪਹਿਲਾਂ ਇਕ ਤੰਗ ਜਿਹੀ ਗੋਹਰ ਆਉਂਦੀ ਹੈ ਝਾੜਾਂ ਦਰੱਖਤਾਂ ਨਾਲ ਘਿਰੀ ਹੋਈ – ਇੱਥੇ ਆ ਤਾਂ ਮੈਨੂੰ ਹੁਣ ਬਹੁਤ ਡਰ ਲੱਗ ਰਿਹਾ ਹੈ –

ਇੱਥੇ ਰਾਹ ਵਿਚ ਸਾਨੂੰ ਸਕੂਲ ਜਾਂਦੇ ਰੋਜ਼ "ਚਰਾਈਆਂ ਛੱਡਿਆ" (ਟੂਣਾ) ਮਿਲਦਾ ਹੈ – (ਇਕ ਵੱਡੇ ਸਾਰੇ ਠੀਕਰੇ ਵਿਚ ਸੱਤ ਸੱਤ ਸੁਆਹ ਦੀਆਂ ਪਿੰਨੀਆਂ, ਚੂੜੀਆਂ, ਲੱਡੂ, ਬਦਾਮ ਧਾਗੇ ਪੈਸੇ ਹੋਰ ਪਤਾ ਨੀ ਕੀ ਕੀ – ਅਸੀਂ ਨਿਆਣੇ ਖਾਣ ਪੀਣ ਦਾ ਸਾਮਾਨ ਤੇ ਪੈਸੇ ਕੱਢ ਲੈਂਦੇ ਹਾਂ। ਫੇਰ ਸਾਰੇ ਜਣੇ ਫੱਟੀਆਂ ਮਾਰ ਮਾਰ ਭੰਨ ਦਿੰਦੇ ਠੀਕਰੇ ਨੁਮਾ 'ਚੁਰਾਈਆਂ' – ਇਹ ਕੰਮ ਤਾਂ ਮੁੰਡੇ ਕਰਦੇ ਬਹੁਤਾ – ਗੀਤਾ, ਗੁੱਡੀ, ਰਾਗੀਆਂ ਦਾ ਸੁਰਿੰਦਰ ਤੇ ਮੋਹਣ ਹੋਣੀ – ਫੇਰ ਸਾਮਾਨ ਵੰਡ ਖਾ ਪੁੱਜ ਜਾਂਦੇ ਸਕੂਲ। ਖਾਣ ਪੀਣ ਦੇ ਲਾਲਚ ਨਾਲ ਹੁਣ ਪਿੰਡ ਦੇ ਹੋਰ ਟੋਲਿਆਂ ਦੇ ਆਪਸ ਵਿਚ ਲੜਾਈ ਝਗੜੇ ਵੀ ਹੁੰਦੇ ਹਨ ਰੋਜ਼ – ਰੋਜ਼ ਨੱਠ ਨੱਠ ਕੇ ਆਉਂਦੇ ਸਾਰੇ ਪਹਿਲਾਂ ਪੁੱਜਣ ਲਈ – ਸਾਮਾਨ ਲੁੱਟਣ ਲਈ।

ਪਰ ਹੁਣ ਰਾਤ ਦੇ ਹਨੇਰੇ ਵਿਚ ਮੈਨੂੰ ਲਗਦਾ ਹੈ – ਉਹੀ 'ਚੁਰਾਈਆ' ਬਾਹੋਂ ਫੜ ਮੈਨੂੰ ਧੂ ਲੈ ਜਾਏਗਾ ਜੇ ਮੈਂ ਇਕ ਪਾਸੇ ਹੋ ਗਈ ਜਾਂ ਪਿੱਛੇ ਰਹਿ ਗਈ – ਮੈਂ ਤਾਈ ਦਾ ਹੱਥ ਘੁੱਟ ਕੇ ਫੜ ਲੈਂਦੀ ਹਾਂ ਤਾਂ ਕਿਤੇ 'ਵਾਹਿਗੁਰੂ ਵਾਹਿਗੁਰੂ' ਕਰ ਪੁੱਜਦੇ ਹਾਂ ਰਾਮਲੀਲਾ ਮੈਦਾਨ ਵਿਚ।

ਹੁਣ ਰਾਮ ਲੀਲਾ ਦੇਖਦੇ ਹਾਂ – ਹੋਰ ਕੁਝ ਯਾਦ ਨਹੀਂ ਰਿਹਾ ਕਿਸੀ ਨੂੰ ਵੀ – ਬਸ ਉਹ ਦੋ ਸੌਕਣਾਂ ਦੀ ਲੜਾਈ ਯਾਦ ਕਰ ਕਰ ਸਭ ਹੱਸੀ ਜਾ ਰਹੇ ਹਨ – ਘਰਾਂ ਨੂੰ ਮੁੜੇ ਆਉਂਦੇ – ਨਕਲਾਂ ਲਾਉਂਦੇ–

"ਖਸਮੜੇ ਰਾਂਡ, ਤੰਨੈ ਚੁਲ੍ਹੇ ਮਾ ਫੂਕ ਦੂੰ..." ਤੇ ਬਸ।

ਉਂਜ ਰਾਮ ਲੀਲਾ ਤਾਂ ਮੈਂ ਰੋਪੜ ਵੀ ਦੇਖਣ ਜਾਂਦੀ ਹਾਂ ਮਾਮਾ ਜੀ ਹੋਰਾਂ ਨਾਲ ਇਸੇ ਤਰ੍ਹਾਂ ਟੋਲਿਆਂ ਵਿਚ – ਰੋਪੜ ਦੀ ਰਾਮ ਲੀਲਾ ਮੰਡੀ ਵਿਚ ਭਰਦੀ ਹੈ ਤੇ ਅੱਜ ਤਾਂ ਮਲਾਹ ਨੇ ਰਾਮ ਨੂੰ ਨਦੀ ਪਾਰ ਕਰਾਉਣੀ ਹੈ, ਦੇਖਦੀ ਹਾਂ–

ਵੱਡੇ ਵੱਡੇ ਕਪੜੇ ਦੇ ਨੀਲੇ ਰੰਗ ਦੇ ਥਾਨ – ਗੂਹੜੇ ਫਿੱਕੇ – ਦੋਹਾਂ ਪਾਸਿਆਂ ਤੋਂ ਸਟੇਜ 'ਤੇ ਕੱਪਣੇ ਸੁਕਾਉਣ ਵਾਂਗ ਹਿਲਾਏ ਜਾ ਰਹੇ ਹਨ – ਜਿਵੇਂ ਪਾਣੀ ਦੀਆਂ ਲਹਿਰਾਂ ਹੋਣ।

ਮੋਟਾ ਸਾਰਾ ਮੁੱਛੜ – ਮਲਾਹ, ਕਿਸ਼ਤੀ ਵਿਚ ਰਾਮ ਜੀ ਨੂੰ ਬਿਠਾਈ ਗੇੜੀਆਂ ਕਢਾ ਰਿਹਾ ਹੈ ਤੇ ਵਿਚ ਵਿਚ ਨੂੰ ਹੱਸਦਾ ਹੈ – ਮੁਸਕੜੀਆਂ, "ਮਹਾਰਾਜ ਜੇ ਮੇਰੇ ਜਨਮ ਜਨਮ ਦੇ ਗੇੜੇ ਨਾ ਕੱਟੇ ਮੈਂ ਵੀ ਤੁਹਾਨੂੰ ਆਂਏ ਹੀ ਗੇੜੀਆਂ ਕਢਾਉਂ – ਪਾਰ ਨੀ ਲਾਉਂਦਾ"

ਰਾਮ ਮੁਸਕਰਾ ਰਹੇ ਹਨ – ਹੁਣ ਖ਼ਬਰੇ ਕੀਹਨੇ ਗੇੜੇ ਕਢਾਏ – ਕੀਹਨੇ ਪਾਰ ਲਗਾਇਆ – ਇਹ ਤਾਂ ਰਾਮ ਹੀ ਜਾਣੇ, ਆਪਾਂ ਨੂੰ ਕੀ।

ਇਸੇ ਤਰ੍ਹਾਂ ਅਸੀਂ ਕਦੀ ਕਦੀ ਸ਼ਿਮਲੇ ਵੀ ਦੇਖਦੇ ਹਾਂ ਰਾਮ ਲੀਲਾ – ਛੋਟੇ ਸ਼ਿਮਲੇ ਗੁਰਦੁਆਰੇ ਦੇ ਸਾਹਮਣੇ ਖੁੱਲ੍ਹੀ ਸੜਕ 'ਤੇ – ਜਿਧਰੋਂ ਹੇਠਾਂ ਨੂੰ ਸਾਡੇ ਘਰ ਵੱਲ ਰਾਹ ਜਾਂਦਾ ਹੈ।

ਇਥੋਂ ਦੀ ਰਾਮ ਲੀਲਾ ਨਾਲੋਂ ਮੈਨੂੰ ਚੰਗੇ ਲਗਦੇ ਹਨ ਨਾਟਕ- ਜੋ ਰਾਮ ਲੀਲਾ ਤੋਂ ਬਾਅਦ ਕਈ ਕਈ ਦਿਨ ਚਲਦੇ ਰਹਿੰਦੇ – ਰਾਜਾ ਹਰੀਸ਼ ਚੰਦਰ, ਦਾਨਵੀਰ 'ਕਰਨ', ਲਵਕੁਸ਼ ਤੇ ਭਗਤ ਪ੍ਰਹਿਲਾਦ ਦੇ।

ਦਾਨਵੀਰ ਕਰਨ ਦਾ ਇਕ ਦ੍ਰਿਸ਼ – ਵੱਡੇ ਸਾਰੇ ਰੱਤ ਦੇ ਪਹੀਏ ਮੂਹਰੇ ਬੈਠਾ ਹੈ 'ਕਰਨ', ਸਫ਼ੇਦ ਕੱਪੜਿਆਂ ਵਿਚ – ਗੋਡਾ ਟੇਕ ਕੇ, ਸੋਨੇ ਦੇ ਦੰਦ ਦਾ ਦਾਨ ਦਿੰਦਾ ਹੈ। ਬਸ ਐਨਾ ਕੁ ਹੀ ਪਤਾ ਹੈ – ਪਰ ਹੋਰ ਦੋ ਹਾਸ-ਨਾਟਕ ਜੋ ਰਾਮਲੀਲਾ ਵੇਲੇ ਬਾਹਰ ਪਰਦੇ ਤੋਂ ਆ ਕੇ ਕਰਦੇ ਪਾਤਰ – ਖੂਬ ਯਾਦ ਹਨ – ਖ਼ਬਰੇ ਇਹ ਸਾਡੀ ਸੋਚ ਦੇ ਅਨੁਸਾਰ, ਸਾਡੇ ਮੰਨ ਪਸੰਦ ਹੋਣ ਕਰਕੇ –

ਦੋ ਨੱਚਣ ਵਾਲੇ –

"ਕੰਘੀ ਪੁੱਛਦੀ ਸ਼ੀਸ਼ੇ ਕੋਲੋਂ ਹੁਣ ਕੀ ਕਰੀਏ ਭਾਈ–
ਰਾਤ ਦਿਨੇ ਨਹੀਂ ਫੁਰਸਤ ਮਿਲਦੀ ਡਾਢੀ ਆਫ਼ਤ ਆਈ –
ਕਿ ਫੈਸ਼ਨਾਂ ਨੇ ਪੁੱਟ ਸੁੱਟਿਆ।

ਤੇ ਫੇਰ ਦੋ ਮੋਟੇ ਮੋਟੇ ਆਦਮੀ ਵੱਡੇ ਵੱਡੇ ਢਿੱਡਾਂ ਵਾਲੇ ਵੀ ਇਵੇਂ ਹੀ ਪਰਦੇ ਤੋਂ ਬਾਹਰ ਆ ਨਾਟਕ ਕਰਦੇ ਹਨ –

ਆ ਜਾ ਗੋਗੜਾਂ ਮਿਲਾ ਲਾ...
ਆ ਜਾ ਗੋਗੜਾਂ ਮਿਲਾ ਲਾ
ਤੂੰ ਹਲਵਾਈ ਤੇ ਮੈਂ ਡੀਪੂ ਵਾਲਾ
ਆ ਜਾ ਗੋਗੜਾਂ ਮਿਲਾ ਲਾ...

-ਤੇ ਇਕ ਰਾਮ ਲੀਲਾ ਅਸੀਂ ਚੰਡੀਗੜ੍ਹ ਵੀ ਆ ਕੇ ਦੇਖਦੇ ਹਾਂ – ਸਭ ਤੋਂ ਪਹਿਲੀ – ਕਿਰਨ ਸਿਨਮੇ ਵਾਲੀ ਥਾਂ–

ਇਹ ਤਰਵੰਜਾ ਸੰਨ ਦੀ ਗੱਲ ਹੈ – ਸਿਨਮਾ ਤਾਂ ਅਜੇ ਬਣਿਆ ਹੀ ਨਹੀਂ ਹੈ – ਇਸ ਤੋਂ ਬਾਅਦ ਲਗਾਤਾਰ ਬਿਨਾਂ ਨਾਗਾ – ਹੈਲਥ ਸੈਂਟਰ ਵਾਲੇ ਮੈਦਾਨ ਵਿਚ ਦੇਖਦੇ ਹਾਂ – ਘਰਾਂ ਤੋਂ ਬੋਰੀਆਂ ਤੱਪੜ ਲਿਜਾ ਲਿਜਾ ਕੇ – ਬਹੁਤ ਕੁਝ ਦੇਖਦੇ ਹਾਂ, ਬਹੁਤ ਕੁਝ ਸਿਖਦੇ ਹਾਂ ਪਰ ਯਾਦਾਂ ਵਿਚ ਉਹੀ ਕੁਝ ਰਹਿੰਦਾ ਹੈ ਜੋ ਸਾਡੇ ਸ਼ਰਾਰਤੀ ਮਨਾਂ ਦਾ ਹਾਣੀ ਹੁੰਦਾ ਅਕਸਰ–

ਚਾਚੀ ਤਾੜਕਾ ਦਾ ਸੀਨ ਹੈ, ਉਸ ਨੂੰ ਮਾਰਿਆ ਜਾ ਰਿਹਾ ਹੈ ਤੇ ਇਕ ਵੱਡੇ ਵੱਡੇ ਦੰਦਾਂ ਵਾਲਾ ਆਦਮੀ ਗਾ ਰਿਹਾ ਹੈ –

ਚਾਚੀ ਤੇਰੇ ਲੰਮੇ ਲੰਮੇ ਸਲੀਪਰ
ਤੈਨੂੰ ਪਿੱਟੇ ਲਾਊਡ-ਸਪੀਕਰ
ਚਾਚੀ ਤਾੜਕਾ – ਹਾਏ ਹਾਏ ਚਾਚੀ ਤਾੜਕਾ।
ਚਾਚੀ ਤੇਰੇ ਲੰਮੇ ਲੰਮੇ ਵਾਲ
ਤੈਨੂੰ ਪਿੱਟੇ ਰੌਸ਼ਨ ਲਾਲ, ਚਾਚੀ ਤਾੜਕਾ....

– ਤੇ ਇੰਜ ਉੱਥੇ ਬੈਠਿਆਂ ਦੇ ਨਾਂ ਲੈ ਲੈ ਮਨੋਰੰਜਨ ਵੀ ਕਰਦੇ ਜਾਂਦੇ ਤੇ ਹੱਸਦੇ ਹਸਾਉਂਦੇ ਵੀ ਜਾਂਦੇ, ਲੋਕਾਂ ਨੂੰ –

ਰਾਮ ਲੀਲਾ ਆਉਂਦੀ ਤੇ ਚਲੀ ਜਾਂਦੀ ਤੇ ਅਸੀਂ ਨਿਆਣੇ ਬੈਠ ਜਾਂਦੇ ਹਾਂ ਫੇਰ ਅਗਲੇ ਸਾਲ ਦੀ ਉਡੀਕ ਵਿਚ – ਫੇਰ ਉਡੀਕ ਕਰਦੇ ਰਹਿੰਦੇ – ਪੂਰਾ ਸਾਲ।

(ਬਾਕੀ ਅਗਲੇ ਅੰਕ 'ਚ)

## 'ਲਾਇਲਪੁਰ ਦੀ ਕੋਈ ਗੱਲ ਕਰਦੈ ਤਾਂ 2 ਕਿਲੋ ਖ਼ੂਨ ਵਧ ਜਾਂਦੈ'

ਬਾਰੇ ਸੁਣ ਕੇ ਸਾਰੇ ਉਥੋਂ ਦੇ ਪੁਰਾਣੇ ਨਿਵਾਸੀ ਬਣ ਗਏ ਪਰ ਜਦੋਂ ਉਜਾਗਰ ਸਿੰਘ ਦੇ ਘਰ ਬਾਰੇ ਪੁਛਣਾ ਸ਼ੁਰੂ ਕੀਤਾ ਤਾਂ ਲੋਕ ਪਿਛੇ ਹੋਣਾ ਸ਼ੁਰੂ ਹੋ ਗਏ। ਹਾਲੇ ਲੋਕਾਂ ਨਾਲ ਗੱਲ ਹੋ ਹੀ ਰਹੀ ਸੀ ਤੇ ਘਰ ਨੂੰ ਲੱਭਣ ਦੀਆਂ ਸੰਭਾਵਨਾਵਾਂ ਜਾਰੀ ਸਨ ਤਾਂ ਰਾਣਾ ਗਫ਼ੂਰ ਹੱਥ ਵਿਚ ਲਿਫ਼ਾਫੇ ਲਈ ਮੇਰੇ ਕੋਲ ਆਏ ਤੇ ਕਹਿਣ ਲੱਗੇ ਕਿ ਉਨ੍ਹਾਂ ਨੂੰ ਪੁਛੋ ਕਿ ਕਿਸ ਨੂੰ ਲਭਣਾ ਹੈ। ਰਾਣਾ ਗਫ਼ੂਰ ਨੇ ਘਰ ਦੀਆਂ ਨਿਸ਼ਾਨੀਆਂ ਬਾਰੇ ਸੁਣ ਕੇ ਸਿੱਧਾ ਮੈਨੂੰ ਇਕ ਮਕਾਨ ਦੇ ਸਾਹਮਣੇ ਲੈ ਗਏ ਤੇ ਕਿਹਾ ਕਿ ਇਹ ਰਿਹਾ ਉਹ ਮਕਾਨ ਜਿਸ ਦੀ ਤਲਾਸ਼ ਸੀ। ਉਸ ਦੇ ਸਾਹਮਣੇ ਕੋਲਹੂ, ਕੋਆਪਰੇਟਿਵ ਬੈਂਕ ਤੇ ਉਸ ਮਕਾਨ ਵਿਚ ਐਡਵੋਕੇਟ ਗੁਲਾਮ ਰਸੂਲ ਰਿਹਾ ਕਰਦੇ ਸਨ। ਉਨ੍ਹਾਂ ਦੀ ਮੌਤ ਹੋ ਗਈ ਤੇ ਉਨ੍ਹਾਂ ਦੇ ਇਕ ਬੇਟੇ ਰਾਜਾ ਇਫ਼ਤਿਖਾਰ ਹੁਣ ਵੀ ਫ਼ੈਸਲਾਬਾਦ ਵਿਚ ਰਹਿੰਦੇ ਹਨ।

ਰਾਣਾ ਗਫ਼ੂਰ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਭਾਰਤ ਤੋਂ ਲਾਇਲਪੁਰ ਆਏ ਸਨ। ਉਨ੍ਹਾਂ ਨੇ ਕਿਹਾ, 'ਮੇਰੇ ਪਿਤਾ ਨੇ ਇਸ ਘਰ ਨੂੰ ਕਿਰਾਏ 'ਤੇ ਲਿਆ ਸੀ ਤੇ ਵਪਾਰ ਸ਼ੁਰੂ ਕੀਤਾ ਸੀ। ਕਰੀਬ ਇਕ ਦਹਾਕੇ ਤੱਕ ਵਪਾਰ ਕੀਤਾ ਤੇ ਫਿਰ ਥੋੜ੍ਹਾ ਹੀ ਅੱਗੇ ਇਕ ਦੁਕਾਨ ਲੈ ਲਈ ਤੇ ਹੁਣ ਮੈਂ ਉਥੋਂ ਹੀ ਕੰਮ ਕਰਦਾ ਹਾਂ।' ਮੈਨੂੰ ਦੇਖ ਕੇ ਉਨ੍ਹਾਂ ਕਿਹਾ, 'ਜੇਕਰ ਹੋਰ ਜਾਣਨਾ ਚਾਹੁੰਦੇ ਹੋ ਤਾਂ ਮੈਂ ਤੁਹਾਡੀ ਗੱਲ ਰਾਜਾ ਇਫ਼ਤਿਖਾਰ ਨਾਲ ਕਰਵਾ ਦਿੰਦਾ ਹਾਂ।' 80 ਵਰ੍ਹਿਆਂ ਦੇ ਰਾਜਾ ਇਫ਼ਤਿਖਾਰ ਨੇ ਦਯਾ ਸਿੰਘ ਤੇ ਮੱਖਣ ਸਿੰਘ ਦਾ ਨਾਮ ਸੁਣਿਆ ਤਾਂ ਇੰਜ ਲੱਗਾ ਜਿਵੇਂ ਉਹ ਆਪਣੀ ਛਾਤੀ ਵਿਚ ਦਬਾਈਆਂ 70 ਸਾਲ ਦੀਆਂ ਗੱਲਾਂ ਕਰਨਾ ਚਾਹੁੰਦੇ ਹਨ। ਉਹ ਕਹਿੰਦੇ ਹਨ, 'ਮੈਂ ਤੇ ਮੱਖਣ ਸਿੰਘ ਨੂੰ ਚਾਚਾ ਕਿਹਾ ਕਰਦਾ ਸੀ ਤੇ ਅਸੀਂ ਬੱਚੇ ਲੁਕਣ-ਮਿੱਟੀ ਖੇਡਿਆ ਕਰਦੇ ਸੀ ਤੇ ਮੈਂ ਤਾਂ ਉਨ੍ਹਾਂ ਦਾ ਦਾਮਾਦ ਹਾਂ। ਮੇਰਾ ਵਿਆਹ ਸਰਦਾਰ ਜੰਗਲ ਸਿੰਘ ਦੀ ਧੀ ਨਾਲ ਹੋਇਆ ਹੈ। ਸਰਦਾਰ ਉਜਾਗਰ ਸਿੰਘ ਨੇ ਰਾਜਾ ਇਫ਼ਤਿਖਾਰ ਨਾਲ ਗੱਲ ਕਰਦੇ ਹੋਏ ਕਿਹਾ ਕਿ ਲੋਕ ਲੰਘਦੇ ਹੋਏ ਐਡਵੋਕੇਟ ਗ਼ੁਲਾਮ ਰਸੂਲ ਨੂੰ ਸਲਾਮ ਕਰਕੇ ਜਾਂਦੇ ਸਨ ਕਿਉਂਕਿ ਉਹ ਵੱਡੀ ਹਸਤੀ ਸੀ।

ਰਾਜਾ ਇਫ਼ਤਿਖਾਰ ਤੇ ਉਜਾਗਰ ਸਿੰਘ ਦੀ ਲੰਬੀ ਗੱਲਬਾਤ ਹੋਈ। ਰਾਜਾ ਇਫ਼ਤਿਖਾਰ ਨੇ ਆਖ਼ਰ ਵਿਚ ਉਜਾਗਰ ਸਿੰਘ ਨੂੰ ਕਿਹਾ, 'ਸਿੱਖ ਇਕ ਬਹੁਤ ਹੀ ਅਨਮੋਲ ਵਿਅਕਤੀ ਹੈ ਤਾਂ ਵੱਡਾ ਦੁਸ਼ਮਣ ਹੈ।' ਰਾਜਾ ਇਫ਼ਤਿਖਾਰ ਨੇ ਕਿਹਾ, 'ਮੇਰੀ ਪਤਨੀ ਦੇ ਚਾਚਾ ਮਰ ਗਏ ਤਾਂ ਅਸੀਂ 15 ਦਿਨ ਲਈ ਅੰਮ੍ਰਿਤਸਰ ਗਏ ਸੀ। ਰੋਜ਼ ਸਕੂਟਰ 'ਤੇ 2 ਲੋਕ ਪਿਛੇ ਪਿਛੇ ਹੁੰਦੇ ਸਨ ਤੇ ਉਨ੍ਹਾਂ ਦਾ ਸਕੂਟਰ ਖ਼ਰਾਬ ਹੋ ਜਾਂਦਾ ਸੀ। ਇਕ ਦਿਨ ਮੈਂ ਉਤਰਿਆ ਤੇ ਕਿਹਾ ਕਿ ਸੀ.ਆਈ.ਡੀ. ਦੇ ਹੋ ਤਾਂ ਬੋਲੇ ਜੀ। ਮੈਂ ਕਿਹਾ ਕਿ ਤੁਹਾਨੂੰ ਸ਼ਰਮ ਨਹੀਂ ਆਉਂਦੀ ਆਪਣੀ ਭੈਣ ਦਾ ਪਿਛਾ ਕਰਦੇ ਹੋਏ।'

ਵਕੀਲਾਂ ਦੀ ਗਲੀ ਵਿਚ ਤਾਂ ਉਜਾਗਰ ਸਿੰਘ ਦਾ ਘਰ ਮਿਲ ਗਿਆ ਤੇ ਮੈਂ ਨਿਕਲਿਆ ਗੋਬਿੰਦਪੁਰਾ ਜਿਥੇ ਉਹ 15 ਸਾਲ ਦੀ ਉਮਰ ਵਿਚ ਵਕੀਲਾਂ ਦੀ ਗਲੀ ਲਈ ਚਲੇ ਗਏ। ਇਥੇ ਇਕ ਨਵੀਂ ਕਲੋਨੀ ਸੀ ਜਿਸ ਨੂੰ ਸਰਦਾਰ ਗੋਬਿੰਦ ਨੇ ਬਣਾਇਆ ਸੀ। ਸਰਦਾਰ ਉਜਾਗਰ ਸਿੰਘ ਨੇ ਉਸ ਇਲਾਕੇ ਬਾਰੇ ਦੱਸਿਆ ਕਿ ਉਸ ਇਲਾਕੇ ਵਿਚ ਬਹੁਤ ਘੱਟ ਮਕਾਨ ਬਣਾਏ ਗਏ ਸਨ। ਉਨ੍ਹਾਂ ਦੱਸਿਆ, 'ਸਾਡਾ ਘਰ ਲਗਭਗ ਦੋ ਹਜ਼ਾਰ ਗਜ਼ ਦੀ ਦੂਰੀ 'ਤੇ ਸੀ ਤੇ ਸੜਕ 'ਤੇ ਦੁਕਾਨਾਂ ਸਨ। ਜਿਸ ਗਲੀ ਵਿਚ ਸਾਡਾ ਘਰ ਸੀ, ਉਸੇ ਗਲੀ ਵਿਚ ਅੱਗੇ ਜਾ ਕੇ ਇਕ ਹੋਰ ਮਕਾਨ ਬਣਿਆ ਹੋਇਆ ਸੀ। ਸਾਡੇ ਮਕਾਨ ਦੇ ਨੇੜੇ ਹੀ ਸਰਦਾਰ ਗੋਬਿੰਦ ਦਾ ਵੱਡਾ ਸਾਰਾ ਮਕਾਨ ਸੀ। ਉਸ ਦੇ ਨੇੜੇ ਹੀ ਮੰਡੀ ਲਗਦੀ ਸੀ ਤੇ ਸਾਹਮਣੇ ਖੇਤੀ ਕਾਲਜ ਸੀ। ਗੋਬਿੰਦਪੁਰਾ ਦਾ ਘਰ ਲੱਭਣ ਲਈ ਮੈਂ ਪਹੁੰਚਿਆ ਪੀਪਲਜ਼ ਕਲੋਨੀ ਵਿਚ ਡਾ. ਹਾਫ਼ਿਜ਼ ਅਬਦੁਲ ਕਿਊਮ ਦੇ ਘਰ 'ਤੇ। 93 ਵਰ੍ਹਿਆਂ ਦੇ ਡਾ. ਹਾਫ਼ਿਜ਼ ਅਬਦੁਲ ਕਿਊਮ ਖੇਤੀ ਯੂਨੀਵਰਸਿਟੀ ਤੋਂ ਬੀ.ਏ. ਪਾਸ ਹਨ ਤੇ ਫ਼ੈਸਲਾਬਾਦ ਦੇ ਨਿਵਾਸੀ ਹਨ। ਮੈਂ ਡਾਕਟਰ ਕਿਊਮ ਨੂੰ ਮਕਾਨ ਬਾਰੇ ਜਾਣਕਾਰੀ ਦਿੱਤੀ ਤਾਂ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਇਲਾਕੇ ਦਾ ਅੰਦਾਜ਼ਾ ਹੋ ਗਿਆ ਹੈ ਪਰ ਉਹ ਉਜਾਗਰ ਸਿੰਘ ਨਾਲ ਗੱਲ ਕਰਨਾ ਚਾਹੁੰਦੇ ਹਨ। ਫ਼ੋਨ 'ਤੇ ਬੋਲਦੇ ਹੋਏ ਉਨ੍ਹਾਂ ਨੇ ਉਜਾਗਰ ਸਿੰਘ ਨੂੰ ਕਿਹਾ, 'ਮੈਂ ਸਮਝ ਗਿਆ ਸੀ ਕਿ ਘਰ ਕਿਥੇ ਹੈ। ਜਿਥੇ ਤੁਸੀਂ ਇਕ ਬਾਜ਼ਾਰ ਲੱਗਣ ਦੀ ਗੱਲ ਕਰ ਰਹੇ ਹੋ, ਉਥੇ ਹੁਣ ਪੁਲੀਸ ਸਟੇਸ਼ਨ ਹੈ।' ਡਾ. ਕਿਊਮ ਮੈਨੂੰ ਲੈ ਕੇ ਸਿੱਧਾ ਗੋਬਿੰਦਪੁਰਾ ਪਹੁੰਚੇ ਤੇ ਆਪਣੀ ਯਾਦਾਸ਼ਤ ਤੇ ਉਜਾਗਰ ਸਿੰਘ ਦੀਆਂ ਦੱਸੀਆਂ ਹੋਈਆਂ ਨਿਸ਼ਾਨੀਆਂ ਦੀ ਮਦਦ ਨਾਲ ਉਥੇ ਲੈ ਗਏ, ਜਿੱਥੇ ਉਜਾਗਰ ਸਿੰਘ ਦਾ ਘਰ ਸੀ। ਪਰ ਇਥੇ ਵੀ ਉਹੀ ਹਾਲਤ ਸੀ ਜੋ ਵਕੀਲਾਂ ਦੀ ਗਲੀ ਦੀ ਸੀ। ਛੋਟੇ ਛੋਟੇ ਮਕਾਨ ਪਰ ਇਸ ਇਲਾਕੇ ਵਿਚ ਕੁਝ ਮਕਾਨ ਅਜਿਹੇ ਸਨ ਜੋ ਹੁਣ ਵੀ ਆਪਣੀ ਪੁਰਾਣੀ ਸਥਿਤੀ ਵਿਚ ਹੀ ਸਨ। ਗਲੀ ਵਿਚ ਕੁਝ ਪੁਰਾਣੇ ਘਰ ਸਨ ਪਰ ਉਨ੍ਹਾਂ ਬਾਰੇ ਜਾਣਕਾਰੀ ਮੌਜੂਦ ਨਹੀਂ ਸੀ। ਬਟਵਾਰੇ ਤੋਂ ਪਹਿਲਾਂ ਕੌਣ ਇਥੇ ਰਹਿੰਦਾ ਸੀ, ਨਹੀਂ ਪਤਾ ਸੀ। ਇਥੇ ਕੀ ਪਹਿਲਾਂ ਵੱਡਾ ਮਕਾਨ ਸੀ, ਅਜਿਹੇ ਸਵਾਲਾਤ ਦਾ ਜਵਾਬ ਮੈਨੂੰ ਨਹੀਂ ਮਿਲਿਆ। ਆਖ਼ਰਕਾਰ ਮੈਂ ਦੁਬਾਰਾ ਉਜਾਗਰ ਸਿੰਘ ਦੀ ਮਦਦ ਲਈ। ਸਪੀਕਰ ਫ਼ੋਨ 'ਤੇ ਗਲ ਕੀਤੀ ਤਾਂ ਸਥਾਨਕ ਲੋਕ ਚਾਰੇ ਪਾਸੇ ਖੜ੍ਹੇ ਹੋ ਗਏ। ਇਕ ਸਥਾਨਕ ਵਿਅਕਤੀ ਅਹਿਸਾਨ ਰਹਿਮਾਨ ਨੇ ਪੁਛਿਆ, 'ਸਰਦਾਰ ਜੀ ਇਹ ਦੱਸੋ ਕਿ ਨਿਹਾਲ ਸਿੰਘ ਤੇ ਗੋਬਿੰਦ ਸਿੰਘ ਦੀ ਹਵੇਲੀ ਤੋਂ ਤੁਹਾਡਾ ਘਰ ਕਿੰਨੀ ਦੂਰ ਸੀ?'

ਨਿਹਾਲ ਸਿੰਘ ਤੇ ਗੋਬਿੰਦ ਸਿੰਘ ਦੀ ਹਵਾਲੇ 4 ਨੰਬਰ ਗਲੀ ਵਿਚ ਹੈ ਤੇ ਅਹਿਸਾਨ ਨੂੰ ਉਜਾਗਰ ਸਿੰਘ ਨੇ ਦੱਸਿਆ ਕਿ ਉਸ ਵੇਲੇ ਗੋਬਿੰਦਪੁਰਾ ਦੇ ਸ਼ੁਰੂ ਵਿਚ ਹੀ ਦੋ ਵੱਡੇ ਮਕਾਨ ਸਨ। ਅਹਿਸਾਨ ਨੇ ਫ਼ੋਨ ਫੜਿਆ ਤੇ ਤੇਜ਼ ਤੇਜ਼ ਕਦਮਾਂ ਨਾਲ ਇਕ ਘਰ ਦੇ ਸਾਹਮਣੇ ਖੜ੍ਹਾ ਹੋ ਗਿਆ ਤੇ ਕਿਹਾ, 'ਇਹ ਦਸ ਘਰ ਉਸ ਵਕਤ ਇਕ ਮਕਾਨ ਸੀ ਤੇ ਇਥੇ ਸਰਦਾਰ ਜੀ ਦਾ ਘਰ ਹੈ ਤੇ ਹਮਦਾਨੀ ਸਾਹਿਬ ਹੁਣ ਇਹ ਮੇਰਾ ਘਰ ਹੈ।'

ਮਕਾਨ ਨੂੰ ਇਕ ਸਿਲਾਈ ਕਾਰਖ਼ਾਨੇ ਵਜੋਂ ਇਸਤੇਮਾਲ ਕੀਤਾ ਜਾ ਰਿਹਾ ਹੈ। ਇਸ ਵਿਚ ਬਹੁਤ ਘੱਟ ਬਦਲਾਅ ਕੀਤੇ ਗਏ ਹਨ। ਇਸ ਘਰ ਵਿਚ 3 ਕਮਰੇ ਹਨ ਜੋ ਹਾਲੇ ਵੀ ਆਪਣੀ ਪੁਰਾਣੀ ਹਾਲਤ ਵਿਚ ਹਨ ਤੇ ਇਹ ਤਮਾਮ ਕਮਰੇ ਫ਼ੈਸਲਾਬਾਦ ਦੀ ਗਰਮ ਦੁਪਹਿਰ ਨੂੰ ਵੀ ਠੰਢੇ ਰਹਿੰਦੇ ਸਨ। ਵਿਹੜੇ ਨੂੰ ਛੋਟਾ ਕਰਕੇ ਇਕ ਕਮਰਾ ਪਾਇਆ ਗਿਆ ਹੈ। ਪਰ ਇਹ ਗੱਲ ਮੈਨੂੰ ਦੱਸਣ ਦੀ ਜ਼ਰੂਰਤ ਨਹੀਂ ਸੀ ਕਿਉਂਕਿ ਕਮਰੇ ਵਿਚ ਦਾਖ਼ਲ ਹੁੰਦਿਆਂ ਹੀ ਬਾਹਰ ਦਾ ਮੌਸਮ ਚੰਗਾ ਲੱਗਣ ਲੱਗਾ। ਜਿਸ ਥਾਂ ਕਦੇ ਹੈਂਡਪੰਪ ਸੀ, ਉਸੇ ਥਾਂ ਹੁਣ ਨਲਕਾ ਹੈ। ਉਸ ਮਕਾਨ ਦੀਆਂ ਤਕਰੀਬਨ ਸਾਰੀਆਂ ਬਾਰੀਆਂ ਤੇ ਦਰਵਾਜ਼ੇ ਅਸਲ ਹਾਲਤ ਵਿਚ ਹਨ ਤੇ ਹੁਣ ਵੀ ਰੰਗੀਨ ਸ਼ੀਸ਼ੇ ਮੌਜੂਦ ਹਨ। ਅਹਿਸਾਨ ਨੇ ਕਿਹਾ ਕਿ ਇਹ ਮਕਾਨ 80 ਫ਼ੀਸਦੀ ਹਾਲੇ ਵੀ ਪੁਰਾਣਾ ਹੈ ਤੇ ਇਸ ਵਿਚ ਘੱਟ ਤਬਦੀਲੀਆਂ ਕੀਤੀਆਂ ਗਈਆਂ ਹਨ। ਉਹ ਕਹਿੰਦੇ ਹਨ, 'ਇਸ ਮਕਾਨ ਵਿਚ ਅਸੀਂ ਕੀ ਬਦਲਾਅ ਕਰਨਾ ਸੀ। ਜਦੋਂ ਮੇਰੇ ਵੱਡੇ ਲੋਕ ਭਾਰਤ ਤੋਂ ਪਾਕਿਸਤਾਨ ਆਏ ਤਾਂ ਸਾਨੂੰ ਇਕ ਮਜ਼ਬੂਤ ਘਰ ਮਿਲਿਆ। ਹਾਲੇ ਵੀ ਜ਼ਿਆਦਾਤਰ ਭਾਰਤੀ ਇੱਟਾਂ ਹਨ।'

ਉਜਾਗਰ ਸਿੰਘ ਦੇ ਘਰ ਤਾਂ ਲੱਭ ਲਏ ਪਰ ਕੁਝ ਗੱਲਾਂ ਤੇ ਕੁਝ ਯਾਦਾਂ ਅਜਿਹੀਆਂ ਹਨ ਜੋ ਸਿਰਫ਼ ਉਜਾਗਰ ਸਿੰਘ ਹੀ ਦੱਸ ਸਕਦੇ ਹਨ। ਮੈਂ ਉਨ੍ਹਾਂ ਨੂੰ ਬਟਵਾਰੇ ਦੀਆਂ ਯਾਦਾਂ ਬਾਰੇ ਪੁਛਿਆ।

ਸਾਡੇ ਦੋ ਗੋਦਾਮ ਸਨ ਤੇ ਉਸ ਵਿਚ ਬਹੁਤ ਅਨਾਜ ਪਿਆ ਹੋਇਆ ਸੀ। ਸਾਨੂੰ ਫ਼ਿਕਰ ਸੀ ਕਿ ਉਸ ਅਨਾਜ ਦਾ ਕੀ ਕੀਤਾ ਜਾਵੇ। ਉਸ ਜ਼ਮਾਨੇ ਵਿਚ ਅਨਾਜ ਦੀ ਕੀਮਤ 7 ਰੁਪਏ ਮਨ ਹੁੰਦੀ ਸੀ। ਇਕ ਬੋਰੀ ਢਾਈ ਮਨ ਦੀ ਹੁੰਦੀ ਸੀ ਜੋ 18 ਤੋਂ 20 ਰੁਪਏ ਵਿਚ ਵੇਚੀ ਜਾਂਦੀ ਸੀ। ਬਾਜ਼ਾਰ ਵਿਚ ਇਕ ਸ਼ੇਖ਼ ਸਾਹਿਬ ਦੇ ਕੱਪੜਿਆਂ ਦੀ ਦੁਕਾਨ ਹੁੰਦੀ ਸੀ ਜੋ ਮੇਰੇ ਪਿਤਾ ਦੇ ਬਹੁਤ ਚੰਗੇ ਦੋਸਤ ਸਨ। ਬਟਵਾਰੇ ਦੇ ਵਕਤ ਅਸੀਂ ਆਪਣੇ ਦੋਵੇਂ ਗੋਦਾਮਾਂ ਦੀਆਂ ਚਾਬੀਆਂ ਸ਼ੇਖ਼ ਸਾਹਿਬ ਨੂੰ ਦੇ ਦਿੱਤੀਆਂ।

ਸ਼ੇਖ਼ ਸਾਹਿਬ ਨੇ ਬਟਵਾਰੇ ਤੋਂ ਬਾਅਦ ਉਨ੍ਹਾਂ ਦੋਹਾਂ ਗੋਦਾਮਾਂ ਵਿਚ ਪਿਆ ਅਨਾਜ ਵੇਚ ਕੇ ਸਾਨੂੰ ਬੈਂਕ ਡਰਾਫ਼ਟ ਰਾਹੀਂ 20 ਹਜ਼ਾਰ ਰੁਪਏ ਭਿਜਵਾਏ ਸਨ। ਉਸ ਸਮੇਂ ਸਾਡੇ ਕੋਲ ਕੋਈ ਪੈਸਾ ਨਹੀਂ ਸੀ ਤੇ ਦੁਕਾਨਦਾਰੀ ਵਿਚ ਪੈਸਾ ਤਾਂ ਕਾਰੋਬਾਰ ਵਿਚ ਹੀ ਲੱਗਾ ਹੁੰਦਾ ਹੈ ਤੇ ਬੈਂਕ ਵਿਚ ਪੈਸੇ ਕੋਈ ਰੱਖਦਾ ਨਹੀਂ ਸੀ। ਇਸ ਲਈ ਸਾਨੂੰ ਕਾਫ਼ੀ ਵਿੱਤੀ ਮੁਸ਼ਕਲਾਂ ਸਨ ਤੇ ਸ਼ੇਖ਼ ਸਾਬਿ ਵਲੋਂ ਅਨਾਜ ਵੇਚ ਕੇ ਭੇਜੀ ਗਈ ਰਕਮ ਨੇ ਬਹੁਤ ਮਦਦ ਕੀਤੀ।

14 ਅਗਸਤ ਤੋਂ ਕੁਝ ਦਿਨ ਪਹਿਲਾਂ ਲਾਇਲਪੁਰ ਵਿਚ ਸਿੱਖ ਭਾਈਚਾਰੇ ਨੇ ਫ਼ੈਸਲਾ ਕੀਤਾ ਕਿ ਭਾਰਤ ਜਾਣਾ ਹੈ ਤਾਂ ਇਸ ਤੋਂ ਪਹਿਲਾਂ ਸਾਰੇ ਕਚਹਿਰੀ ਬਾਜ਼ਾਰ ਦੇ ਨੇੜੇ ਗੁਰਦੁਆਰੇ ਜਮ੍ਹਾ ਹੋਣਾ ਸ਼ੁਰੂ ਹੋ ਗਏ। ਕੁਝ ਦਿਨ ਗੁਰਦੁਆਰੇ ਵਿਚ ਗੁਜ਼ਾਰੇ ਤੇ ਉਸ ਤੋਂ ਬਾਅਦ ਖ਼ਾਲਸਾ ਕਾਲਜ ਦੇ ਬਾਹਰ ਬਹੁਤ ਵੱਡਾ ਕੈਂਪ ਲਾਇਆ ਗਿਆ ਸੀ। ਅਸੀਂ ਉਥੇ ਚਲੇ ਗਏ। ਇਹ ਕੈਂਪ ਮੇਰੇ ਖ਼ਿਆਲ ਵਿਚ 27 ਜਾਂ 28 ਅਗਸਤ ਤਕ ਲਈ ਬਣਾਇਆ ਗਿਆ ਸੀ। ਉਸ ਕੈਂਪ ਵਿਚ ਅਸੀਂ ਤਕਰੀਬਨ ਇਕ ਮਹੀਨਾ ਰਹੇ। ਇਸੇ ਕੈਂਪ ਵਿਚ ਸਰਗੋਧਾ ਤੇ ਚਿਨਵੇਟ ਤੋਂ ਆਉਣ ਵਾਲੇ ਕਾਫ਼ਲੇ ਰਹੇ। ਕੈਂਪ ਵਿਚ ਰਹਿਣ ਕਾਰਨ ਉਥੇ ਕੋਈ ਡਰ ਨਹੀਂ ਸੀ। ਪਰ ਚਿਨਵੇਟ ਤੇ ਸਰਗੋਧਾ ਤੋਂ ਆਉਣ ਵਾਲੇ ਕਾਫ਼ਲੇ ਦੇ ਕੈਂਪਾਂ 'ਤੇ ਹਮਲੇ ਹੋਏ ਸਨ। ਜਦੋਂ ਉਹ ਲੋਕ ਹਮਲੇ ਬਾਰੇ ਦੱਸਦੇ ਸਨ ਤਾਂ ਉਸ ਨਾਲ ਦਹਿਸ਼ਤ ਫੈਲ ਗਈ ਸੀ। ਪਰ ਲਾਇਲਪੁਰ ਵਿਚ ਅਜਿਹੀ ਕੋਈ ਘਟਨਾ ਨਹੀਂ ਵਾਪਰੀ।

ਕੈਂਪ ਵਿਚ ਗੁਰਦੁਆਰਾ ਕਮੇਟੀ ਜਾਂ ਇਸ ਕਿਸਮ ਦੀਆਂ ਸੁਸਾਇਟੀਆਂ ਮਿਲ ਕੇ ਖਾਣੇ ਦਾ ਪ੍ਰਬੰਧ ਕਰਦੀਆਂ ਸਨ। ਕੈਂਪ ਵਿਚ ਕੀ ਜ਼ਿੰਦਗੀ ਹੋਣੀ ਚਾਹੀਦੀ ਸੀ। ਖਾਣੇ ਦੇ ਫ਼ਿਕਰ ਨਾਲੋਂ ਜ਼ਿਆਦਾ ਸਿਰਫ਼ ਇੰਤਜ਼ਾਰ ਸੀ ਕਿ ਕਦੋਂ ਕੋਈ ਟਰਾਂਸਪੋਰਟ ਆਏ ਤੇ ਅਸੀਂ ਕੈਂਪ ਤੋਂ ਨਿਕਲੀਏ ਤੇ ਭਾਰਤ ਪਹੁੰਚੀਏ।

ਬਟਵਾਰੇ ਤੋਂ ਕੁਝ ਵਰ੍ਹੇ ਪਹਿਲਾਂ ਮੇਰੇ ਦਾਦਾ ਹਵਾਈ ਜਹਾਜ਼ ਰਾਹੀਂ ਭਾਰਤ ਚਲੇ ਗਏ। ਥੋੜ੍ਹੇ ਬਹੁਤ ਜ਼ੇਵਰ ਸਨ, ਉਹ ਆਪਣੇ ਨਾਲ ਲੈ ਗਏ। ਪਿਛੇ ਮੇਰੇ ਪਿਤਾ, ਮਾਤਾ, ਮੇਰਾ ਵੱਡਾ ਭਰਾ, ਉਸ ਦੀ ਪਤਨੀ ਤੇ ਇਕ ਬੱਚਾ, ਮੈਂ ਖ਼ੁਦ ਤੇ ਮੇਰੀਆਂ 3 ਭੈਣਾਂ ਗਈਆਂ। ਕੈਂਪ ਵਿਚ ਸਭ ਤੋਂ ਪਹਿਲਾਂ ਮੇਰੇ ਪਿਤਾ ਤੇ ਮੇਰੇ ਵੱਡੇ ਭਰਾ ਆਪਣੀ ਪਤਨੀ ਤੇ ਬੱਚੇ ਨਾਲ ਭਾਰਤ ਲਈ ਰਵਾਨਾ ਹੋਏ। ਪਿਛੇ ਮੈਂ ਤੇ ਮੇਰੀਆਂ 3 ਭੈਣਾਂ ਰਹਿ ਗਈਆਂ। ਭਾਰਤ ਜਾਣ ਲਈ ਪਹਿਲਾਂ ਲਾਇਲਪੁਰ ਦੇ ਕੈਂਪ ਵਿਚੋਂ ਸਾਨੂੰ ਲਾਹੌਰ ਦੇ ਕੈਂਪ ਵਿਚ ਲਿਆਂਦਾ ਜਾਂਦਾ ਸੀ ਜਿਥੇ ਦੋ ਜਾਂ ਤਿੰਨ ਦਿਨ ਰਹਿੰਦੇ ਸੀ। ਅੰਮ੍ਰਿਤਸਰ ਤੋਂ ਬੱਸਾਂ ਆਇਆ ਕਰਦੀਆਂ ਸਨ ਤੇ ਉਨ੍ਹਾਂ ਵਿਚ ਬੈਠ ਕੇ ਭਾਰਤ ਜਾਂਦੇ ਸੀ।

ਲਾਇਲਪੁਰ ਦੀ ਕੋਈ ਗੱਲ ਕਰਦਾ ਹੈ ਤਾਂ ਦੋ ਕਿਲੋ ਖ਼ੂਨ ਵੱਧ ਜਾਂਦਾ ਹੈ। ਮੈਂ 1982 ਵਿਚ ਪਾਕਿਸਤਾਨ ਨਨਕਾਣਾ ਸਾਹਿਬ ਯਾਤਰਾ ਲਈ ਅਤੇ ਆਪਣੇ ਸ਼ਹਿਰ ਲਾਇਲਪੁਰ ਜਾਣਾ ਚਾਹੁੰਦਾ ਸੀ ਪਰ ਮੈਨੂੰ ਵੀਜ਼ਾ ਨਾ ਮਿਲਿਆ। ਬਟਵਾਰੇ ਦੇ 35 ਸਾਲ ਤੇ ਹੁਣ 70 ਸਾਲ ਬਾਅਦ ਵੀ ਮੈਨੂੰ ਵੀਜ਼ਾ ਨਹੀਂ ਮਿਲਿਆ। ਉਮੀਦ ਕੀਤੀ ਜਾ ਸਕਦੀ ਹੈ ਕਿ ਇਨ੍ਹਾਂ ਦੋਹਾਂ ਸਰਕਾਰਾਂ ਨੂੰ ਸਮਝ ਆ ਜਾਵੇ।

## ਬੋਧੀ ਰਾਸ਼ਟਰਵਾਦ ਕਿਵੇਂ ਬਣਿਆ ਮਿਆਂਮਾਰ ਵਿਚ ਰੋਹਿੰਗੀਆ ਮੁਸਲਮਾਨਾਂ ਦੇ ਕਾਤਲੇਆਮ ਦਾ ਕਾਰਨ ?

ਦੇ ਮੁਸਲਮਾਨ ਸੰਨ 1824 ਤੋਂ ਬਰਮਾ ਵਿੱਚ ਵਸਦੇ ਸਨ। ਪਰ ਘੱਟ ਗਿਣਤੀ ਹੋਣ ਕਾਰਨ ਉਹਨਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਗਿਆ ਹੈ। ਇਸ ਤਹਿਤ ਉਹਨਾਂ ਨੂੰ ਇਸ ਤਰ੍ਹਾਂ ਦਬਕਾਇਆ ਜਾਂਦਾ ਹੈ ਕਿ ਤੁਹਾਡੀ ਚੁੱਪ ਰਹਿਣ 'ਚ ਭਲਾਈ ਹੈ।

ਹਾਲਾਂਕਿ ਜੇਕਰ ਇਸ ਮਾਪਦੰਡ ਨੂੰ ਇਤਿਹਾਸਿਕ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਜਾਵੇ ਤਾਂ ਇਹ ਸਾਫ ਹੋ ਜਾਂਦਾ ਹੈ ਕਿ ਬਰਮੀ ਰਾਸ਼ਟਰਵਾਦ ਨੇ ਹੀ ਇਸ ਤਰ੍ਹਾਂ ਦਾ ਮਾਹੌਲ ਪੈਦਾ ਕੀਤਾ ਹੈ ਕਿਉਂਕਿ 18ਵੀਂ ਸਦੀ ਦੇ ਅਖੀਰ ਵਿੱਚ ਬਰਮੀ ਸਾਮਰਾਜ (ਕੁਨਬੌਂਗ ਵੰਸ) ਦੇ ਸਮੇਂ ਮੁਸਲਮਾਨ, ਹਿੰਦੂ, ਈਸਾਈ ਅਤੇ ਚੀਨੀ ਨਸਲ ਦੇ ਲੋਕ, ਭਾਰਤੀ ਉਪ ਮਹਾਂਦੀਪ ਤੋਂ ਵੱਖ-ਵੱਖ ਨਸਲਾਂ ਦੇ ਲੋਕਾਂ, ਅਫ਼ਗਾਨ, ਫਾਰਸੀ, ਅਰਮੀਨੀਅਨ, ਪੁਰਤਗਾਲੀ ਨਸਲ ਦੇ ਬਾਰਵਡਾ ਲੋਕ ਬੋਧੀਆਂ ਨਾਲ ਮਿਲ ਕੇ ਰਹਿੰਦੇ ਸਨ। ਇਹਨਾਂ ਸਾਰਿਆਂ ਦੀ ਰੱਖਿਆ ਬਰਮੀ ਸ਼ਾਹੀ ਰਾਜ ਦਰਬਾਰ ਵੱਲੋਂ ਕੀਤੀ ਜਾਂਦੀ ਸੀ। ਉਸ ਸਮੇਂ ਰਾਸ਼ਟਰਵਾਦ ਦੇ ਸੰਕਲਪ ਤੋਂ ਪਹਿਲਾਂ ਸ਼ਾਹੀ ਰਾਜ ਵੱਲੋਂ ਇਸ ਤਰ੍ਹਾਂ ਕਿਸੇ ਕੌਮ ਖ਼ਿਲਾਫ਼ ਤਲਖੀ ਵਾਲਾ ਮਾਹੌਲ ਨਹੀਂ ਸੀ ਪੈਦਾ ਕੀਤਾ ਜਾਂਦਾ ਅਤੇ ਨਾ ਹੀ ਉਸ ਸਮੇਂ ਉੱਥੇ ਕੋਈ ਰਾਸ਼ਟਰਵਾਦ ਜਾਂ ਫ਼ਾਸ਼ੀਵਾਦ ਵਰਗਾ ਸਿਧਾਂਤ ਸੀ।

ਫਿਰ ਜਦੋਂ ਬਰਤਾਨਵੀ ਸਾਮਰਾਜ ਨੂੰ ਬਰਮਾ ਵਿੱਚੋਂ ਬਾਹਰ ਕੱਢਣ ਸਮੇਂ ਰਾਸ਼ਟਰਵਾਦ ਦਾ ਸੰਕਲਪ ਹੋਂਦ ਵਿੱਚ ਆਉਣ ਲੱਗਾ ਤਾਂ ਸੰਨ 1930 ਅਤੇ ਸੰਨ 1938 ਵਿੱਚ ਬਰਮਾ 'ਚ ਆ ਕੇ ਵਸੇ ਭਾਰਤੀ ਲੋਕਾਂ ਨੂੰ ਉੱਥੋਂ ਬਾਹਰ ਕੱਢਣ ਲਈ ਹਿੰਸਾ ਹੋਈ। ਉਸ ਸਮੇਂ ਵੱਡੀ ਗਿਣਤੀ 'ਚ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਨੂੰ ਉੱਥੋਂ ਕੱਢ ਦਿੱਤਾ ਗਿਆ ਅਤੇ ਬਰਤਾਨਵੀ ਬਰਮਾ ਦੀ ਸਰਕਾਰ ਨੇ ਭਾਰਤੀ ਉੱਪ-ਮਹਾਂਦੀਪ ਦੇ ਲੋਕਾਂ ਦੇ ਬਰਮਾ ਜਾਣ 'ਤੇ ਰੋਕ ਲਗਾ ਦਿੱਤੀ ਸੀ। ਉਸ ਸਮੇਂ ਬਰਮੀ ਰਾਸ਼ਟਰਵਾਦ ਦਾ ਨਿਸ਼ਾਨਾ ਬਸਤੀਵਾਦੀ ਸਾਮਰਾਜ ਦੀ ਜੜ੍ਹ ਪੁੱਟ ਕੇ ਅਤੇ ਹੋਰ ਨਸਲਾਂ ਦੇ ਲੋਕਾਂ ਨੂੰ ਉੱਥੋਂ ਬਾਹਰ ਕੱਢ ਕੇ ਇੱਕ ਬਰਮੀ ਕੌਮ ਸਿਰਜਣਾ ਸੀ, ਜਿਹੜਾ ਕਿ ਅੱਜ ਰੋਹਿੰਗੀਆ ਭਾਈਚਾਰੇ ਦੇ ਮੁਸਲਮਾਨਾਂ ਦੇ ਉਜਾੜੇ ਅਤੇ ਕਤਲੇਆਮ ਦਾ ਰੂਪ ਧਾਰਨ ਕਰ ਚੁੱਕਾ ਹੈ।

ਫਿਰ ਸੰਨ 1948 'ਚ ਬਰਤਾਨਵੀ ਰਾਜ ਦੇ ਖ਼ਾਤਮੇਂ ਤੋਂ ਬਾਅਦ ਫ਼ੌਜੀ ਰਾਜ 'ਚ ਥੇਰਵਾੜਾ ਬੋਧੀ ਅਤੇ ਮੁਸਲਮਾਨ ਆਪਸੀ ਟਕਰਾਵਾਂ ਤੋਂ ਬਿਨਾ ਮਿਲ ਵਰਤ ਕੇ ਰਹਿਣ ਲੱਗੇ, ਕਿਉਂਕਿ ਬਾਮਰ ਅਤੇ ਗੈਰ-ਬਾਮਰ ਨਸਲ ਦੇ ਮੁਸਲਮਾਨਾਂ ਨੇ ਆਪਣੀ ਜੀਵਨ ਜਾਂਚ ਨੂੰ ਬੋਧੀਆਂ ਦੇ ਵਾਂਗ ਢਾਲ ਲਿਆ। ਉਹਨਾਂ ਨੇ ਆਪਣਾ ਪਹਿਰਾਵਾ ਅਤੇ ਬੋਲੀ ਛੱਡ ਕੇ ਬਰਮੀ ਲੋਕਾਂ ਦੀ ਬੋਲੀ ਅਤੇ ਪਹਿਰਾਵਾ ਅਪਣਾਅ ਲਿਆ। ਪਰ ਰੋਹਿੰਗੀਆ ਮੁਸਲਮਾਨ ਮਿਆਂਮਾਰ 'ਚ ਫੌਜੀ ਰਾਜ ਸਮੇਂ ਵੀ ਆਪਣੇ ਖਿੱਤੇ ਅਤੇ ਪਛਾਣ ਲਈ ਸੰਘਰਸ਼ਸ਼ੀਲ ਰਹੇ। ਸੰਨ 1990 ਤੋਂ ਸਾਊਦੀ ਅਰਬ ਵੱਲੋਂ ਦੁਨੀਆਂ ਸਾਹਮਣੇ ਪ੍ਰਭਾਵਸ਼ਾਲੀ ਤਰੀਕੇ ਨਾਲ ਆਉਣ ਤੋਂ ਬਾਅਦ ਹੋਰ ਦੁਨੀਆਂ ਵਾਂਗ "ਬਰਮਾ" 'ਚ ਵੀ ਵਹਾਬਿਜ਼ਮ ਦਾ ਪ੍ਰਭਾਵ ਗਿਆ। ਸਿੱਟੇ ਵਜੋਂ ਨੌਜਵਾਨ ਬਰਮੀ ਮੁਸਲਮਾਨਾਂ ਨੇ ਪਹਿਰਾਵੇ ਅਤੇ ਹੋਰ ਮੀਡੀਏ ਦੇ ਸਾਧਨਾਂ ਰਾਹੀਂ ਆਪਣੇ ਭਾਈਚਾਰੇ ਅੰਦਰ ਇਸਲਾਮਵਾਦ 'ਤੇ ਜ਼ੋਰ ਦਿੱਤਾ ਅਤੇ ਬਰਮੀ ਪਹਿਰਾਵੇ ਤਿਆਗ ਦਿੱਤੇ। ਜਿਸ ਤੋਂ ਬਾਅਦ ਬੋਧੀਆਂ ਨੂੰ ਇੱਕ ਬਰਮੀ ਕੌਮ ਸਿਰਜਣ ਵਿੱਚ ਇਹ ਮੁਸਲਮਾਨ ਰੁਕਾਵਟ ਲੱਗਣ ਲੱਗ ਪਏ।

ਇਸ ਲਈ ਮਿਆਂਮਾਰ ਦੇ ਮਸਲੇ ਨੂੰ ਇੱਕ ਧਾਰਮਿਕ ਲੜਾਈ ਵੱਜੋਂ ਵੇਖਣ ਨਾਲੋਂ ਨਾਲੋਂ ਰਾਸ਼ਟਰਵਾਦੀ ਵਿਚਾਰਧਾਰਾ' ਅਧੀਨ ਹੋ ਰਿਹਾ ਕਤਲੇਆਮ ਮੰਨਿਆ ਜਾਣਾ ਚਾਹੀਦਾ ਹੈ ਕਿਉਂਕਿ ਅੰਗਰੇਜ਼ਾਂ ਤੋਂ ਪਹਿਲਾਂ ਵੀ ਬਰਮਾ 'ਚ ਸਾਰੇ ਧਰਮਾਂ ਦੇ ਲੋਕ ਇੱਕਠੇ ਰਹਿੰਦੇ ਸਨ ਅਤੇ ਬਾਮਰ ਨਸਲ ਦੇ ਮੁਸਲਮਾਨ ਅੱਜ ਵੀ ਉੱਥੇ ਰਹਿ ਰਹੇ ਹਨ ਜਿਨ੍ਹਾਂ ਦਾ ਪਹਿਰਾਵਾ ਬਰਮੀ ਲੋਕਾਂ ਵਰਗਾ ਹੈ ਅਤੇ ਬਰਮੀ ਬੋਲੀ ਬੋਲਦੇ ਹਨ। ਰੋਹਿੰਗੀਆ ਮੁਸਲਮਾਨਾਂ ਦਾ ਇਸਲਾਮਕ ਪਹਿਰਾਵਾ ਅਤੇ ਵੱਖਰੀ ਬੋਲੀ ਮਿਆਂਮਾਰ 'ਚ ਰਾਸ਼ਟਰਵਾਦ ਦੀ ਵਿਚਾਰਧਾਰਾ ਅਧੀਨ ਇਕ ਬਰਮੀ ਕੌਮ' ਦੀ ਸਿਰਜਣਾ 'ਚ ਰੁਕਾਵਟ ਬਣਦੇ ਹਨ। ਇਹੀ ਕਾਰਨ ਹੈ ਕਿ ਉਹਨਾਂ ਨੂੰ ਉੱਥੋਂ ਉਜਾੜਿਆ ਜਾ ਰਿਹਾ ਹੈ ਅਤੇ ਉਨ੍ਹਾਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ।

ਜੇਕਰ ਮਿਆਂਮਾਰ 'ਚ ਮੌਜੂਦਾ ਹਾਲਤਾਂ ਨੂੰ ਅਸੀਂ ਭਾਰਤ ਨਾਲ ਮਿਲਾ ਕੇ ਦੇਖਣਾ ਹੋਵੇ ਤਾਂ ਸਿੱਖ ਕੌਮ ਦੀ ਭਾਰਤ 'ਚ ਉਹੀ ਹਾਲਤ ਹੈ ਜਿਹੜੀ ਮਿਆਂਮਾਰ 'ਚ ਰੋਹਿੰਗੀਆ ਮੁਸਲਮਾਨਾਂ ਦੀ ਹੈ। ਮਿਆਂਮਾਰ 'ਚ ਬੋਧੀ ਰਾਸ਼ਟਰਵਾਦ (ਬਰਮੀ ਰਾਸ਼ਟਰਵਾਦ) ਹੈ ਅਤੇ ਭਾਰਤ 'ਚ ਭਾਰਤੀ ਰਾਸ਼ਟਰਵਾਦ (ਹਿੰਦੂ ਰਾਸ਼ਟਰਵਾਦ) ਹੈ। ਜਿਸ ਤਰ੍ਹਾਂ ਰੋਹਿੰਗੀਆ ਮੁਸਲਮਾਨਾਂ ਦੀ ਵੱਖਰੀ ਪਛਾਣ, ਵੱਖਰੀ ਬੋਲੀ ਅਤੇ ਵੱਖਰਾ ਰਹਿਣ ਸਹਿਣ ਬੋਧੀ ਰਾਸ਼ਟਰਵਾਦੀਆਂ ਦੇ ਕੌਮ-ਉਸਾਰੀ ਦੇ ਅਮਲ' ਲਈ ਖ਼ਤਰਾ ਹੈ ਉਸੇ ਤਰ੍ਹਾਂ ਸਿੱਖਾਂ ਦੀ ਨਿਆਰੀ ਹਸਤੀ, ਪੰਜਾਬੀ ਬੋਲੀ ਅਤੇ ਵੱਖਰੀ ਜੀਵਨ ਜਾਂਚ ਭਾਰਤੀ ਰਾਸ਼ਟਰਵਾਦੀਆਂ ਦੇ ਇੱਕ ਭਾਰਤੀ ਕੌਮ' ਸਿਰਜਣ ਦੇ ਅਮਲ ਦੇ ਰਾਹ ਵਿਚ ਅੜਿੱਕਾ ਹੈ। ਇਹੀ ਕਾਰਨ ਹੈ ਸਾਡੇ ਪਾਣੀ ਲੁੱਟੇ ਜਾ ਰਹੇ ਹਨ, ਸਾਨੂੰ ਆਰਥਿਕ ਤੌਰ 'ਤੇ ਕਮਜ਼ੋਰ ਕੀਤਾ ਜਾ ਰਿਹਾ ਹੈ, ਸਾਡੀ ਬੋਲੀ ਅਤੇ ਸਭਿਆਚਾਰ ਨੂੰ ਭਾਰਤੀ ਸਭਿਆਚਾਰ 'ਚ ਜਜ਼ਬ ਕਰ ਲੈਣ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। ਸਾਨੂੰ ਸੁਪਰੀਮ ਕੋਰਟ ਦੇ ਹੁਕਮਾਂ ਨਾਲ ਜਾਂ ਸਿਆਸਤਦਾਨਾਂ ਦੇ ਬਿਆਨਾਂ ਨਾਲ ਡਰਾ ਕੇ ਦਹਿਸ਼ਤ ਵਾਲਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ ਕਿ ਅਸੀਂ ਪੰਜਾਬ ਦੇ ਪਾਣੀ, ਪੰਜਾਬੀ ਬੋਲੀ ਅਤੇ ਆਪਣੀ ਨਿਆਰੀ ਪਛਾਣ ਦੀ ਗੱਲ ਛੱਡ ਕੇ ਭਾਰਤੀ ਕੌਮ ਵਿਚ ਜਜ਼ਬ ਹੋ ਜਾਈਏ। ਜਿਸ ਤਰ੍ਹਾਂ ਮਿਆਂਮਾਰ 'ਚ ਰੋਹਿੰਗੀਆ ਮੁਸਲਮਾਨਾਂ ਨੂੰ ਬੰਗਲਾਦੇਸ਼ੀ ਕਹਿ ਕੇ ਮਿਆਂਮਾਰ 'ਚੋਂ ਉਜਾੜ ਦਿੱਤਾ ਗਿਆ ਹੈ, ਉਸੇ ਤਰ੍ਹਾਂ ਜਦੋਂ ਸਿੱਖ ਆਪਣੇ ਹੱਕ ਦੀ ਗੱਲ ਕਰਦੇ ਹਨ ਤਾਂ ਸਿੱਖਾਂ ਨੂੰ ਕਿਹਾ ਜਾਂਦਾ ਕਿ ਤੁਸੀਂ ਪਾਕਿਸਤਾਨ ਚਲੇ ਜਾਓ ਭਾਵੇਂ ਕਿ ਪੰਜਾਬ ਸਿੱਖ ਕੌਮ ਦੀ ਜਨਮ ਭੂਮੀ ਅਤੇ ਖਾਲਸੇ ਦੀ ਕਰਮ ਭੂਮੀ ਹੈ ਅਤੇ ਇਸ ਨਾਲ ਉਨ੍ਹਾਂ ਦੀ ਅਟੁੱਟ ਸਾਂਝ ਹੈ। ਇਸ ਲਈ ਰੋਹਿੰਗੀਆ ਮੁਸਲਮਾਨਾਂ ਦੇ ਮਸਲੇ ਵਿੱਚੋਂ ਸਿੱਖਾਂ ਲਈ ਬਹੁਤ ਕੁਝ ਸਿੱਖਣ ਲਈ ਹੈ। ਇਸ ਨੂੰ ਧਰਮ ਦੀ ਲੜਾਈ ਆਖ ਕੇ ਅਣਗੌਲਿਆ ਨਾ ਕੀਤਾ ਜਾਵੇ, ਸਗੋਂ ਇਸ ਤੋਂ ਸਬਕ ਸਿੱਖ ਕੇ ਭਵਿੱਖ 'ਚ ਆਉਣ ਵਾਲੇ ਖ਼ਤਰਿਆਂ ਲਈ ਤਿਆਰ ਹੋਇਆ ਜਾਵੇ। ਜਿਹੜਾ ਸਮਾਂ ਅੱਜ ਰੋਹਿੰਗੀਆ ਮੁਸਲਮਾਨਾਂ 'ਤੇ ਹੈ ਉਹ ਸਿੱਖਾਂ ਨੇ ਪਹਿਲਾਂ ਵੀ ਭਾਰਤ 'ਚ ਹੰਢਾਇਆ ਹੈ ਅਤੇ ਦੁਬਾਰਾ ਫਿਰ ਕਿਸੇ ਵੀ ਸਮੇਂ ਉਹੀ ਹਾਲਾਤ ਬਣ ਸਕਦੇ ਹਨ।

' ਕਿਸੇ ਖਿੱਤੇ ਨੂੰ ਇਕ ਨਸਲੀ ਬਣਾਉਣ ਲਈ ਕਿਸੇ ਦੂਜੀ ਨਸਲ ਦੇ ਲੋਕਾਂ ਨੂੰ ਉੱਥੋਂ ਜ਼ਬਰੀ ਬਾਹਰ ਕੱਢਣ ਜਾਂ ਮਾਰ ਦੇਣ ਦੇ ਅਮਲ ਨੂੰ ਨਸਲੀ ਸਫ਼ਾਈ ਦਾ ਨਾਂ ਦਿੱਤਾ ਜਾਂਦਾ ਹੈ। ਭਾਵੇਂ ਕਿ ਕੌਮਾਂਤਰੀ ਕਾਨੂੰਨ ਤਹਿਤ ਨਸਲੀ ਸਫ਼ਾਈ ਦੇ ਜੁਰਮ ਬਾਰੇ ਕੋਈ ਸਿੱਧੀ ਸੰਧੀ ਜਾਂ ਕਾਨੂੰਨ ਤਾਂ ਨਹੀਂ ਹੈ ਪਰ ਇਸ ਅਮਲ ਨੂੰ ਵੱਖ-ਵੱਖ ਸੰਧੀਆਂ ਜਾਂ ਕਾਨੂੰਨਾਂ, ਜਿਵੇਂ ਕਿ ਕੌਮਾਂਤਰੀ ਫੌਜਦਾਰੀ ਅਦਾਲਤ ਬਾਰੇ ਕਾਨੂੰਨ, ਵਿਚ "ਮਨੁੱਖਤਾ ਖਿਲਾਫ ਜੁਰਮ" ਵੱਜੋਂ ਸ਼ਾਮਲ ਕੀਤਾ ਗਿਆ ਹੈ।

(ਸਿੱਖ ਸਿਆਸਤ ਵਿਚੋਂ ਧੰਨਵਾਦ ਸਹਿਤ)

## ਇੰਡੋ ਅਮਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਵਲੋਂ ਸ਼ੋਕ ਦਾ ਪ੍ਰਗਟਾਵਾ

ਉਹ ਕਿਸਾਨਾਂ, ਮਜ਼ਦੂਰਾਂ ਤੇ ਗਰੀਬਾਂ ਦੇ ਆਗੂ ਵਜੋਂ ਆਪਣਾ ਜੀਵਨ ਲਾਉਣ ਵਾਲੇ ਸੰਘਰਸ਼ ਮਈ ਜੀਵਨ ਜੀਉਂਦੇ ਰਹੇ ਹਨ। ਇਸਦੇ ਨਾਲ ਹੀ ਬੀਬੀ ਕੁਲਦੀਪ ਕੌਰ ਗਰੇਵਾਲ, ਜੋ ਪ੍ਰਸਿੱਧ ਗ਼ਦਰੀ ਦੇਸ਼ ਭਗਤ ਕਰਤਾਰ ਸਿੰਘ ਦੁੱਕੀ ਦੀ ਪੁੱਤਰੀ ਸਨ, ਆਪਣੀ 79 ਸਾਲ ਦੀ ਉਮਰ ਭੋਗ ਕੇ 9 ਸਤੰਬਰ 2017 ਨੂੰ ਲਾਸ ਏਂਜਲਸ ਵਿਖੇ ਸੁਰਗਵਾਸ ਹੋ ਗਏ ਹਨ। ਜੱਥੇਬੰਦੀ ਇਸ ਦੇਸ਼ ਭਗਤ ਪਰਿਵਾਰ ਨੂੰ ਪਏ ਘਾਟੇ ਤੇ ਦੁੱਖ ਵਿਚ ਭਾਈਵਾਲ ਹੈ ਅਤੇ ਜਗਦੀਸ਼ ਸਿੰਘ ਖੰਗੂੜਾ ਨਾਲ ਜੋ ਕਰਤਾਰ ਸਿੰਘ ਦੁੱਕੀ ਦੇ ਪੋਤੇ ਹਨ ਨਾਲ ਵੀ ਦੁੱਖ ਸਾਂਝਾ ਕਰਦੀ ਹੈ। ਇਸੇ ਤਰ੍ਹਾਂ ਕੈਨੇਡਾ ਵਿਚ ਗ਼ਦਰੀ ਬਾਬਿਆਂ ਦੇ ਮੇਲੇ ਕਰਵਾਉਣ ਵਿਚ ਮੋਹਰੀ ਰੋਲ ਅਦਾ ਕਰਨ ਵਾਲੇ ਸਾਹਿਬ ਸਿੰਘ ਥਿੰਦ ਦੀ ਪਤਨੀ ਦੀ ਬੇਮੌਕਾ ਮੌਤ ਤੇ ਵੀ ਜੱਥੇਬੰਦੀ ਅਫਸੋਸ ਦਾ ਸੁਨੇਹਾ ਭੇਜਦੀ ਹੈ। ਇਨ੍ਹਾਂ ਸ਼ਖ਼ਸੀਅਤਾਂ ਦੇ ਤੁਰ ਜਾਣ ਨਾਲ ਪਏ ਨਾ ਪੂਰੇ ਹੋਣ ਵਾਲੇ ਘਾਟੇ ਨੂੰ ਮਹਿਸੂਸ ਕਰਦੀ ਹੈ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


PANNU'S
LEGAL SERVICES
G.S. Pannu
ivisapass@gmail.com • FAX 510.279.7624
510.677.5200
IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT
STUDENT VISA (EDUCATE YOUR CHILDREN IN USA)
DIVORCE
★ CHILD SUPPORT ★ CHILD VISITATION ★ CHILD CUSTODY ★ MODIFICATION
PANNU'S
PASSPORT & VISA SERVICES
indiavisa123@gmail.com • FAX 510.279.7624
VISA IN ONE DAY
M.K. Pannu
(Owner)
Indian Passport
India Visa in 1 Day
OCI
US Passport
Power of Attorney & Other Services
510.677.8440
40757, Grimmer Blvd.
FREMONT
CA-94538
3810 Eau Claire Ave, Ceres,
MODESTO/CERES
CA-95307
220 Bush St/Montgomery St, #445
SAN FRANCISCO
(OPPOSITE INDIA VISA CENTER)


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
CST NO : 2031914-40
Serving the Bay Area Since 1996
We have moved to
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


THATH
ਵੱਖਰੇ
BIKKAR
BADSHAH
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com